੨੭ ਵਾਂ ਸਾਲ

# ਵਰਿਆਮ

ਜੂਨ, ੨੦੦੨



ਗੁਰੂ ਅਰਜਣੁ ਸਚੁ ਸਿਰਜਣ ਹਾਰਾ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਪਿਛਲੇ ਹਰਬਲਭ ਸੰਗੀਤ ਮੇਲੇ ਜਲੰਧਰ ਦੇ ਸੰਬੰਧ ਵਿਚ ਇਕ ਲੱਖ ਰੁਪਏ ਦੀ ਰਾਸ਼ੀ ਦਾ ਚੈਕ ਸਹਾਇਤਾ ਵਜੋਂ ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ ਹਥੀਂ ਭੇਜਿਆ ਗਿਆ। ਹਰਬਲਭ ਦੀ ਐਗਜ਼ੈਕਟਿਵ ਕਮੇਟੀ ਨੇ ਇੱਕ ਵਿਸ਼ੇਸ਼ ਸਮਾਗਮ ਵਿੱਚ ਇਹ ਚੈਕ ਪ੍ਰਾਪਤ ਕੀਤਾ। ਤਸਵੀਰ ਵਿੱਚ ਦਿੱਸ ਰਹੇ ਹਨ- ਸ਼੍ਰੀ ਅਰੁਨ ਮਿਸ਼ਰਾ, ਸ਼੍ਰੀ ਨਸੀਬ ਚੰਦ ਜੀ, ਸ. ਸ. ਸ. ਅਜੀਮਲ ਡਾਇਰੈਕਟਰ, ਸ੍ਰੀ ਰਾਕੇਸ਼ ਦਾਦਾ ਖਜ਼ਾਨਚੀ, ਸ਼੍ਰੀ ਵਿਜੇ ਚੋਪੜਾ ਸੰਪਾਦਕ ਹਿੰਦ ਸਮਾਚਾਰ ਪੱਤਰ ਸਮੂਹ ਪ੍ਰਧਾਨ ਹਰਬਲਭ ਮਹਾ ਸਭਾ, ਸ. ਜਗਦੀਸ਼ ਸਿੰਘ ਵਰਿਆਮ, ਸ੍ਰੀ ਸੁਦਰਸ਼ਨ ਜਿਓਤੀ ਅਤੇ ਸ਼੍ਰੀ ਏ. ਐਸ ਦੱਤਾ।




ਪੰਜਾਬੀ ਸਾਹਿਤ ਨੂੰ ਸਮਰਪਿਤ ਸੰਸਥਾ 'ਸਿਰਜਣਾ ਕੇਂਦਰ ਕਪੂਰਥਲਾ ਵਲੋਂ ੨੮ ਅਪਰੈਲ ੨੦੦੨ ਨੂੰ ਅਪਣੇ ਸਾਲਾਨਾ ਸਮਾਗਮ ਵਿੱਚ ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਅਤੇ ਡਾ. ਨਿਰਮਲ ਸਿੰਘ ਪੰਜਾਬੀ ਸੱਥ ਲਾਂਬੜਾ ਨੂੰ ਪੰਜਾਬੀ ਭਾਸ਼ਾ ਵਿਕਾਸ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮੇਂ ਦੀ ਤਸਵੀਰ ਵਿਚ ਸਿਰਜਨਾ ਕੇਂਦਰ ਦੇ ਜਨਰਲ ਸਕੱਤਰ ਕੰਵਰ ਇਮਤਿਆਜ਼, ਕੰਵਰ ਇਕਬਾਲ, ਡਾ ਹੁਕਮਚੰਦ ਰਾਜਪਾਲ, ਡਾ. ਮਦਨ ਲਾਲ ਹਸੀਜਾ'- ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਸ੍ਰੀ, ਸ. ਵ. ਕਪਿਲ ਸਟੇਸ਼ਨ ਡਾਇਰੈਕਰ ਆਕਾਸ਼ਬਾਣੀ ਜਲੰਧਰ, ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ, ਸੁੱਚਾ ਸਿੰਘ ਦਾਗ, ਡਾ. ਨਿਰਮਲ ਸਿੰਘ ਪੰਜਾਬੀ ਸੱਥ ਲਾਂਬੜਾ ਵਾਲੇ ਅਤੇ ਡਾ. ਗੁਰਬਖਸ਼ ਸਿੰਘ ਭੰਡਾਲ ਪ੍ਰਧਾਨ ਸਿਰਜਣਾ [illegible]।

# ਵਰਿਆਮ


ਜੂਨ-੨੦੦੨

ਜਿਲਦ-੨੭

ਅੰਕ-੮



ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'



| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ-੧੪੪੦੦੧ | Opp. Central Town. |
| | Jalandhar-144001 |
| ਫੋਨ ਦਫਤਰ ੨੨੨੫੪੩ | Ph. : 222543 (O) |
| ਘਰ ੪੫੬੨੮੯ | 456289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ |
| ਹਵਾਈ ਡਾਕ ਰਾਹੀਂ | |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਅੰਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ



## ਸ੍ਰੀ ਪ੍ਰੀਤਮ ਸਿੰਘ ਕਵੀ ਨਮਿਤ ਸ਼ਰਧਾਂਜਲੀ ਸਮਾਗਮ ੨ ਜੂਨ ਨੂੰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾਈ ਮਿੱਤਰ ਅਤੇ ਪਰਮ ਨਿਸ਼ਠਾਵਾਨ ਸਿੱਖ, ਸਾਹਿਤ ਰਤਨ ਸ੍ਰੀ ਪ੍ਰੀਤਮ ਸਿੰਘ ਕਵੀ ਆਪਣੀ ੯੨ ਸਾਲ ਦੀ ਸੰਸਾਰ ਯਾਤਰਾ ਮਿਤੀ ੨੫ ਮਈ ੨੦੦੨ ਸਨਿਚਰਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਚ ਸਫਲਤਾ ਸਹਿਤ ਸਮਾਪਤ ਕਰ ਗਏ ਹਨ।

ਕਵੀ ਜੀ ਦੀ ਜੀਵ ਆਤਮਾ ਨਮਿਤ ਭੋਗ ਕੀਰਤਨ ਅਤੇ ਸ਼ਰਧਾਂਜਲੀ ਸਮਾਗਮ ੨ ਜੂਨ ੨੦੦੨ ਐਤਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਵੇਗਾ। ਕੋਈ ਤਿੰਨ ਘੰਟੇ ਦੇ ਪ੍ਰਸਤਾਵਿਤ ਸਮਾਗਮ ਦੀ ਸਮਾਪਤੀ ੩ ਵਜੇ ਬਾਦ ਦੁਪਹਿਰ ਹੋਵੇਗੀ।



# ਕਵੀ ਜੀ ਚਲੇ ਗਏ

ਸਾਡੇ ਵਾਸਤੇ ਤਾਂ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੇ ਜਾਨ ਨਾਲ ਇਕ ਜੁੱਗ ਦੀ ਸਮਾਪਤੀ ਹੋ ਗਈ ਹੈ। ਹਥਲੇ ਵਰਿਆਮ ਅੰਕ ਦਾ ਛਪਾਈ ਤੋਂ ਪੂਰਬ ਕੰਮ ਨਬੇੜ ਕੇ ਅਗੋਂ ਜਦੋਂ ਡਾਕ ਵਾਲੀ ਲਿਸਟ ਦੀ ਸੁਧਾਈ ਦਾ ਕੰਮ ਬਾਕੀ ਸੀ ਤਾਂ ਸ੍ਰੀ ਭੈਣੀ ਸਾਹਿਬ ਤੋਂ ਇਕ ਫੋਨ ਆਇਆ, "ਕਵੀ ਜੀ ਚਲੇ ਗਏ।" ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਬੋਲ ਰਹੇ ਸਨ · ਸਨਿਚਰਵਾਰ ੨੫ ਮਈ ੨੦੦੨ ਸ਼ਾਮ ਹੁਣੇ ਹੀ ੧੦ ਕੁ ਮਿੰਟ ਪਹਿਲਾਂ ...... ਮੈਂ "ਕਵੀ ਜੀ ਚਲੇ ਗਏ" ਵਿਚ ਅਰਥਾਂ ਦੀ ਗੁੰਜਾਇਸ਼ ਢੂੰਡਣੀ ਚਾਹੀ ਕਿ ਸ਼ਾਇਦ ਉਹ ਦਿੱਲੀ ਗਏ ਹੋਣ ਪਰ ਗੁੰਜਾਇਸ਼ ਦੀ ਕੋਈ ਸੰਭਾਵਨਾ ਨਹੀਂ ਸੀ। ਭਾਣਾ ਵਰਤ ਚੁੱਕਾ ਸੀ।

ਮੇਰੇ ਸਾਹਮਣੇ ਕਵੀ ਜੀ ਦੀ ਪੁਸਤਕ "ਬੀਤੇ ਦੀਆਂ ਪੈੜਾਂ" ਪਈ ਸੀ। ਮੈਂ ਇਸ ਦੇ ਟਾਈਟਲ ਵੱਲ ਵੇਖਿਆ। ਮਨ ਪਿਛਲ ਪੈੜਾਂ ਤੇ ਚਲਦਾ ਚਲਦਾ ਪੁਸਤਕ ਰੂਪ ਤੋਂ ਪਹਿਲਾਂ ਚਲਾ ਗਿਆ, ਜਦੋਂ ਕਵੀ ਜੀ ਤੋਂ ਆਪ ਮੰਗ ਕੇ ਉਹਨਾਂ ਦੀ ਡਾਇਰੀਨੁਮਾ ਕਿਰਤ ਦਾ ਇਕ ਲੇਖ ਛਾਪਿਆ ਸੀ "ਇਕ ਦਿਨ ਸਤਿਗੁਰਾਂ ਦਾ " ਅਤੇ ਫੇਰ ਵਰਿਆਮ ਵਿਚ ਇਹ ਮਜ਼ਮੂਨ ਕਿਸ਼ਤਵਾਰ ਇਹ ਛਪਣਾ ਸ਼ੁਰੂ ਹੋਇਆ। ਪਹਿਲੀ ਕਿਸ਼ਤ ਜਦੋਂ ਛਪੀ ਤਾਂ ਉਹਦੇ ਆਰੰਭ ਵਿਚ ਸੰਪਾਦਕ ਵਜੋਂ ਜੋ ਨੋਟ ਲਿਖਿਆ ਉਸ ਦੀ ਇਕ ਸਤਰ ਚੋਂ ਸਿਰਲੇਖ ਕੱਢਿਆ "ਬੀਤੇ ਦੀਆਂ ਪੈੜਾਂ"। ਇਹ ਹੀ ਵਰਿਆਮ ਦੀ ਲੇਖ ਲੜੀ ਦਾ ਸਿਰਲੇਖ ਬਣਿਆ ਅਤੇ ਪੁਸਤਕ ਰੂਪ ਵਿਚ ਵੀ ਇਹ ਨਾਮ ਰਿਹਾ। ਪੁਸਤਕ ਦੇ ਟਾਈਟਲ ਨੂੰ ਡਿਜ਼ਾਈਨ ਕਰਨ ਦੀ ਸੇਵਾ ਪ੍ਰਸਿੱਧ ਕਲਾਕਾਰ ਸੁਖਵੰਤ ਸਿੰਘ ਆਰਟਿਸਟ ਨੇ ਲਈ। ਸੁਖਵੰਤ ਦੀ ਬਣੀ ਕਲਾਕ੍ਰਿਤੀ ਹੀ ਪੁਸਤਕ ਤੇ ਛਪਦੀ ਹੈ ਜੋ ਮੇਰੇ ਸਾਹਮਣੇ ਪਈ ਸੀ ਤੇ ਹੁਣ ਵੀ ਹੈ। ਇਸ ਦੇ ਸਕੈਚ ਵਿਚ ਸਮੇਂ ਦਾ ਰੱਥ ਚਲਦਾ ਦਿਖਾਇਆ ਹੈ ਜੋ ਆਪਣੀਆਂ ਪੈੜਾਂ ਪਿੱਛੇ ਛੱਡਦਾ ਜਾ ਰਿਹਾ ਹੈ। ਇਸ ਸਕੈਚ ਦੇ ਬੜੇ ਅਰਥ ਨਿਕਲ ਸਕਦੇ ਹਨ ਪਰ ਤਸਵੀਰ ਹੋਣ ਕਰਕੇ ਰੱਥ ਅਤੇ ਪੈੜਾਂ ਦੀਆਂ ਲਕੀਰਾਂ ਇਕੋ ਥਾਂ, ਉਥੇ ਦੀਆਂ ਉਥੇ ਖੜੀਆਂ ਸਨ। ਇਹ ਗੱਲ ਅੱਜ ਪਹਿਲੀ ਵਾਰ ਮਹਿਸੂਸ ਹੋਈ ਕਿ ਰੱਥ ਹੁਣ ਸਮੇਂ ਦੀ ਸੀਮਾ ਪਾਰ ਕਰ ਗਿਆ ਹੈ। ਪ੍ਰੀਤਮ ਸਿੰਘ ਕਵੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਅਤੇ ਇਤਿਹਾਸ ਦੀਆਂ ਪੈੜਾਂ ਦੀ ਨਿਸ਼ਾਨਦੇਹੀ ਕੀਤੀ ਹੈ ਪਰ ਨਾਲ ਹੀ ਉਹਨਾਂ ਆਪਣੀਆਂ ਪੈੜਾਂ ਵੀ ਛੱਡੀਆਂ ਹਨ। ਕਈ ਪੱਖਾਂ ਤੋਂ ਵੇਖਿਆ ਜਾਵੇ ਤਾਂ ਉਹ ਆਪ ਮਨੁੱਖੀ ਆਚਾਰ ਵਿਹਾਰ ਦੀ ਬਹੁਤ ਉੱਚੀ ਸ਼ਖਸੀਅਤ ਸਨ। ਉਹਨਾਂ ਦੇ ਅਨੇਕਾਂ ਗੁਣਾਂ ਚੋਂ ਕੇਵਲ ਇਕ ਗੁਣ, ਅਗਲੇ ਦੀ ਚੰਗੀ ਗੱਲ ਦੀ ਮਨ ਨਾਲ ਤੇ ਬੋਲਾਂ ਤੋਂ ਪਰਸੰਸਾ ਕਰਨੀ, ਇਸ ਨੇ ਹੀ ਕਈਆਂ ਨੂੰ ਜੀਵਨ ਦੇ ਮਾਰਗ ਤੇ ਸ਼ਾਨ ਨਾਲ ਚੱਲਣ ਦੀ ਸ਼ਕਤੀ ਦਿੱਤੀ। ਉਹ ਇਕ ਦਾਅਵੇ ਨਾਲ ਜੀਵੇ ਕਿ "ਮੈਂ ਸੌ ਸਾਲ ਜੀਵਾਂਗਾ"। ਕਵੀ ਜੀ ਦੇ ਸਰੀਰ ਨੇ ਬੀਮਾਰੀ ਕਾਰਨ

ਆਤਮਾ ਦਾ ਸਾਥ ਉਹਨਾਂ ਦੇ ਦਾਅਵੇ ਤੋਂ ਅੱਠ ਸਾਲ ਪਹਿਲਾਂ ਹੀ ਛੱਡ ਦਿੱਤਾ ਪਰ ਉਹ ਆਪਣੇ ਦਾਅਵੇ ਤੋਂ ਕਿਤੇ ਉੱਚਾ ਉਠ ਗਏ ਹਨ। ਇਕ ਵਾਰ ਸੁਰਜੀਤ ਖੁਰਸ਼ੀਦੀ ਨੇ ਕਿਹਾ ਸੀ ਕਿ ਕਵੀ ਜੀ ਦਾ ਦਾਅਵਾ ਸੌ ਸਾਲ ਜੀਣ ਦਾ ਹੈ ਮੇਰਾ ਦਾਅਵਾ ਇਸ ਤੋਂ ਵੱਡਾ ਹੈ "ਮੈਂ ਸਾਰੀ ਉਮਰ ਹੀ ਜੀਵਾਂਗਾ।" ਪਰ ਕਵੀ ਜੀ ਆਪਣੀ ਕਿਰਤ ਨਾਲ ਉਮਰਾਂ ਦੇ ਬੰਧਨ ਤੋਂ ਉੱਪਰ ਹੋ ਗਏ ਹਨ। ਉਹ ਕੇਵਲ ਸੌ ਸਾਲ ਹੀ ਨਹੀਂ, ਸਾਰੀ ਉਮਰ ਹੀ ਨਹੀਂ ਸਦੀਵੀ ਤੌਰ ਤੇ ਜਿਉਂਦੇ ਰਹਿਣਗੇ। ਉਹ ਆਪ ਹੀ ਅਮਰ ਨਹੀਂ ਹੋਏ ਉਹਨਾਂ ਦੀਆਂ ਲਿਖਤਾਂ ਵਿਚ ਜਿਹੜੇ ਸੈਂਕੜੇ ਬੰਦਿਆਂ ਦਾ ਜ਼ਿਕਰ ਹੈ ਉਹ ਵੀ ਜਿਉਂਦੇ ਰਹਿਣਗੇ। ਉਹ ਆਪਣੇ ਦਾਅਵੇ ਤੋਂ ਕਿਤੇ ਵੱਡੀ ਗੱਲ ਪੁਗਾ ਗਏ ਹਨ।

ਇਸ ਸੱਚ ਦੇ ਨਾਲ ਹੀ ਵਰਿਆਮ ਦੇ ਇਸ ਅੰਕ ਦੀ ਪ੍ਰਕਾਸ਼ਨਾ ਹੁਣ ਸੌਖੀ ਹੋ ਗਈ। ਇਹ ਕੰਮ ਇਕ ਪਾਸੇ ਰੱਖ ਦਿੱਤਾ ਰਾਤ ਪੈ ਚੁੱਕੀ ਸੀ। ਅਖ਼ਬਾਰਾਂ ਵਾਲੇ ਮਿੱਤਰਾਂ ਨੂੰ ਜਲੰਧਰ ਚੰਡੀਗੜ੍ਹ ਟੈਲੀਫੋਨ ਤੇ ਹੀ ਬੇਨਤੀ ਪ੍ਰਵਾਨ ਕਰਨ ਨੂੰ ਕਿਹਾ ਕਿ ਕਵੀ ਜੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ ਸਵੇਰੇ (ਐਤਵਾਰ ੨੬ ਮਈ ੨੦੦੨) ੧੦ ਵਜੇ ਸ੍ਰੀ ਭੈਣੀ ਸਾਹਿਬ ਹੀ ਸਸਕਾਰ ਹੋਵੇਗਾ। ਅਖ਼ਬਾਰ ਵਾਲੇ ਮਿੱਤਰਾਂ ਨੇ ਦੇਰ ਰਾਤ ਨੂੰ ਵੀ ਤਸਵੀਰਾਂ ਲਾ ਕੇ ਹੈਡਿੰਗ ਜਮਾ ਕੇ ਸ਼ਰਧਾਂਜਲੀ ਹੀ ਦਿੱਤੀ।

ਸਵੇਰ ਤੱਕ ਦੂਰ ਦਰਾਜ਼ ਇਲਾਕਿਆਂ, ਦਿੱਲੀ ਜੀਵਨ-ਨਗਰ ਆਦਿ ਤੋਂ ਰਿਸ਼ਤੇਦਾਰ ਅਤੇ ਸਨੇਹੀ ਪੁੱਜ ਗਏ ਸਨ। ਕਵੀ ਜੀ ਕਿਹਾ ਕਰਦੇ ਸਨ ਕਿ ਮੈਂ ਕਹਿ ਦਿੱਤਾ ਹੈ ਕਿ ਮੇਰੇ ਮਗਰੋਂ ਕੋਈ ਰਸਮ ਨਾ ਹੋਵੇ ਮੈਂ ਕਮਿਊਨਿਸਟ ਹਾਂ ਪਰ ਮੈਨੂੰ ਪਤਾ ਹੈ ਕਿ ਮੇਰੇ ਭਾਈਚਾਰੇ ਨੇ ਸਭ ਕੁਝ ਕਰਨਾ ਹੈ। ਸੋ ਕਵੀ ਜੀ ਦਾ ਬਬਾਨ ਪੂਰੀ ਨਾਮਧਾਰੀ ਸਿੱਖਾਂ ਦੀ ਮਰਿਆਦਾ ਨਾਲ ਤਿਆਰ ਹੋਇਆ। ਇਸ਼ਨਾਨ ਵੀ ਹੋਇਆ। ਅੰਮ੍ਰਿਤ ਵੀ ਛਕਾਇਆ ਅਤੇ ਅਰਦਾਸਾ ਵੀ ਹੋਇਆ। ਅਰਥੀ ਨੂੰ ਮੋਢਾ ਦੇਣ ਵਾਲਿਆਂ ਨੂੰ ਨੰਗੇ ਪੈਰ ਜਾਣ ਦੀ ਹਦਾਇਤ ਵੀ ਹੋਈ। ਅਗੇ ਨਾਮਧਾਰੀਆਂ ਦਾ ਸ਼ਬਦੀ ਜਥਾ ਢੋਲਕੀ ਛੈਣਿਆਂ ਨਾਲ ਉਚੀਆਂ ਸੁਰਾਂ ਵਿੱਚ ਕੀਰਤਨ ਕਰਦਾ ਜਾ ਰਿਹਾ ਸੀ। ਸ੍ਰੀ ਭੈਣੀ ਸਾਹਿਬ ਦੇ ਨਵੀਨ ਸ਼ਮਸ਼ਾਨ ਘਾਟ (ਜਿਹਨੂੰ ਵੇਖ ਕੇ ਕਈਆਂ ਦਾ ਇਥੇ ਹੀ ਮਰਨ ਨੂੰ ਜੀ ਕਰਦਾ ਹੈ) ਵਿਖੇ ਉਹਨਾਂ ਦਾ ਸਸਕਾਰ ਹੋਇਆ। ਮਾਸਟਰ ਦਰਸ਼ਨ ਸਿੰਘ ਹੋਰਾਂ ਅਰਦਾਸਾ ਅਤੇ ਕੀਰਤਨ ਸੋਹਿਲੇ ਦਾ ਪਾਠ ਕੀਤਾ। ਪਹਿਲਾਂ ਜਥੇਦਾਰ ਗੁਰਦੀਪ ਸਿੰਘ ਤੇ ਜਥੇਦਾਰ ਦਰਸ਼ਨ ਸਿੰਘ ਹੋਰਾਂ ਦੀਵਾਨ ਲਾਇਆ। ਅਰਦਾਸ ਵਿਚ ਸ਼ਾਮਲ ਹੋਣ ਲਈ ਆਪ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪੁੱਜੇ। ਸ. ਹਰਵਿੰਦਰ ਸਿੰਘ ਹੰਸਪਾਲ ਦਿੱਲੀ ਤੋਂ ਸ. ਜਗਜੀਤ ਸਿੰਘ ਅਨੰਦ, ਸੰਪਾਦਕ ਨਵਾਂ ਜ਼ਮਾਨਾ ਜਲੰਧਰੋਂ, ਪ੍ਰੋ. ਕਿਰਪਾਲ ਸਿੰਘ ਕਸੇਲ ਪਟਿਆਲਿਓਂ, ਸੁਰਿੰਦਰ ਰਾਮਪੁਰੀ ਪ੍ਰਧਾਨ ਤੇ ਹਰਚਰਨ ਸਿੰਘ ਮਾਂਗਟ ਸਰਪ੍ਰਸਤ ਪੰਜਾਬੀ ਲਿਖਾਰੀ ਸਭਾ ਰਾਮਪੁਰ, ਸ. ਕਰਤਾਰ ਸਿੰਘ ਕਾਲੜਾ ਅਤੇ ਹੋਰ ਵਿਦਵਾਨ ਲਿਖਾਰੀ ਅਖ਼ਬਾਰਾਂ ਪੜ੍ਹ ਕੇ ਥੋੜ੍ਹੇ ਸਮੇਂ ਦੇ ਨੋਟਿਸ ਤੇ ਆਏ।

ਨਾਮਧਾਰੀ ਪੰਥ ਦੇ ਸ਼੍ਰੋਮਣੀ ਜਥੇਦਾਰ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਵੀ ਆਏ। ਸੰਤ ਦਲੀਪ ਸਿੰਘ ਸਕੱਤਰ ਨਾਮਧਾਰੀ ਦਰਬਾਰ, ਸੂਬਾ ਹਰਭਜਨ ਸਿੰਘ ਲੁਧਿਆਣਾ, ਸ. ਅਜੀਤ ਸਿੰਘ ਤੇ ਅਜੀਤ ਸਿੰਘ ਲਾਇਲ ਲੁਧਿਆਣਾ, ਸੂਬਾ ਸੁਖਦੇਵ ਸਿੰਘ, ਸੂਬਾ ਅਰਵਿੰਦਰ ਸਿੰਘ ਦਿੱਲੀ, ਸੰਤ ਮਹਿੰਦਰ ਸਿੰਘ ਬਾਲੀ ਨਗਰ, ਸ੍ਰੀ ਭੈਣੀ ਸਾਹਿਬ ਤੋਂ ਹਜ਼ੂਰੀ ਸੇਵਕ, ਹਰਪਾਲ ਸਿੰਘ, ਰਛਪਾਲ ਸਿੰਘ, ਸ਼ੇਰ ਸਿੰਘ, ਹਰਜਿੰਦਰ ਸਿੰਘ, ਸੰਤ ਲਾਲ ਸਿੰਘ ਅਕੈਡਮੀ ਵਾਲੇ ਸ੍ਰੀ ਜੀਵਨ ਨਗਰ ਵਲੋਂ ਸੰਤ ਬਲੀ ਸਿੰਘ ਵਹਿਮੀ ਪਰਿਵਾਰ, ਜਥੇਦਾਰ ਸੁਖਦਰਸ਼ਨ ਸਿੰਘ ਅਮਰਾਸਰ, ਗੁਰਦੀਪ ਸਿੰਘ ਕਾਨੂੰਗੋ, ਸਮੁੱਤ ਸ੍ਰੀ ਭੈਣੀ ਸਾਹਿਬ ਦੀ ਸਮੁੱਚੀ ਸੰਗਤ ਮਾਈ ਭਾਈ ਹਾਜ਼ਰ ਸੀ। (ਅਸੀਂ ਸਾਰਿਆਂ ਦੇ ਨਾਮ ਨਹੀਂ ਲਿਖ ਸਕਦੇ ਇਸ ਲਈ ਖਿਮਾ ਦੇ ਜਾਚਕ ਹਾਂ।)

ਪ੍ਰੀਤਮ ਸਿੰਘ ਕਵੀ ਜੀ ਨੇ ਲਿਖਤ ਅਤੇ ਬੋਲਣ ਦੇ ਖੇਤਰ ਵਿਚ ਬੜੇ ਮਾਅਰਕੇ ਮਾਰੇ ਹਨ। ਉਹ ਪੱਕੇ ਕਮਿਊਨਿਸਟ ਵੀ ਰਹੇ ਤੇ ਪੱਕੇ ਨਾਮਧਾਰੀ ਵੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਹ ਬਚਪਨ ਦੇ ਬੇਲੀ ਵੀ ਰਹੇ ਅਤੇ ਸਹਿਪਾਠੀ ਵੀ। ਉਹ ਸਤਿਗੁਰੂ ਜੀ ਦੇ ਅਪਾਰ ਸਨੇਹ ਅਤੇ ਮਿੱਤਰਤਾ ਦੇ ਵੀ ਪਾਤਰ ਰਹੇ। ਅੱਜ ਤੱਕ ਸਭ ਤੋਂ ਵੱਧ ਜੇ ਸਮਕਾਲੀ ਨਾਮਧਾਰੀ ਇਤਿਹਾਸ ਨੂੰ ਸਾਂਭਿਆ ਹੈ ਤਾਂ ਉਹ ਕਵੀ ਜੀ ਸਨ। ਇਸੇ ਕਰਕੇ ਉਹਨਾਂ ਨੂੰ 'ਸਾਹਿਤ ਰਤਨ' ਦਾ ਪੁਰਸਕਾਰ ਵੀ ਸਤਿਗੁਰੂ ਜੀ ਵਲੋਂ ਪ੍ਰਦਾਨ ਕੀਤਾ ਗਿਆ। ਕਈ ਦੇਸ਼ਾਂ ਦੀਆਂ ਸੈਰਾਂ ਅਤੇ ਅਪਾਰ ਬਖਸ਼ਸ਼ਾਂ ਦੇ ਭੰਡਾਰ ਸਤਿਗੁਰੂ ਜੀ ਨੇ ਉਹਨਾਂ ਵਾਸਤੇ ਸਦਾ ਖੁੱਲ੍ਹੇ ਰੱਖੇ।

ਕਵੀ ਜੀ ਵਰਿਆਮ ਨੂੰ ਸਥਾਪਤ ਕਰਨ ਅਤੇ ਚਲਾਉਣ ਵਿਚ ਸਹਿਯੋਗੀ ਵੀ ਰਹੇ ਅਤੇ ਮਦਦਗਾਰ ਵੀ। ਅੱਜ ਅਸੀਂ ਸਮੇਂ ਅਤੇ ਸਫਿਆਂ ਦੀ ਮਜਬੂਰੀ ਕਰਕੇ ਛਪਦਿਆਂ ਛਪਦਿਆਂ ਏਨਾ ਕੁ ਸੂਚਨਾ ਮਾਤਰ ਹੀ ਦੇ ਸਕੇ ਹਾਂ।

ਉਹਨਾਂ ਦੇ ਜੀਵਨ ਦੇ ਵਿਵਿਧ ਪਹਿਲੂਆਂ ਤੇ ਗਲ ਕਰਨ ਲਈ ਵੱਡਾ ਗਰੰਥ ਚਾਹੀਦਾ ਹੈ।

ਕਵੀ ਜੀ ਚਲੇ ਗਏ ਹਨ। ਸਾਡੀ ਪਰਿਵਾਰ ਪੰਥ ਅਤੇ ਵਿਸ਼ਾਲ ਮਿਤਰ ਮੰਡਲ ਨਾਲ ਹਮਦਰਦੀ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਕਵੀ ਜੀ ਗਏ ਨਹੀਂ ਇਥੇ ਹੀ ਹਨ। ਆਪਣੀਆਂ ਰਚਨਾਵਾਂ ਵਿਚ ਵਿਆਪਕ।

*—ਜਗਦੀਸ਼ ਸਿੰਘ*

## ਵਿਦਵਾਨਾਂ ਦੀ ਨਜ਼ਰਾਂ ਵਿਚ

ਪ੍ਰੀਤਮ ਸਿੰਘ ਕਵੀ ਦਾ ਸਮੁੱਚਾ ਜੀਵਨ ਹੀ ਨਾਮਧਾਰੀ ਲਹਿਰ ਨਾਲ ਸੰਘਣੀ ਤਰ੍ਹਾਂ ਜੁੜਿਆ ਰਿਹਾ ਹੈ ਤੇ ਇਸ ਪੱਖੋਂ ਉਹ ਇਕ ਤਰ੍ਹਾਂ ਨਾਲ ਇਸ ਲਹਿਰ ਦੇ ਚਾਰ-ਪੰਜ ਦਹਾਕਿਆਂ ਦਾ ਜੀਊਂਦਾ ਜਾਗਦਾ ਇਤਿਹਾਸ ਹੈ। ਉਹਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਜਿਵੇਂ ਵੇਖਿਆ ਤਿਵੇਂ ਚਿਤਰਿਆ ਹੈ। *—ਪਿਆਰਾ ਸਿੰਘ ਸਹਿਰਾਈ*

-0-

"ਬੀਤੇ ਦੀਆਂ ਪੈੜਾਂ" ਖੰਡ-੮ ਤੱਕ ਪਹੁੰਚਦਿਆਂ ਪ੍ਰੀਤਮ ਸਿੰਘ ਕਵੀ ਨੇ ਲਗਾਤਾਰ ਪੰਜਾਬੀ ਵਾਰਤਕ ਵਿਚ ਇਕ ਵੱਖਰੀ ਵਿਧਾ ਨੂੰ ਸਥਾਪਤ ਕੀਤਾ ਹੈ। ਇਸ ਬਾਰੇ ਪ੍ਰੋ. ਪ੍ਰੀਤਮ ਸਿੰਘ ਤੇ ਹੋਰ ਵਿਦਵਾਨ ਵਿਸ਼ੇਸ਼ ਚਰਚਾ ਵੀ ਕਰ ਚੁਕਿ ਹਨ। ਸ਼ਬਦ ਪੈੜਾਂ ਇਸ ਵਿਧਾ ਦੇ ਚਿਹਨ ਦੇ ਤੌਰ ਤੇ ਸਥਾਪਤ ਹੋ ਗਿਆ ਹੈ। ਇਸ ਵਿਧਾ ਦੀ ਵਿਲੱਖਣਤਾ ਨੂੰ ਇਸ ਪੁਸਤਕ ਦੇ ਪ੍ਰਸੰਗ ਵਿਚ ਵੀ ਸਮਝਣਾ ਬਣਦਾ ਹੈ।

*—ਡਾ. ਸੁਤਿੰਦਰ ਸਿੰਘ ਨੂਰ*

-0-

ਅਸਲ ਵਿਚ "ਬੀਤੇ ਦੀਆਂ ਪੈੜਾਂ"...ਜਨਮ ਸਾਖੀ, ਜੀਵਨੀ ਤੇ ਇਤਿਹਾਸ ਤੋਂ ਇਕ ਵੱਖਰੀ ਤਰ੍ਹਾਂ ਦੀ ਵਿਧਾ ਬਣ ਗਈ ਹੈ..(ਇਹ) ਮਲਫੂਜ਼ (ਰਚਨਾਵਲੀ) ਦਾ ਕੰਮ ਵੀ ਸਾਰਦੀ ਹੈ ਤੇ "ਨਾਮੇ" ਦਾ ਵੀ। ਬਲਕਿ ਇਹ ਕਹਿਣਾ ਅਸਲੀਅਤ ਦੇ ਵਧੇਰੇ ਨੇੜੇ ਹੋਵੇਗਾ ਕਿ ਲੇਖਕ ਇਸ ਪੁਸਤਕ ਰਾਹੀਂ, ਪੰਜਾਬੀ ਵਿਚ ਇਕ ਅਸਲੋਂ ਨਵਾਂ ਗੱਦ-ਰੂਪ ਵਿਕਸਿਤ ਕਰਨ ਵਿਚ ਸਫ਼ਲ ਹੋਇਆ ਹੈ, ਜਿਸ ਲਈ ਉਹ ਵਧਾਈ ਦਾ ਹੱਕਦਾਰ ਹੈ। *—ਪ੍ਰੋ. ਪ੍ਰੀਤਮ ਸਿੰਘ, ਪਟਿਆਲਾ*

-0-

"ਬੀਤੇ ਦੀਆਂ ਪੈੜਾਂ" ਦੇ ਕਰਤਾ ਨੇ ਵਰਤਮਾਨ ਕਾਲ ਵਿਚ ਇਸ ਅਦੁੱਤੀ ਅਧਿਆਤਮਿਕ ਤੇ ਸਮਾਜਿਕ ਪ੍ਰਕਿਰਿਆ ਦੇ ਵਿਅਕਤੀਗਤ ਤੇ ਸੰਗਤੀ ਸਰੂਪ ਦੇ ਵਿਵਿਧ ਪੱਖਾਂ ਨੂੰ ਬੜੇ ਕਲਾਤਮਿਕ ਢੰਗ ਨਾਲ ਨਿਰੂਪਤ ਕੀਤਾ ਹੈ। ....ਵਾਸਤਵ ਵਿਚ ਇਹ ਸਮੁੱਚਿ ਨਾਮਧਾਰੀ ਇਤਿਹਾਸ ਦੇ ਬਹੁਤ ਸਾਰੇ ਪੱਖਾਂ ਉੱਤੇ ਪ੍ਰਕਾਸ਼ ਪਾਉਣ ਵਾਲੀ ਰਚਨਾ ਹੈ। *—ਪ੍ਰੋ. ਕ੍ਰਿਪਾਲ ਸਿੰਘ ਕਸੇਲ*

-0-

...ਸਾਰੇ ਵੇਰਵੇ ਇਕ ਸੂਤ ਪ੍ਰੋਏ ਧਾਗੇ ਵਿਚ ਵੱਖੋ ਵੱਖ ਮਣਕੇ ਵੀ ਹਨ ਤੇ ਇਕ ਮਾਲਾ ਵੀ। ਜ਼ਾਹਿਰ ਹੈ, ਇਹ ਰਚਨਾ ਮਿਸ਼ਰਤ ਸ਼ੈਲੀ ਦਾ ਉੱਤਮ ਨਮੂਨਾ ਹੈ। ਇਸ ਵਿਚ ਜੀਵਨ ਦਾ ਅਪਾਰ ਸੁਹਜ ਹੈ।

*—ਡਾ. ਮਹਿੰਦਰ ਕੌਰ ਗਿੱਲ*

-0-

ਕਵੀ ਜੀ ਭਵਿੱਖੀ ਨਾਮਧਾਰੀ ਇਤਿਹਾਸਕਾਰੀ ਲਈ ਮੂਲ ਸਮੱਗਰੀ ਬੜੇ ਸੁਚੱਜੇ ਢੰਗ ਨਾਲ ਅਤੇ ਵਿਧੀ ਬੱਧ ਰੂਪ ਵਿਚ ਪੇਸ਼ ਕਰ ਰਹੇ ਹਨ...ਇਹਨਾ ਪੰਨਿਆਂ ਉੱਤੇ ਮਨੁੱਖੀ ਜੀਵਨ ਸੰਬੰਧੀ ਸਤਿਗੁਰੂ ਜੀ ਦੇ ਗਹਿਰ-ਗੰਭੀਰ ਉਪਦੇਸ਼ ਵੀ ਅੰਕਿਤ ਹਨ। .... ਇਹਨਾਂ ਪੰਨਿਆਂ ਉੱਤੇ ਅਸਾਧਾਰਨ ਅਰਥਾਂ ਵਾਲੇ ਉਹਨਾਂ ਦੇ ਸਾਧਾਰਣ ਕਾਰਜਾਂ ਦਾ ਵੇਰਵਾ ਵੀ ਹੈ। *—ਗੁਰਬਚਨ ਸਿੰਘ ਭੁੱਲਰ*

-0-

"ਬੀਤੇ ਦੀਆਂ ਪੈੜਾਂ" ਦੇ ਪਾਠ ਵਿਚੋਂ ਗੁਜ਼ਰਨਾ ਪੰਜਾਬੀ ਪਾਠਕ ਲਈ ਇਕ ਸੱਜਰਾ ਤੇ ਸੁਖਾਵਾਂ ਅਨੁਭਵ ਹੈ। ਕਾਰਨ ਇਹ ਕਿ ਅਸੀਂ ਨਿੱਤ ਪ੍ਰਕਾਸ਼ਤ ਹੁੰਦੇ ਨਾਵਲ ਦੇ ਕਹਾਣੀਆਂ ਪੜ੍ਹ ਪੜ੍ਹ ਕੇ ਇਕ ਪ੍ਰਕਾਰ ਦਾ ਅਕੇਵਾਂ ਮਹਿਸੂਸ ਕਰਨ ਲੱਗ ਪਏ ਹਾਂ....ਇਸ ਪੁਸਤਕ ਵਿਚ ਪ੍ਰੀਤਮ ਸਿੰਘ ਕਵੀ ਨੇ ਆਪਣੇ ਜੀਵਨ ਦੇ ਉਹਨਾਂ ਵਡਮੁੱਲਿ ਪਲਾਂ ਦਾ ਕ੍ਰਮਵਾਰ ਵਰਣਨ ਕੀਤਾ ਹੈ ਜਿਹੜੇ ਉਹਨਾਂ ਨੇ ਨਾਮਧਾਰੀ ਗੁਰੂ ਮਹਾਰਾਜ ਜਗਜੀਤ ਸਿੰਘ ਜੀ ਦੇ ਸੰਗ ਸਾਥ ਵਿਚ ਗੁਜ਼ਾਰੇ ਹਨ...ਇਸ ਲਿਖਤ ਵਿਚ ਕਲਪਨਾ ਦਾ ਕੋਈ ਅੰਸ਼ ਸ਼ਾਮਲ ਨਹੀਂ। ਇਹ ਕੇਵਲ ਤੱਥ ਪੇਸ਼ ਕਰਦੀ ਹੈ ਜਿਨ੍ਹਾਂ ਵਿਚ ਨੰਗਾ ਸੱਚ ਰੂਪਮਾਨ ਹੈ।

*—ਡਾ. ਕਰਨਜੀਤ ਸਿੰਘ*

---

## ਪ੍ਰੀਤਮ ਸਿੰਘ ਕਵੀ ਦਾ ਕਲਮੀ ਸਫਰ

- ਸਿਮਰਨ (ਕਵਿਤਾ)
- ਸ੍ਰੀ ਜੀਵਨ ਨਗਰ (ਸ੍ਰੀ ਜੀਵਨ ਨਗਰ ਇਲਾਕੇ ਦੇ ਪਿੰਡਾਂ ਦਾ ਵਰਨਣ) ਸ੍ਰੀ ਜੀਵਨ ਨਗਰ ਨੂੰ ਇਕ ਪਾਤਰ ਬਣਾ ਕੇ ਉਸ ਦੀ ਜ਼ੁਬਾਨੀ ਰੋਚਕ ਇਤਿਹਾਸ ਦੀ ਕਥਾ।
- ਸ੍ਰੀ ਭੈਣੀ ਸਾਹਿਬ (ਪੈਂਫਲਿਟ)
- ਸ੍ਰੀ ਭੈਣੀ ਸਾਹਿਬ-ਹਿੰਦੀ
- ਸਤਿਗੁਰੂ ਜਗਜੀਤ ਸਿੰਘ-ਇਕ ਪਰਿਵਰਤਨ
- ਇਸਤ੍ਰੀਆਂ ਦਾ ਪਹਿਲਾ ਮੁਕਤੀ ਦਾਤਾ
- ਸੂਬਾ ਸਾਹਿਬ ਸਿੰਘ
- ਸੂਬਾ ਸਾਹਿਬ ਸਿੰਘ (ਹਿੰਦੀ)
- ਸੂਬਾ ਰਤਨ ਸਿੰਘ
- ਬੀਤੇ ਦੀਆਂ ਪੈੜਾਂ-੧੨ ਪ੍ਰਕਾਸ਼ਤ ਤੇ ਕਈ ਅਪ੍ਰਕਾਸ਼ਤ
- ਸਤਿਜੁਗ ਦੀ ਸੰਪਾਦਕੀ-ਇਸ ਦੌਰ ਵਿਚ ਮਹੱਤਵਪੂਰਨ ਅੰਕ ਕੱਢੇ। ਵਿਸ਼ੇਸ਼ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਸਮ੍ਰਿਤੀ ਅੰਕ, ਗੁਰੂ ਹਰੀ ਸਿੰਘ ਅੰਕ।
- ਵਰਿਆਮ ਸਮੇਤ ਅਨੇਕਾਂ ਅਖਬਾਰਾਂ ਵਿਚ ਲੇਖ
- ਜੱਗ ਬਾਣੀ-ਪੰਜਾਬ ਕੇਸਰੀ-ਹਿੰਦ ਸਮਾਚਾਰ ਪੱਤਰਾਂ ਵਿਚ ਜੀਵਨ ਦੇ ਵੱਖ ਵੱਖ ਪਹਿਲੂਆਂ ਤੇ ਲੇਖ ਲੜੀ।
- ਸੰਗੀਤ ਸੋਵੀਨਰਾਂ ਵਿਚ ਲੇਖ
- ਬਚਪਨ ਵਿਚ ਸਕੂਲ ਦੇ ਹੱਥ ਵਿਚ ਲਿਖਤ ਪਰਚੇ ਦੀ ਸੰਪਾਦਨਾ ਤੇ ਬਹੁਤ ਕੁਝ ਹੋਰ।

### ਮੌਤ—ਮਿੱਠੀ ਗਲਵਕੜੀ

ਤੇਰਾ ਨਾਮ ਲਿਆਂ ਦੁੱਖ ਨੱਸਣ, ਸੁਖ ਵੱਸਣ ਚੌਫੇਰੇ
ਹਿਰਦੇ ਠੰਢ, ਦਾਹ ਮਿਟ ਜਾਂਦੀ, ਦੁਸ਼ਮਣ ਹੁੰਦੇ ਨੇੜੇ
ਦੁਨੀਆਂ ਪਿਆਰੀ ਪਿਆਰੀ ਲਗਦੀ, ਮੌਤ—ਮਿਠੀ ਗਲਵਕੜੀ
ਕੇਡਾ ਚੰਗਾ ਹੋਇ ਜਿ ਵਸੇ ਨਿਸ ਦਿਨ ਅੰਦਰ ਮੇਰੇ ॥੩॥

*ਪ.ਸ. ਕਵੀ*

# ਧਰਮ ਹੇਤ ਸਾਕਾ ਜਿਨਿ ਕੀਆ

—ਪ੍ਰਿੰ. ਬੇਅੰਤ ਕੌਰ

ਅਧਿਆਇ ੧

## ਅਪੂਰਵ ਬਲੀਦਾਨ

ਸਿੱਖ ਇਤਿਹਾਸ ਦੇ ਪੰਨਿਆਂ ਨੂੰ ਪੜ੍ਹ ਕੇ ਇੱਕ ਗੱਲ ਪੂਰਨ ਰੂਪ ਵਿੱਚ ਸਪਸ਼ਟ ਹੋ ਜਾਂਦੀ ਹੈ, ਕਿ ਉਹ ਪੰਨੇ ਸ਼ਹੀਦਾਂ ਦੀਆਂ ਗਾਥਾਵਾਂ, ਕੁਰਬਾਨੀਆਂ ਅਤੇ ਬਹਾਦਰੀ ਦੇ ਕਾਰਨਾਮਿਆਂ ਨਾਲ ਭਰਪੂਰ ਹਨ; ਉਹਨਾਂ ਉੱਤੇ ਸੁਨਹਿਰੀ ਅੱਖਰਾਂ ਵਿੱਚ ਲਿਖੇ ਹੋਏ ਸ਼ਹੀਦਾਂ ਦੇ ਨਾਮ ਲਿਸ਼-ਲਿਸ਼ ਕਰਦੇ ਹਨ; ਉਹ ਸਿੱਖਾਂ ਦੇ ਗੌਰਵਮਈ ਇਤਿਹਾਸ ਅਤੇ ਗਾਥਾਵਾਂ ਦਾ ਗੁਣਗਾਨ ਕਰਦੇ ਹਨ; ਉਹਨਾਂ ਨੇ ਪ੍ਰਾਚੀਨ ਵਿਰਸੇ ਨੂੰ ਸੰਭਾਲ ਕੇ ਸੁਰੱਖਿਅਤ ਰੱਖਿਆ ਹੋਇਆ ਹੈ; ਉਹਨਾਂ ਵਿੱਚੋਂ ਸ਼ਹੀਦਾਂ ਦਾ ਲਾਲ-ਲਾਲ ਲਹੂ ਡੁਲ੍ਹ-ਡੁਲ੍ਹ ਪੈਂਦਾ ਹੈ। ਸਾਰੇ ਵਿਸ਼ਵ ਇਤਿਹਾਸ ਵਿੱਚ ਐਨੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਸਿੱਖ ਇਤਿਹਾਸ ਤੋਂ ਬਿਨਾਂ ਕਿਧਰੇ ਵੀ ਨਹੀਂ ਮਿਲਦੀਆਂ।

ਜਦੋਂ ਕਦੇ ਵੀ ਕਿਸੇ ਨੇ ਸਿੱਖਾਂ ਦੀ ਅਣਖ ਨੂੰ ਵੰਗਾਰਿਆ, ਉਹ ਬਹਾਦਰ ਸੂਰਬੀਰ ਚੁਣੌਤੀਆਂ ਦਾ ਸਾਹਮਣਾ ਕਰਨ ਲਈ, ਆਪਣੀਆਂ ਜਾਨਾਂ ਨੂੰ ਤਲੀਆਂ ਤੇ ਰੱਖ ਕੇ ਮੈਦਾਨ ਵਿੱਚ ਕੁੱਦ ਪਏ; ਜਦੋਂ ਕਦੇ ਨਿਰਦੋਸ਼ਾਂ ਮਾਸੂਮਾਂ ਨੂੰ ਸਤਾਇਆ ਗਿਆ, ਉਹਨਾਂ ਉੱਤੇ ਜਬਰ, ਜ਼ੁਲਮ ਅਤਿਆਚਾਰ ਕੀਤੇ ਗਏ, ਉਹ ਵਰਿਆਮ, ਨਿਡਰ, ਨਿਝੱਕ ਹੋ ਕੇ ਉਹਨਾਂ ਦੀ ਸਹਾਇਤਾ ਲਈ ਭੱਜ ਪਏ; ਜਦੋਂ ਕਦੇ ਵੀ ਧਰਮ ਉੱਤੇ ਕਾਲੇ ਬੱਦਲ ਮੰਡਰਾਏ, ਉਹ ਬਿਜਲੀ ਬਣ ਕੇ ਦੁਸ਼ਟਾਂ ਦਾ ਸੰਹਾਰ ਕਰਨ ਲਈ ਘਰੋਂ ਬਾਹਰ ਨਿਕਲ ਕੇ ਆਪਾ-ਵਾਰਨ ਲਈ ਤਿਆਰ ਹੋ ਗਏ। ਉਹ ਪਰਮ ਯੋਧੇ ਚਰਖੜੀਆਂ ਉੱਤੇ ਚੜ੍ਹੇ, ਬੰਦ ਬੰਦ ਕਟਵਾਏ, ਦੇਗਾਂ ਵਿੱਚ ਉਬਾਲੇ ਗਏ, ਆਰਿਆਂ ਨਾਲ ਦੁਫਾੜ ਕੀਤੇ ਗਏ ਪਰ ਉਹਨਾਂ ਦੇ ਬੁੱਲ੍ਹਾਂ ਤੇ ਸੀ ਤਕ ਨਾ ਆਈ। ਜਦੋਂ ਕਦੇ ਵੈਰੀਆਂ ਨੇ ਉਹਨਾਂ ਦੀ ਪਿਆਰੀ ਮਾਤਭੂਮੀ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਨ ਦੀ ਕੋਸ਼ਿਸ਼ ਕੀਤੀ, ਅਤੇ ਉਹਨਾਂ ਦੇ ਧਰਮ ਨੂੰ ਵੰਗਾਰਿਆ, ਉਹ ਨਿਰਭੈ ਯੋਧੇ ਚੁੱਪ ਨਾ ਬੈਠ ਸਕੇ, ਉਹਨਾਂ ਦੇ ਹਿਰਦਿਆਂ ਅੰਦਰ ਜੋਸ਼ ਤੇ ਸਾਹਸ ਦਾ ਸਮੁੰਦਰ ਉਮਡ ਪਿਆ ਅਤੇ ਉਹ ਆਪਣੀ ਪਿਆਰੀ ਮਾਤ ਭੂਮੀ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਲਈ ਆਪਣੇ ਸਰੀਰ ਦਾ ਇੱਕ ਇੱਕ ਅੰਗ ਵਾਰਨ ਲਈ ਤਤਪਰ ਹੋ ਉਠੇ, ਤੋਪਾਂ ਦੇ ਗੋਲੇ ਆਪਣੀਆਂ ਚੌੜੀਆਂ ਛਾਤੀਆਂ ਉਪਰ ਸਹਾਰੇ, ਹੱਸ ਹੱਸ ਫਾਹੀ ਦੇ ਫੰਧਿਆਂ ਨੂੰ ਆਪਣਿਆਂ ਗਲਾਂ ਵਿੱਚ ਪਾ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਹ ਸ਼ਹਾਦਤਾਂ ਕਿਉਂ ਨਾ ਪ੍ਰਾਪਤ ਕਰਦੇ ਜਦੋਂ ਉਹਨਾਂ ਨੂੰ ਗੁੜ੍ਹਤੀ ਹੀ ਇਹ ਦਿੱਤੀ ਗਈ ਸੀ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਸ਼ਹਾਦਤ ਦੇ ਰਾਹਾਂ ਉੱਤੇ ਚਲਦੇ ਹੋਏ ਉਹ ਆਪਣਾ ਸੀਸ ਵਾਰਨ ਵਿੱਚ ਰਤਾ ਭਰ ਵੀ ਸੰਕੋਚ ਨਾ ਕਰਦੇ ਕਿਉਂ ਕਿ ਉਹਨਾਂ ਦੇ ਸਮੁਖ ਸ਼ੁਭ ਕਰਮਾਂ ਦਾ ਉਦੇਸ਼ ਸੀ ਅਤੇ ਜਿਸ ਦੀ ਪੂਰਤੀ ਲਈ ਉਹਨਾਂ ਦੇ ਬੁੱਲ੍ਹਾਂ ਤੇ ਇਸ ਵਰ ਦੀ ਮੰਗ ਸੀ-

ਦੇਹਿ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥

ਸ਼ਹਾਦਤਾਂ ਤੇ ਕੁਰਬਾਨੀਆਂ ਦਾ ਹੜ੍ਹ ਆ ਗਿਆ ਅਤੇ ਮਾਤਭੂਮੀ ਦੇ ਲਾਡਲੇ ਦੁਲਾਰਿਆਂ ਪਿਆਰਿਆਂ ਨੇ ਉਦੋਂ ਤਕ ਸਾਹ ਨਾ ਲਿਆ, ਜਦੋਂ ਤਕ ਆਪਣੇ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਨਾ ਕਰਾ ਲਿਆ। ਦੇਸ਼ ਅਤੇ ਧਰਮ ਦੀ ਖਾਤਰ ਬੱਚਿਆਂ, ਬੁੱਢਿਆਂ, ਇਸਤਰੀਆਂ, ਮਰਦਾਂ ਸਭ ਨੇ ਮੋਢੇ ਨਾਲ ਮੋਢਾ ਜੋੜ ਕੇ ਸ਼ਹੀਦੀਆਂ ਪ੍ਰਾਪਤ ਕਰਨ ਲਈ ਲੰਬੀਆਂ ਲੰਬੀਆਂ ਕਤਾਰਾਂ ਬਣਾ ਲਈਆਂ। ਹਰ ਕੋਈ ਆਪਣੀ ਜਾਨ ਪਹਿਲਾਂ ਵਾਰਨ ਲਈ ਉਤਾਵਲਾ ਹੋ ਰਿਹਾ ਸੀ। ਉਹਨਾਂ ਦੀਆਂ ਮਹਾਨ ਕੁਰਬਾਨੀਆ ਸ਼ਹੀਦੀਆਂ ਰੰਗ ਲਿਆਈਆਂ ਅਤੇ ਅੱਜ ਹਰ ਭਾਰਤਵਾਸੀ ਪਰਤੰਤਰਤਾ ਦੀਆਂ ਕੜੀਆਂ ਤੋਂ ਮੁਕਤ ਹੋ ਕੇ, ਆਜ਼ਾਦੀ ਪ੍ਰਾਪਤ ਕਰਕੇ ਸੁਖ ਦਾ ਸਾਹ ਲੈ ਰਿਹਾ ਹੈ, ਸੁਤੰਤਰ ਵਿਚਰ ਰਿਹਾ ਹੈ, ਸੁਤੰਤਰ ਵਿਹਾਰ ਕਰ ਰਿਹਾ ਹੈ, ਸੁਖਮਈ ਜੀਵਨ ਬਤੀਤ ਕਰ ਰਿਹਾ ਹੈ।

ਉਨ੍ਹਾਂ ਸ਼ਹੀਦਾਂ ਦੇ ਚਰਨਾਂ ਵਿੱਚ ਸੌ-ਸੌ ਵਾਰ ਪ੍ਰਣਾਮ। ਸਾਡਾ ਮਸਤਕ ਉਹਨਾਂ ਦੀ ਮਧੁਰ ਯਾਦ ਵਿੱਚ ਝੁਕ ਜਾਂਦਾ ਹੈ! ਅੱਖਾਂ ਸਜਲ ਹੋ ਉਠਦੀਆਂ ਹਨ! ਹਿਰਦਾ ਧੰਨਵਾਦ ਅਤੇ ਅਹਿਸਾਨ ਹੇਠਾਂ ਦੱਬ ਜਾਂਦਾ ਹੈ! ਦੋਵੇਂ ਹੱਥ ਸਨਮਾਨ ਸਹਿਤ ਜੁੜ ਜਾਂਦੇ ਹਨ।

ਹਰ ਗੁਰਸਿੱਖ ਪਰਿਵਾਰ ਨੂੰ ਜਦੋਂ ਕਦੇ ਵੀ ਜੀਵਨ ਦੇ ਔਖੇ ਪਲ ਆ ਘੇਰਦੇ ਹਨ, ਕਦੇ ਮਾਨਸਿਕ ਪੀੜਾ, ਤਣਾਉ, ਸਰੀਰਕ ਕਸ਼ਟ, ਰੋਗ ਪਰਿਵਰਤਿਤ ਪਰਸਥਿਤੀਆਂ ਕਰਕੇ ਅਸੰਤੁਸ਼ਟ ਪਲ, ਕਦੇ ਜੀਵਨ ਦੇ ਉਤਾਰ ਚੜ੍ਹਾਅ ਕਰਕੇ ਹੈਰਾਨੀ ਪਰੇਸ਼ਾਨੀ, ਕਦੇ ਮਨ ਦੀਆਂ ਇੱਛਾਵਾਂ ਦੀ ਪੂਰਤੀ ਤੇ ਤ੍ਰਿਪਤੀ ਨਾ ਹੋਣ ਕਰਕੇ ਅਤ੍ਰਿਪਤ, ਅਸ਼ਾਂਤ, ਕਦੇ ਵੈਰੀਆਂ ਦੁਸ਼ਟਾਂ ਦੀ ਵਿਰੋਧਤਾ, ਕਦੇ ਅਪਮਾਨ ਦੇ ਕੌੜੇ ਘੁੱਟ, ਕਦੇ ਜੀਵਨ ਦਾ ਫਿੱਕਾਪਨ, ਕਸੈਲਾਪਨ, ਕਦੇ ਗੜ-ਗੜ ਕਰਦੇ

ਮੰਡਰਾਉਂਦੇ ਕਾਲੇ ਬੱਦਲਾਂ ਦੀ ਗੜਗੜਾਹਟ, ਕਦੇ ਨਿਰਾਸਤਾ, ਕਦੇ ਉਦਾਸੀਨਤਾ, ਇਹੋ ਜਿਹੇ ਪਲਾਂ ਵਿੱਚ ਆਪਣੇ ਪਿਆਰੇ ਸਤਿਗੁਰੂ ਦੇ ਚਰਨਾਂ ਵਿੱਚ ਅਰਜੋਈਆਂ ਕਰਦੇ ਹਨ ਤੇ ਉਸਦੀ ਅਪਾਰ ਬਖਸ਼ਸ਼ ਮਿਹਰ ਦੀ ਦਾਤ ਮੰਗਦੇ ਹਨ—"ਹੇ ਸੱਚੇ ਪਾਤਸ਼ਾਹ, ਸ਼ਹੀਦ ਸਿੰਘਾਂ ਦਾ ਪਹਿਰਾ ਬਖਸ਼ੋ, ਤੇ ਸਾਡੀ ਰੱਖਿਆ ਕਰੋ।" ਆਪਣੀ ਭਾਵਨਾ ਤੇ ਯਥਾ ਸ਼ਕਤੀ ਅਨੁਸਾਰ ਪੁੰਨ ਦਾਨ ਕਰਦੇ ਹਨ।

ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿੱਚ ਸ਼ਹੀਦ ਦਾ ਅਰਥ ਕਰਦੇ ਹਨ—

ਸ਼ਹਾਦਤ ਦੇਣ ਵਾਲਾ, ਗਵਾਹ, ਸਾਖੀ।

ਸੰਗਯਾ-

*ਅਜੇਹਾ ਕੰਮ ਕਰਨ ਵਾਲਾ ਜਿਸ ਦੀ ਲੋਕ ਸਾਖੀ ਦੇਣ।*

*ਧਰਮ ਯੁੱਧ ਵਿੱਚ ਜਿਸਨੇ ਜੀਵਨ ਅਰਪਿਆ ਹੈ।*

ਸ਼ਹੀਦ ਤੇ ਸ਼ਹਾਦਤ ਅਰਬੀ ਭਾਸ਼ਾ ਦੇ ਸ਼ਬਦ ਹਨ। ਸ਼ਹਾਦਤ ਗਵਾਹੀ ਨੂੰ ਕਿਹਾ ਜਾਂਦਾ ਹੈ, ਸ਼ਹੀਦ ਗਵਾਹੀ ਦੇਣ ਵਾਲੇ ਨੂੰ ਕਿਹਾ ਜਾਂਦਾ ਹੈ। ਸ਼ਹੀਦ ਕੋਈ ਆਮ ਸਾਧਾਰਨ ਮਨੁੱਖ ਨਹੀਂ ਹੁੰਦੇ, ਸਗੋਂ ਪਰਹਿੱਤ ਲਈ ਆਪਾ ਵਾਰਨ ਲਈ ਤਤਪਰ ਰਹਿੰਦੇ ਹਨ, ਦੀਨ ਦੁਨੀਆਂ ਦੇ ਸਹਾਇਕ ਬਣਦੇ ਹਨ, ਉਹਨਾਂ ਨੂੰ ਦੁਸ਼ਟਾਂ ਕੋਲੋਂ ਬਚਾਉਂਦੇ ਹਨ, ਉਹਨਾਂ ਦੇ ਦੁੱਖਾਂ ਦਾ, ਕਸ਼ਟਾਂ ਦਾ, ਨਿਵਾਰਨ ਕਰਦੇ ਹਨ, ਉਹ ਜੂਝਦੇ ਰਹਿੰਦੇ ਹਨ, ਭਾਵੇਂ ਉਹਨਾਂ ਨੂੰ ਆਪਣੇ ਸਰੀਰ ਦਾ ਪੁਰਜ਼ਾ ਪੁਰਜ਼ਾ ਵੀ ਕਿਉਂ ਨਾ ਕਟਾਉਣਾ ਪਵੇ—

**ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ॥**

ਸ਼ਹੀਦ ਸਿਰਫ ਇੱਕ ਕੌਮ ਲਈ ਕੁਰਬਾਨ ਨਹੀਂ ਹੁੰਦੇ, ਸਗੋਂ ਉਹ ਤਾਂ ਸਮੁੱਚੀ ਮਾਨਵਤਾ ਦੇ ਭਲੇ ਲਈ ਤਤਪਰ ਰਹਿੰਦੇ ਹਨ, ਆਪਾ ਨਿਛਾਵਰ ਕਰਨ ਲਈ ਬੇਕਰਾਰ ਰਹਿੰਦੇ ਹਨ, ਉਹ ਹਰ ਪ੍ਰਾਣੀ ਉੱਤੇ ਹੋ ਰਹੇ ਜਬਰ, ਜ਼ੁਲਮ, ਤਸ਼ੱਦਦ, ਅਤਿਆਚਾਰ ਦਾ ਡੱਟਕੇ ਮੁਕਾਬਲਾ ਕਰਦੇ ਹਨ, ਇਸ ਦੇ ਬਦਲੇ ਭਾਵੇਂ ਉਹਨਾਂ ਨੂੰ ਆਪਣੇ ਪ੍ਰਾਣਾਂ ਦਾ ਬਲੀਦਾਨ ਹੀ ਕਿਉਂ ਨਾ ਦੇਣਾ ਪਵੇ। ਉਹ ਸੂਰਬੀਰ ਬਹਾਦਰ ਸਿਰ ਤਲੀ ਤੇ ਧਰਕੇ ਮਰਨਾ ਜਾਣਦੇ ਹਨ, ਉਹ ਮੌਤ ਨੂੰ ਮਖੌਲ ਸਮਝਦੇ ਹਨ ਅਤੇ ਹੱਸ ਹੱਸ ਕੇ ਉਸ ਨੂੰ ਗਲਵਕੜੀਆਂ ਪਾਉਂਦੇ ਹਨ।

**— ਕਬੀਰ ਐਸੀ ਹੋਇ ਪਰੀ, ਮਨ ਕੋ ਭਾਵਤੁ ਕੀਨੁ॥**
**ਮਰਨੇ ਤੇ ਕਿਆ ਡਰਪਨਾ, ਜਬ ਹਾਥਿ ਸਿਧਉਰਾ ਲੀਨ॥**
**— ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ॥**
**ਮਰਨੇ ਹੀ ਤੇ ਪਾਈਐ, ਪੂਰਨੁ ਪਰਮਾਨੰਦੁ॥**

ਇਤਿਹਾਸ ਦੇ ਪੰਨੇ ਸਪਸ਼ਟ ਕਰਦੇ ਹਨ ਕਿ ਅਨਗਿਣਤ ਹਨ ਉਹ ਗੁਰਸਿੱਖ, ਜਿਨ੍ਹਾਂ ਨੇ ਨਿਸਵਾਰਥੀ ਹੋ ਕੇ ਆਪਣੇ ਅਨੂਠੇ ਜੀਵਨ ਦਾ ਬਲੀਦਾਨ ਦਿੱਤਾ। ਧਰਮ ਤੇ ਦੇਸ਼ ਦੀ ਖਾਤਰ ਸਾਹਿਬਜ਼ਾਦਿਆਂ ਨੇ ਹੱਸ ਹੱਸ ਕੇ ਅਦੁੱਤੀ ਕੁਰਬਾਨੀ ਦਿੱਤੀ ਜਿਸ ਦੀ ਮਿਸਾਲ ਸਾਰੇ ਵਿਸ਼ਵ ਇਤਿਹਾਸ ਵਿੱਚ ਨਹੀਂ ਮਿਲਦੀ। ਭਾਈ ਦਿਆਲਾ ਦੇਗ ਵਿੱਚ ਉੱਬਲ ਰਿਹਾ ਸੀ ਤੇ ਰਸਨਾ ਤੋਂ ਆਪਣੇ ਪਿਆਰੇ ਸਤਿਗੁਰੂ ਦਾ ਨਾਮ ਜਪ ਰਿਹਾ ਸੀ, ਭਾਈ ਤਾਰੂ ਸਿੰਘ ਖੋਪਰ ਲੁਹਾ ਕੇ ਵੀ ਸ਼ਾਂਤ ਚਿੱਤ ਅਡੋਲ ਆਪਣੇ ਸਤਿਗੁਰੂ ਦਾ ਭਾਣਾ ਮਨਾ ਰਹੇ ਸਨ, ਭਾਈ ਮਨੀ ਸਿੰਘ ਨੇ ਆਪਣੇ ਬੰਦ ਬੰਦ ਕਟਵਾ ਕੇ ਵੀ ਸੀ ਨਹੀਂ ਉਚਾਰੀ, ਹਾਏ ਨਹੀਂ ਕੀਤੀ। ਸਗੋਂ ਆਪਣੇ ਪਿਆਰੇ ਦਾ ਸ਼ੁਕਰਾਨਾ ਕੀਤਾ, ਬਾਬਾ ਬੰਦਾ ਬਹਾਦਰ ਦੀ ਸ਼ਹਾਦਤ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਮਹਿਤਾਬ ਸਿੰਘ, ਸੁੱਖਾ ਸਿੰਘ, ਬਾਬਾ ਦੀਪ ਸਿੰਘ, ਸੁਬੇਗ ਸਿੰਘ, ਅਕਾਲੀ ਬਾਬਾ ਫੂਲਾ ਸਿੰਘ, ਸ. ਹਰੀ ਸਿੰਘ ਨਲੂਆ, ਸ਼ਾਮ ਸਿੰਘ ਅਟਾਰੀ ਵਰਗੇ ਨੇ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਸੁੱਤੀ ਕੌਮ ਨੂੰ ਹਲੂਣਿਆ। ਬੀਹਲਾ ਸਿੰਘ, ਹਾਕਮ ਸਿੰਘ, ਲਹਿਣਾ ਸਿੰਘ, ਫਤਹਿ ਸਿੰਘ ਨੇ ਆਪਣੇ ਪਿਆਰੇ ਸਤਿਗੁਰੂ ਰਾਮ ਸਿੰਘ ਜੀ ਦੀ ਰਜ਼ਾ ਵਿੱਚ ਰਹਿੰਦਿਆਂ ਹੋਇਆਂ ਅੰਮ੍ਰਿਤਸਰ ਵਿਖੇ ਹੱਸਦਿਆਂ ਹੱਸਦਿਆਂ ਫਾਹੀ ਦੇ ਫੰਧਿਆਂ ਨੂੰ ਆਪਣੇ ਗਲੇ ਵਿੱਚ ਪਾ ਕੇ ਸ਼ਹਾਦਤ ਪ੍ਰਾਪਤ ਕੀਤੀ; ਸੂਬਾ ਗਿਆਨਾ ਸਿੰਘ ਤੇ ਰਤਨ ਸਿੰਘ ਨੇ ਸੈਂਟਰਲ ਜੇਲ੍ਹ ਲੁਧਿਆਣਾ ਦੇ ਬਾਹਰ ਹੱਸ-ਹੱਸ ਕੇ ਗਲ ਵਿੱਚ ਫਾਹੀ ਦੇ ਫੰਧੇ ਪਾ ਕੇ ਆਪਣੇ ਜੀਵਨ ਨੂੰ ਸਾਰਥਕ ਕੀਤਾ; ਮਲੇਰ ਕੋਟਲਾ ਵਿਖੇ ਤਾਂ ਸ਼ਹੀਦਾਂ ਦਾ ਹੜ੍ਹ ਹੀ ਆ ਗਿਆ। ਸ; ਹੀਰਾ ਸਿੰਘ, ਲਹਿਣਾ ਸਿੰਘ, ਵਰਿਆਮ ਸਿੰਘ ਤੇ ਬਾਰ੍ਹਾਂ ਸਾਲ ਦੇ ਅਣਖੀਲੇ ਬਾਲਕ ਬਿਸ਼ਨ ਸਿੰਘ ਨੇ ਧਰਮ ਤੇ ਦੇਸ਼ ਦੀ ਖਾਤਰ ਆਪਣੇ ਜਿਸਮ ਦੇ ਫੀਤੇ ਫੀਤੇ ਕਰਵਾ ਕੇ ਆਪਾ ਬਲੀਦਾਨ ਕੀਤਾ। ਇੱਕ ਨੌਂ ਸਾਲ ਦੇ ਬਾਲਕ ਹਰਨਾਮ ਸਿੰਘ ਨੂੰ ਉਸਦੇ ਮਾਮੇ ਸੁਹੇਲ ਸਿੰਘ ਦੀ ਪਿੱਠ ਨਾਲ ਬੰਨ੍ਹ ਕੇ ਤੋਪ ਨਾਲ ਬੋਟੀ-ਬੋਟੀ ਕਰ ਦਿੱਤਾ ਗਿਆ।

ਇਸ ਤਰ੍ਹਾਂ ਸੂਰਬੀਰ, ਵਰਿਆਮ, ਨਿਰਭੈ, ਨਿਡਰ ਯੋਧਿਆਂ ਦੇ ਹਿਰਦੇ ਅੰਦਰ ਧਰਮ ਦੇਸ਼ ਲਈ ਸ਼ਹੀਦ ਹੋਣ ਦੀ ਤੀਵਰ ਲੋਚਾ ਪ੍ਰਬਲ ਹੁੰਦੀ ਹੈ। ਉਹਨਾਂ ਦਾ ਅਪੂਰਵ ਬਲੀਦਾਨ ਕੌਮ ਵਿੱਚ ਜਾਨ ਪਾ ਦਿੰਦਾ ਹੈ—

*ਡੁਲ੍ਹੇ ਜਦ ਖੂਨ ਸ਼ਹੀਦਾਂ ਦਾ,*
*ਤਕਦੀਰ ਬਦਲਦੀ ਕੌਮਾਂ ਦੀ।*
*ਰੰਬੀਆਂ ਨਾਲ ਖੋਪਰ ਲਹਿੰਦੇ ਜਾਂ,*
*ਤਸਵੀਰ ਬਦਲਦੀ ਕੌਮਾਂ ਦੀ।*

ਉਹ ਤਕਦੀਰ ਤੇ ਤਸਵੀਰ ਬਦਲ ਦਿੰਦੇ ਹਨ। ਉਹ ਹਮੇਸ਼ਾ ਐਸੇ ਅਵਸਰ ਦੇ ਉਡੀਕਵਾਨ ਰਹਿੰਦੇ ਹਨ, ਜਦੋਂ ਉਹ ਮੌਤ ਨੂੰ ਗਲਵਕੜੀ ਪਾ ਕੇ ਆਨੰਦ ਮਾਣ ਸਕਣ।

ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ-

**ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ॥**
**ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ॥**

-0-

## ਅਧਿਆਇ ੨

# ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ

ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਤੇ ਪੰਜਵੇਂ ਸਤਿਗੁਰੂ ਦੇ ਰੂਪ ਵਿੱਚ ਸੁਭਾਇਮਾਨ ਹੋਏ। ਆਪ ਜੀ ਦਾ ਅਵਤਾਰ ਸ੍ਰੀ ਗੁਰੂ ਰਾਮ ਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਗ੍ਰਿਹਿ ਵਿਖੇ ੧੯ ਵੈਸਾਖ ਸੰਮਤ ੧੬੨੦ ਤਦਨੁਸਾਰ ੧੫ ਅਪ੍ਰੈਲ ਈ: ਸੰਨ ੧੫੬੩ ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਆਪ ਜੀ ਨੂੰ ਨਾਨਾ ਸ੍ਰੀ ਗੁਰੂ ਅਮਰ ਦਾਸ ਜੀ ਅਤੇ ਪਿਤਾ ਸਤਿਗੁਰੂ ਰਾਮ ਦਾਸ ਜੀ ਕੋਲੋਂ ਗੁਰਮਤਿ ਦੀ ਗੁੜ੍ਹਤੀ ਵਿਰਸੇ ਵਿੱਚ ਹੀ ਪ੍ਰਾਪਤ ਹੋਈ ਅਤੇ ਬਚਪਨ ਵਿੱਚ ਹੀ 'ਦੋਹਿਤਾ ਬਾਣੀ ਦਾ ਬੋਹਿਥਾ' ਦਾ ਵਰ ਪ੍ਰਾਪਤ ਹੋਇਆ। ਆਪ ਜੀ ਤੋਂ ਵੱਡੇ ਦੋ ਭਰਾ ਬਾਬਾ ਪ੍ਰਿਥੀ ਚੰਦ ਅਤੇ ਬਾਬਾ ਮਹਾਂਦੇਵ ਸਨ, ਪਰ ਗੁਰਗੱਦੀ ਦੇ ਲਾਇਕ ਆਪ ਜੀ ਹੀ ਬਣੇ, ਕਿਉਂਕਿ ਆਪ ਜੀ ਅਨੰਤ ਗੁਣਾਂ ਦੇ ਧਾਰਨੀ ਅਤੇ ਆਪਣੇ ਪਿਤਾ ਜੀ ਦੇ ਪਰਮ ਆਗਿਆਕਾਰੀ ਸਨ। ਉਹਨਾਂ ਦਾ ਆਪਣੇ ਪੂਜਯ ਸਤਿਗੁਰੂ ਲਈ ਅਥਾਹ ਪਿਆਰ ਅਤੇ ਸ਼ਰਧਾ ਉਹਨਾਂ ਦੁਆਰਾ ਲਿਖੇ ਪੱਤਰਾਂ ਤੋਂ ਸਪਸ਼ਟ ਹੈ।

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ॥
ਬਿਨੁ ਦਰਸਨ ਸੰਤ ਪਿਆਰੇ ਜੀਉ॥

ਆਪਣੇ ਪਿਆਰੇ ਸਤਿਗੁਰੂ ਪ੍ਰੀਤਮ ਦੇ ਦਰਸ਼ਨਾਂ ਤੋਂ ਬਿਨਾਂ, ਉਹ ਚਾਤ੍ਰਿਕ ਵਾਂਗ ਵਿਰਲਾਪ ਕਰਦੇ ਰਹੇ, ਪਰ ਹੁਕਮ ਦੀ ਉਲੰਘਣਾ ਨਾ ਕੀਤੀ। ਭਾਦਰੋਂ ਸੰਮਤ ੧੬੩੮ (ਅਗਸਤ ਸੰਨ ੧੫੮੧) ਵਿੱਚ ਆਪ ਜੀ ਗੁਰਗੱਦੀ ਤੇ ਸੁਸ਼ੋਭਿਤ ਹੋਏ। ਆਪ ਜੀ ਨੇ ਦਸਵੰਧ ਦੀ ਪ੍ਰਥਾ ਨੂੰ ਤੋਰਿਆ ਅਤੇ ਪ੍ਰੇਮੀਆਂ ਨੂੰ ਗੁਰੂ ਘਰ ਲਈ ਦਸਵੰਧ ਕੱਢਣ ਦੀ ਪ੍ਰੇਰਨਾ ਦੇ ਕੇ ਉਹਨਾਂ ਦੀ ਮਾਇਆ ਨੂੰ ਸਾਰਥਕ ਕਰਨ ਦੀ ਜਾਚ ਦੱਸੀ। ਆਪ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ, ਭੱਟਾਂ, ਭਗਤਾਂ ਦੀਆਂ ਬਾਣੀਆਂ ਨੂੰ ਸੰਕਲਿਤ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਅਤੇ ਸਾਰੇ ਜਗਤ ਨੂੰ ਇੱਕ ਅਲੌਕਿਕ, ਰੂਹਾਨੀਅਤ ਭਰਪੂਰ ਧਾਰਮਿਕ ਗ੍ਰੰਥ ਪ੍ਰਦਾਨ ਕੀਤਾ। ਸਮੁੱਚਾ ਜਗਤ ਇਸ ਗ੍ਰੰਥ ਨੂੰ ਪ੍ਰਾਪਤ ਕਰਕੇ ਧੰਨ ਧੰਨਯ ਹੋ ਗਿਆ। ਆਪ ਜੀ ਨੇ ਸੰਮਤ ੧੬੪੫ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਤੋਖ ਸਰ ਪੱਕਾ ਕਰਵਾਇਆ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੁੰਦਰ ਉਸਾਰੀ ਕਰਵਾਕੇ ਸਾਰੇ ਵਿਸ਼ਵ ਨੂੰ ਇੱਕ ਅਜੂਬਾ ਪ੍ਰਦਾਨ ਕੀਤਾ। ਉਸ ਵੇਲੇ ਦੇ ਬਾਦਸ਼ਾਹ ਜਹਾਂਗੀਰ ਦਾ ਇੱਕ ਦੀਵਾਨ ਚੰਦੂ ਸੀ। ਉਸਦੀ ਲੜਕੀ ਵਿਆਹ ਦੇ ਯੋਗ ਸੀ ਅਤੇ ਉਸਦੇ ਸਲਾਹਕਾਰਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੁਯੋਗ ਵਰ ਵਜੋਂ ਪਸੰਦ ਸਨ। ਉਹਨਾਂ ਨੇ ਚੰਦੂ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਲੜਕੀ ਦਾ ਰਿਸ਼ਤਾ ਸ੍ਰੀ ਹਰਿਗੋਬਿੰਦ ਸਾਹਿਬ ਜੀ ਨਾਲ ਕਰ ਦੇਵੇ। ਪਰ ਚੰਦੂ ਬਹੁਤ ਹੰਕਾਰੀ ਸੀ ਅਤੇ ਆਪਣੇ ਆਪ ਨੂੰ ਬਹੁਤ ਉੱਚਾ ਤੇ ਧਨਵਾਨ ਸਮਝਦਾ ਸੀ। ਫਿਰ ਵੀ ਆਪਣੇ ਸਲਾਹਕਾਰਾਂ ਦੇ ਕਹਿਣ ਤੇ ਉਸਨੇ ਰਿਸ਼ਤਾ ਕਰਨ ਲਈ ਮਨ ਬਣਾ ਲਿਆ ਅਤੇ ਹੰਕਾਰ ਵਿੱਚ ਆ ਕੇ ਕਹਿਣ ਲੱਗਾ ਕਿ ਉਸਦੀ ਲੜਕੀ ਉੱਚੀ ਕੁਲ ਦੀ ਹੈ ਉਸਦਾ ਰਿਸ਼ਤਾ ਨੀਵੀਂ ਕੁਲ ਵਿੱਚ ਕਿਵੇਂ ਜੁੜ ਸਕਦਾ ਹੈ, ਇਹ ਤਾਂ ਚੁਬਾਰੇ ਦੀ ਇੱਟ ਮੋਰੀ ਨੂੰ ਲੱਗਣ ਵਾਲੀ ਗੱਲ ਹੈ—

*ਤਨੀਆ ਈਂਟ ਚੁਬਾਰੇ ਕੀ ਮਮ*
*ਮੋਰੀ ਸਮ ਕੁਲ ਮਹਿੰਦੀ ਸੋਇ।*
*ਜਥਾ ਯੋਗ ਨਹਿ ਕਛੂ ਬਿਚਾਰਯੋ*
*ਅਸ-ਮੰਜਸ ਜਾਨੈ ਸਭ ਕੋਇ।*

ਉਧਰ ਸਤਿਗੁਰੂ ਜੀ ਨੂੰ ਉਸ ਦੇ ਹੰਕਾਰ ਅਤੇ ਮਨਸੂਬਿਆਂ ਬਾਰੇ ਸਿੱਖਾਂ ਰਾਹੀਂ ਪਤਾ ਲੱਗ ਗਿਆ। ਹਰਿ ਜੀ ਨੂੰ ਤਾਂ ਅਹੰਕਾਰ ਬਿਲਕੁਲ ਪਸੰਦ ਨਹੀਂ, ਉੱਥੇ ਅਹੰਕਾਰੀਆਂ ਲਈ ਰਤਾ ਭਰ ਵੀ ਥਾਂ ਨਹੀਂ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਿਸ਼ਤਾ ਸਵੀਕਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਉਹਨਾਂ ਦੇ ਇਨਕਾਰ ਨੇ ਚੰਦੂ ਦੇ ਹੰਕਾਰ ਨੂੰ ਜੋਰ ਦੀ ਹਵਾ ਦੇ ਦਿੱਤੀ ਅਤੇ ਉਸਨੇ ਬਦਲਾ ਲੈਣ ਦੀ ਖਾਤਿਰ ਜਹਾਂਗੀਰ ਬਾਦਸ਼ਾਹ ਕੋਲ ਬਹੁਤ ਚੁਗਲੀਆਂ ਕੀਤੀਆਂ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਆਪਣੇ ਇੱਕ ਸੇਵਕ ਦੇ ਘਰ ਦਰਸ਼ਨ ਦੇ ਰਹੇ ਸਨ, ਉਸ ਵੇਲੇ ਚੰਦੂ ਨੇ ਜਾ ਕੇ ਜਹਾਂਗੀਰ ਬਾਦਸ਼ਾਹ ਦੇ ਕੰਨ ਭਰੇ ਕਿ ਗੁਰੂ ਜੀ ਲਾਹੌਰ ਵਿਖੇ ਆ ਕੇ ਵੀ ਬਾਦਸ਼ਾਹ ਸਲਾਮਤ ਨੂੰ ਮਿਲਣ ਨਹੀਂ ਆਏ। ਉਹ ਆਪਣੇ ਆਪ ਨੂੰ ਸੱਚੇ ਪਾਤਸ਼ਾਹ ਅਖਵਾਉਂਦੇ ਹਨ ਅਤੇ ਉਹਨਾਂ ਕੋਲ ਬਹੁਤ ਖਜ਼ਾਨਾ ਹੈ। ਉਹਨਾਂ ਨੇ ਸ਼ਾਹਜ਼ਾਦੇ ਖ਼ੁਸਰੋ, ਜੋ ਕਿ ਬਾਗ਼ੀ ਹੈ, ਨੂੰ ਸ਼ਰਨ ਦਿੱਤੀ ਅਤੇ ਮਾਇਕ ਸਹਾਇਤਾ ਵੀ ਦਿੱਤੀ ਹੈ।

*ਯਹਿ ਪਿਖਿ ਚੰਦੂ ਦੁਸ਼ਟ ਰਿਸਾਯੋ।*
*ਅਵਸਰ ਪਾਇ ਸ਼ਾਹਿ ਢਿਗ ਜਾਯੋ।*

*ਕਹਯੋ ਯਾਂਹਿ ਢਿਗ ਬਹੁਤ ਖਜ਼ਾਨਾ।*
*ਹੈ ਕਹਿਲਾਵਤ ਸ਼ਾਹਿ ਸਚਾਨਾ।*

ਇਹ ਸਾਰਾ ਬ੍ਰਿਤਾਂਤ ਸੁਣ ਕੇ ਬਾਦਸ਼ਾਹ ਨੇ ਗੁਰੂ ਜੀ ਨੂੰ ਆਪਣੇ ਦਰਬਾਰ ਵਿੱਚ ਬੁਲਾਇਆ। ਜਦੋਂ ਗੁਰੂ ਜੀ ਦਰਬਾਰ ਵਿੱਚ ਆਏ ਤਾਂ ਬਾਦਸ਼ਾਹ ਆਪ ਜੀ ਦੇ ਨੂਰਾਨੀ ਚਿਹਰੇ ਅਤੇ ਜਲਵੇ ਤੋਂ ਅਤਿ ਪ੍ਰਭਾਵਿਤ ਹੋਇਆ, ਪਰ ਇੱਕ ਬਾਗ਼ੀ ਨੂੰ ਸ਼ਰਨ ਦੇਣ ਕਰਕੇ ਉਹਨਾਂ ਨੂੰ ਦੋ ਲੱਖ ਰੁਪਏ ਦਾ ਭੁਗਤਾਨ ਕਰਨ ਲਈ ਕਿਹਾ। ਗੁਰੂ ਜੀ ਨੇ ਮਾਇਆ ਦੇਣ ਤੋਂ ਅਸਮਰੱਥਾ ਪ੍ਰਗਟ ਕੀਤੀ। ਉਸਤੋਂ ਉਪਰੰਤ ਬਾਦਸ਼ਾਹ ਸਿੰਧ ਵੱਲ ਨੂੰ ਰਵਾਨਾ ਹੋ ਗਿਆ ਅਤੇ ਚੰਦੂ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਘਰ ਪਹੁੰਚ ਕੇ ਚੰਦੂ ਨੇ ਸਤਿਗੁਰੂ ਜੀ ਨੂੰ ਰਿਸ਼ਤੇ ਲਈ ਇੱਕ ਵਾਰੀ ਫਿਰ ਮਜਬੂਰ ਕੀਤਾ। ਗੁਰੂ ਜੀ ਨੇ ਉੱਤਰ ਦਿੱਤਾ ਕਿ ਉਹ ਆਪਣੇ ਫੈਸਲੇ ਤੇ ਅਟੱਲ ਹਨ ਅਤੇ ਚੰਦੂ ਦੀ ਜੋ ਮਰਜ਼ੀ ਹੈ ਉਹ ਕਰ ਲਵੇ। ਬਾਰ ਬਾਰ ਰਿਸ਼ਤਾ ਪ੍ਰਵਾਨ ਕਰਨ ਲਈ ਦਬਾਅ ਪਾਇਆ ਗਿਆ, ਪਰ ਸਤਿਗੁਰੂ ਜੀ ਨੇ ਰਿਸ਼ਤਾ ਪ੍ਰਵਾਨ ਨਾ ਕੀਤਾ। ਚੰਦੂ ਨੇ ਇਸ ਨੂੰ ਆਪਣੀ ਹੇਠੀ ਸਮਝਿਆ ਅਤੇ ਸਤਿਗੁਰੂ ਜੀ ਨੂੰ ਤਸੀਹੇ ਦੇਣ ਦਾ ਮਨ ਬਣਾਇਆ। ਫਿਰ ਸਤਿਗੁਰੂ ਜੀ ਨੂੰ ਕੈਦ ਕਰ ਲਿਆ ਗਿਆ। ਉਹਨਾਂ ਦੇ ਨਾਲ ਜਿਹੜੇ ਪੰਜ ਸਿੱਖ ਸਨ-ਪੈੜਾ, ਪੈਰਾਣਾ, ਜੇਠਾ, ਲੰਗਾਹਾ ਅਤੇ ਬਿਧੀ ਚੰਦ, ਇਹਨਾਂ ਪੰਜਾਂ ਨੂੰ ਇੱਕਠਿਆਂ ਕਿਸੇ ਹੋਰ ਕੈਦ ਵਿੱਚ ਸੁੱਟ ਦਿੱਤਾ ਗਿਆ। ਸਤਿਗੁਰੂ ਜੀ ਨੂੰ ਪਹਿਲਾਂ ਉਬਲਦੀ ਦੇਗ ਵਿੱਚ ਬਿਠਾ ਦਿੱਤਾ ਅਤੇ ਹੇਠਾਂ ਹੋਰ ਅੱਗ ਤੇਜ਼ ਕਰ ਦਿੱਤੀ। ਭਾਈ ਪੈਰਾਣਾ ਇਹ ਸਭ ਕੁਝ ਨਾ ਸਹਾਰ ਸਕਿਆ ਅਤੇ ਉਸਨੇ ਜਾ ਕੇ ਸਤਿਗੁਰੂ ਜੀ ਕੋਲ ਅਰਜ਼ ਕੀਤੀ, "ਗਰੀਬ ਨਿਵਾਜ਼ ਮੈਨੂੰ ਆਗਿਆ ਦਿਓ ਤੇ ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਵਜਾ ਦਿਆਂ, ਤੁਰਕਾਂ ਨੂੰ ਜੜ੍ਹ ਤੋਂ ਉਖਾੜ ਦਿਆਂ ਅਤੇ ਚੰਦੂ ਦੀ ਸਾਰੀ ਕੁਲ ਨੂੰ ਤਬਾਹ ਕਰ ਦਿਆਂ।" ਇਹ ਗੱਲ ਸੁਣ ਕੇ ਗੁਰੂ ਸਾਹਿਬ ਨੇ ਭਾਈ ਪੈਰਾਣਾ ਨੂੰ ਇਹ ਸਭ ਕੁਝ ਕਰਨ ਤੋਂ ਵਰਜ ਦਿੱਤਾ ਅਤੇ ਗੁਰੂ ਦਾ ਭਾਣਾ ਮੰਨਣ ਅਤੇ ਆਪਣੀ ਸ਼ਕਤੀ ਨੂੰ ਜਰਨ ਲਈ ਕਿਹਾ। ਇਸਦਾ ਵਰਣਨ ਗਿਆਨੀ ਗਿਆਨ ਸਿੰਘ ਜੀ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ ਇਸ ਤਰ੍ਹਾਂ ਕਰਦੇ ਹਨ-

*ਅਰਜ ਗੁਰੂ ਢਿਗ ਦੌਰ ਸੁ ਕਰੀ,*
*ਹੇ ਗੁਰੁ ਦਿਹੁ ਇਸ਼ਾਰਤ ਜਰੀ।*
*ਦਿੱਲੀ ਲਵ ਪੁਰ ਕੋ ਗਹਿ ਕਰ ਮੈਂ।*
*ਮੇਂਢਨ ਦਿ ਜਯੋਂ ਭਿੜਾਇ ਦਿਹੁ ਹਰ ਮੈਂ।*
*ਕਹੋ ਤ ਤੁਰਕਨ ਮੂਲ ਉਪਾਰੋਂ।*
*ਯਾ ਚੰਦੂ ਕੋ ਸਹਿ ਕੁਲ ਗਾਰੋਂ।*
*ਗੁਰੂ ਕਹਯੋ ਜਹਿ ਤੇ ਤੈਂ ਪਾਈ।*
*ਸ਼ਕਤਿ ਤਹਾਂ ਕਿਯਾ ਨਹੀਂ ਇਤਾਈ।*
*ਜਰਨਾ ਕਰ ਨਾਂਹਿ ਤ ਖਿਚ ਲੈ ਹੈਂ।*
*ਛੂਛਾ ਰਹਿ ਫਿਰ ਅਤਿ ਦੁਖ ਪੈਹੈਂ।*
*ਹਮ ਯਹਿ ਭਾਵੀ ਮਾਨ ਅਕਾਲ।*
*ਦੁਸ਼ਟ ਮੂੰਡ ਦੈ ਦੋਸ਼ ਕਰਾਲ।*

ਸਤਿਗੁਰੂ ਜੀ ਨਾਲ ਕੈਦ ਕੀਤੇ ਹੋਏ ਪੰਜ ਸਿੱਖ ਇਹ ਸਭ ਕੁਝ ਨਾ ਸਹਾਰ ਸਕੇ ਅਤੇ ਉਹਨਾਂ ਨੂੰ ਸੋਟਿਆਂ ਨਾਲ ਤਗੜੀ ਮਾਰ ਮਾਰੀ ਗਈ। ਗਰਮ ਗਰਮ ਰੇਤ ਦੇ ਕੜਛੇ ਸਤਿਗੁਰੂ ਜੀ ਦੇ ਸੀਸ ਉੱਤੇ ਪਾਏ ਗਏ। ਇਸ ਤੋਂ ਉਪਰੰਤ ਲੋਹ ਨੂੰ ਅੱਗ ਤੇ ਤਪਾਇਆ ਗਿਆ ਅਤੇ ਉਸ ਉੱਤੇ ਸ੍ਰੀ ਸਤਿਗੁਰੂ ਜੀ ਨੂੰ ਬਿਠਾਇਆ ਗਿਆ, ਪਰ ਚੰਦੂ ਨਾ ਤੇ ਆਪਣੀ ਗੱਲ ਮਨਵਾ ਸਕਿਆ ਅਤੇ ਨਾ ਹੀ ਸਤਿਗੁਰੂ ਜੀ ਨੂੰ ਸ਼ਹੀਦ ਕਰ ਸਕਿਆ, ਹਰ ਤਰ੍ਹਾਂ ਨਾਲ ਅਸਫਲ ਰਿਹਾ, ਉਸਦੀ ਕੋਈ ਪੇਸ਼ ਨਾ ਗਈ।

ਚੰਦੂ ਦੀ ਨੂੰਹ ਸ੍ਰੀ ਸਤਿਗੁਰੂ ਜੀ ਦੇ ਤਸੀਹੇ ਨਾ ਸਹਾਰ ਸਕੀ। ਉਹ ਆਪਣੇ ਘਰੋਂ ਸ੍ਰੀ ਸਤਿਗੁਰੂ ਜੀ ਲਈ ਸਵਾਦੀ ਚੂਰੀ ਕੁੱਟਕੇ ਲੈ ਆਈ। ਸਤਿਗੁਰੂ ਜੀ ਨੇ ਉਸਦਾ ਖਾਣਾ ਅੰਗੀਕਾਰ ਨਾ ਕੀਤਾ। ਉਸ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਤਰਲੇ, ਮਿੰਨਤਾ, ਅਰਜੋਈਆਂ ਕੀਤੀਆਂ। ਸਤਿਗੁਰੂ ਜੀ ਨੇ ਉਸਨੂੰ ਦੱਸਿਆ ਕਿ ਉਹਨਾਂ ਨੇ ਸਰੀਰ ਤਿਆਗ ਦੇਣਾ ਹੈ, ਜੇਕਰ ਉਹ ਚਾਹਵੇ, ਤਾਂ ਉਹ ਵੀ ਉਹਨਾਂ ਦੇ ਨਾਲ ਸੱਚ ਖੰਡ ਜਾ ਸਕਦੀ ਹੈ। ਇਸ ਤੋਂ ਵੱਡੇ ਭਾਗ ਉਸਦੇ ਕੀ ਹੋ ਸਕਦੇ ਸਨ।

ਜਦੋਂ ਮੀਆਂ ਮੀਰ ਜੀ ਨੂੰ ਸ੍ਰੀ ਸਤਿਗੁਰੂ ਜੀ ਦੇ ਤਸੀਹਿਆਂ ਬਾਰੇ ਪਤਾ ਲੱਗਾ ਤਾਂ ਉਹ ਇਹ ਸਭ ਨਾ ਸਹਾਰ ਸਕਿਆ ਅਤੇ ਉਸਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਸੁਨੇਹਾ ਭੇਜਿਆ ਤੇ ਬੇਨਤੀ ਕੀਤੀ "ਗਰੀਬ ਨਿਵਾਜ਼ ਆਪ ਜੀ ਤਾਂ ਕਰਨ ਕਾਰਨ ਸਮਰੱਥ ਹੋ, ਫਿਰ ਤੁਸੀਂ ਐਨੇ ਤਸੀਹੇ ਅਤੇ ਕਸ਼ਟ ਕਿਉਂ ਸਹਿਨ ਕਰ ਰਹੇ ਹੋ? ਜੇਕਰ ਆਪ ਜੀ ਮੈਨੂੰ ਆਗਿਆ ਦਿਓ ਤਾਂ ਮੈਂ ਚੰਦੂ ਦੀ ਕੁਲ ਦਾ ਨਾਸ ਕਰ ਦਿਆਂ।"

*ਕਰਾਮਾਤ ਕੇ ਸਿੰਧੁ ਤੁਮ, ਕਯੋਂ ਨ ਦੇਤ ਇਕ ਬਿੰਦ।*
*ਚਹੋਂ ਤਾਂ ਧਰਤੀ ਉਲਟ ਦਿਹੁ, ਇਹੁ ਚੰਦੂ ਕਯਾ ਮੰਦ।*

ਸਤਿਗੁਰੂ ਜੀ ਨੇ ਉਸ ਨੂੰ ਉੱਤਰ ਭੇਜਿਆ ਕਿ ਉਹਨਾਂ ਨੂੰ ਕਿਸੇ ਪ੍ਰਕਾਰ ਦਾ ਵੀ ਕਸ਼ਟ ਨਹੀਂ ਕਿਉਂਕਿ ਆਤਮਾ ਤਾਂ ਅਜਰ ਅਮਰ ਹੈ।

*ਜਹਿ ਸੁਨਿ ਪੁਨ ਗੁਰ ਕਹਿ ਪਠਯੋ, ਹਮਕੋ ਦੂਖ ਨ ਰੰਚ।*
*ਆਤਮ ਸਦਾ ਅਸੰਗ ਹੈ, ਤਨ ਮਿਥਯਾ ਪਰਪੰਚ।*

ਸ੍ਰੀ ਸਤਿਗੁਰੂ ਜੀ ਨੇ ਫ਼ਰਮਾਇਆ ਕਿ ਕਰਾਮਾਤ ਵਿਖਾਉਣ ਵਾਸਤੇ ਹਜ਼ਾਰਾਂ ਹੀ ਗੁਪਤ, ਸੁਰ ਅਤੇ ਅਸੁਰ ਉਹਨਾਂ ਦੇ ਹੁਕਮ ਵਿੱਚ ਹੱਥ ਬੰਨ੍ਹ ਕੇ ਖਲੋਤੇ ਹੋਏ ਹਨ ਅਤੇ ਉਹਨਾਂ ਦੇ ਇੱਕ ਇਸ਼ਾਰੇ ਦੀ ਉਡੀਕ ਵਿੱਚ ਹਨ।

*ਪਰ ਗੁਰੂ ਨਾਨਕ ਜੋ ਕਹਯੋ, ਸਾਤ ਸੀਸ ਨਿਜ ਲਾਏ।*
*ਦੀਨੀ ਬਦਲੇ ਭੰਗ ਕੇ, ਸਿਰ ਦੈ ਲੈਂਹ ਫਿਰਾਇ।*
*ਵਹੈ ਬਚਨ ਹਮ ਪਾਲ ਹੈਂ,ਪਾਛੈ ਪਾਲੈਂ ਔਰ।*
*ਕਰਾਮਾਤ ਦਿਖਰਾਵਨੀ, ਅਹੇ ਕਹਿਰ ਅਤਿ ਗੌਰ।*

ਸਤਿਗੁਰੂ ਜੀ ਅਡੋਲ ਸ਼ਾਂਤ ਚਿਤ ਸਨ। ਚੰਦੂ ਨੇ ਅਨੇਕਾਂ ਡਰਾਉਣ ਧਮਕਾਉਣ ਦੇ ਪ੍ਰਯਤਨ ਕੀਤੇ।

*ਤ੍ਰਾਸ ਨ ਤਨਕ ਸੁ ਮਨ ਮਹਿ ਜਾਨਾ।*
*ਕਰਿਉ ਅਨਾਦਰ ਰੰਕ ਸਮਾਨਾ।*
*ਸੋ ਤੁਮ ਅਰ ਲੇਵਹੁ ਦੁਖ ਘਨੇ।*
*ਬਿਨਾ ਧਰਮ ਕਰ ਅਬ ਚਿਉ ਹਨੇ।*
*ਧੇਨ ਚਰਨ੍ਹ ਕੌ ਲੇ ਕਰ ਗੀਲਾ।*
*ਲਪਟਾਵਹਿ ਜੇਤਕ ਤੁਹਿ ਫੀਲਾ।*

ਚੰਦੂ ਨੇ ਵਿਉਂਤ ਬਣਾਈ ਕਿ ਸ੍ਰੀ ਸਤਿਗੁਰੂ ਜੀ ਨੂੰ ਆਪਣਾ ਧਰਮ ਬਹੁਤ ਪਿਆਰਾ ਹੈ, ਇਸ ਲਈ ਉਹਨਾਂ ਨੂੰ ਕੋਈ ਐਸੀ ਸਜ਼ਾ ਦਿੱਤੀ ਜਾਵੇ, ਜਿਸ ਨਾਲ ਉਹਨਾਂ ਦਾ ਧਰਮ ਖ਼ਤਰੇ ਵਿੱਚ ਪੈ ਜਾਵੇ। ਸ੍ਰੀ ਸਤਿਗੁਰੂ ਜੀ ਨੂੰ ਗਊ ਦੇ ਕੱਚੇ ਚੰਮ ਵਿੱਚ ਮੜ੍ਹਾਉਣ ਦੀ ਵਿਉਂਤ ਬਣਾ ਲਈ। ਇੱਕ ਗਊ ਘਾਤ ਅਤੇ ਦੂਸਰਾ ਆਪਣੇ ਧਰਮ ਦੇ ਨਿਰਾਦਰ ਨੂੰ ਮੁੱਖ ਰੱਖਦਿਆਂ ਹੋਇਆਂ ਸ੍ਰੀ ਸਤਿਗੁਰੂ ਜੀ ਨੇ ਰਾਵੀ ਵਿੱਚ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ, ਉਹਨਾਂ ਦੀ ਇੱਛਾ ਪ੍ਰਵਾਨ ਕਰ ਲਈ ਗਈ। ਇਸ਼ਨਾਨ ਕਰਨ ਉਪਰੰਤ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਸੇਵਕਾਂ ਨੂੰ ਆਪਣਾ ਸਰੀਰ ਤਿਆਗ ਦੇਣ ਦੀ ਇੱਛਾ ਪ੍ਰਗਟ ਕੀਤੀ ਅਤੇ ਹੁਕਮ ਕੀਤਾ ਕਿ ਉਹਨਾਂ ਦੇ ਸਰੀਰ ਦਾ ਸਸਕਾਰ ਕਰਨ ਦੀ ਬਜਾਏ ਦਰਿਆ ਵਿੱਚ ਪ੍ਰਵਾਹ ਦਿੱਤਾ ਜਾਵੇ। ਸਤਿਗੁਰੂ ਜੀ ਨੇ ਜਪੁ ਸਾਹਿਬ ਦਾ ਪਾਠ ਕੀਤਾ। ਇਸੇ ਸਮੇਂ ਇੱਕ ਰਬਾਬੀ ਉੱਥੇ ਪਹੁੰਚ ਗਿਆ ਜਿਸ ਕੋਲੋਂ ਸਤਿਗੁਰੂ ਜੀ ਨੇ ਕੀਰਤਨ ਸੁਣਿਆ। ਇਸ ਤੋਂ ਬਾਅਦ ਸਤਿਗੁਰੂ ਜੀ ਨੇ ਕੁਸ਼ਾ ਮੰਗਵਾਈ ਅਤੇ ਉਸ ਉੱਤੇ ਲੰਮੇ ਪੈ ਕੇ ਸਰੀਰ ਤਿਆਗ ਦਿੱਤਾ ਅਤੇ ਚੰਦੂ ਦੀ ਗੁਰੂ ਜੀ ਨੂੰ ਗਊ ਦੇ ਚਮੜੇ ਵਿੱਚ ਮੜ੍ਹਵਾਉਣ ਦੀ ਵਿਉਂਤ ਅਸਫਲ ਕਰ ਦਿੱਤੀ।

ਇਧਰ ਚੰਦੂ ਜਦੋਂ ਵਾਪਸ ਪਰਤਿਆ ਤਾਂ ਉਸਨੇ ਸਤਿਗੁਰੂ ਜੀ ਨੂੰ ਧਰਤੀ ਉੱਤੇ ਲੰਮੇ ਪਿਆਂ ਵੇਖ ਕੇ ਮਨ ਵਿੱਚ ਸੋਚਿਆ ਕਿ ਸਤਿਗੁਰੂ ਜੀ ਥੱਕ ਗਏ ਹੋਣਗੇ ਇਸ ਲਈ ਆਰਾਮ ਕਰ ਰਹੇ ਹਨ। ਉਸਨੂੰ ਇਹ ਪੂਰਨ ਭਰੋਸਾ ਸੀ ਕਿ ਉਹ ਧਰਮ ਨੂੰ ਕਦੇ ਵੀ ਨਹੀਂ ਤਿਆਗਣਗੇ।

*ਤੁਰਨ ਆਇ ਤੀਰ ਪਰ ਹੇਰੇ।*
*ਪਰੇ ਚਾਦਰੇ ਤਾਨ ਬਡੇਰੇ।*
*ਬਹੁ ਦਿਨ ਭਏ ਨਾਸੁਪਤਨਿ ਦੀਨਿ।*
*ਪਿਖਿ ਅਵਸਰ ਕੋ ਨਿੰਦਰਾ ਲੀਨਿ।*
*ਅਬ ਸੁਖੌਭਾ ਮਾਨਹਿ ਨਾਤਾ।*
*ਧਰਮ ਜਾਨ ਤੇ ਉਰ ਡਰਮਾਤਾ।*
*ਨਿਕਟਿ ਗਯੋ ਨਰ ਲੈ ਸਮੁਦਾਏ।*
*ਸੁਪਤ ਜਾਨ ਕਰ ਦੁਸ਼ਟ ਅਲਾਏ।*
*ਕਿਮ ਤੁਮਕੋ ਅਬ ਨਿੰਦਰਾ ਆਈ?*
*ਹੋਇ ਨਿਚਿੰਤ ਲਯੋ ਸੁਖ ਪਾਈ।*
*ਸੁਤਾ ਕੁਮਾਰੀ ਮੈ ਨਿਤ ਹੇਰੇ।*
*ਤਜੀ ਨੀਂਦ ਬਿਤੇ ਘਨੇਰੇ।*

ਬਿਧੀ ਚੰਦ ਨੇ ਚੰਦੂ ਦੇ ਭੁਲੇਖੇ ਨੂੰ ਦੂਰ ਕੀਤਾ ਅਤੇ ਦੱਸਿਆ ਕਿ ਸਤਿਗੁਰੂ ਜੀ ਆਰਾਮ ਨਹੀਂ ਕਰ ਰਹੇ ਸਗੋਂ ਉਹਨਾਂ ਨੇ ਆਪਣਾ ਸਰੀਰ ਤਿਆਗ ਦਿੱਤਾ ਹੈ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਹਨਾਂ ਦੇ ਪਾਵਨ ਸਰੀਰ ਨੂੰ ਰਾਵੀ ਦਰਿਆ ਵਿੱਚ ਪ੍ਰਵਾਹ ਕਰ ਦਿੱਤਾ ਗਿਆ।

ਚੰਦੂ ਹੈਰਾਨ ਪਰੇਸ਼ਾਨ ਹੋ ਗਿਆ ਜਦੋਂ ਉਸਨੂੰ ਘਰ ਆ ਕੇ ਆਪਣੀ ਨੂੰਹ ਦੇ ਸਰੀਰ ਤਿਆਗਣ ਦਾ ਪਤਾ ਲੱਗਾ ਕਿ ਕਿਸ ਤਰ੍ਹਾਂ ਉਸ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਕਾਲ ਚਲਾਣਾ ਕਰ ਲਿਆ ਹੈ।

*—ਗੁਰੂ ਗਮਨ ਪਰਲੋਕ ਸੁਨਿ, ਪਰਯੋ ਰੌਰ ਲਾਹੌਰ।*
*ਗਾਰੀ ਦੇਵੈਂ ਦੁਸ਼ਟ ਕੋ ਨਰਨਾਰੀ ਮਿਲਿ ਗੌਰ।*
*—ਚਮ ਚਮਾਰ ਸਿਰ ਡਾਰ ਗੁਰੁ, ਧਰਮ ਧਰਾ ਸਮ ਧਾਰਿ।*
*ਸਿੱਖਨ ਹੇਤ ਜਹਾਜ ਜਰਾ, ਪੰਚਮ ਬੇਦ ਸੁਧਾਰ।*

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਨੇਕਾਂ ਕਸ਼ਟ ਤਸੀਹੇ ਆਪਣੇ ਸਰੀਰ ਉੱਤੇ ਝੱਲੇ ਅਤੇ ਅਡੋਲ ਸ਼ਾਂਤ-ਚਿੱਤ ਰਹਿ ਕੇ ਧਰਮ ਦੀ ਰੱਖਿਆ ਕਰਦਿਆਂ ਹੋਇਆਂ ਜੇਠ ਸੁਦੀ ਚਾਰ ਸੰਮਤ ੧੬੬੩ ਬਿਕ੍ਰਮੀ (੩੦-੫-੧੬੦੬) ਨੂੰ ਲਾਹੌਰ ਰਾਵੀ ਦੇ ਕੰਢੇ ਸ਼ਹਾਦਤ ਪ੍ਰਾਪਤ ਕੀਤੀ। ਸਤਿਗੁਰੂ ਜੀ ਨੇ ਸਿੱਖ ਧਰਮ ਵਿੱਚ ਸਰਵ ਪ੍ਰਥਮ ਸ਼ਹੀਦ ਹੋ ਕੇ, ਸਮੁੱਚੀ ਮਾਨਵਤਾ ਦਾ ਪੰਥ ਪ੍ਰਦਰਸ਼ਿਤ ਕੀਤਾ। (ਚਲਦਾ)

# ਨਾਮਧਾਰੀ ਲਹਿਰ ਦਾ ਵਿਕਾਸ

## ਧਰਮ ਪ੍ਰਚਾਰ ਦੇ ੬ ਸਾਲ (ਸੰਨ ੧੮੫੭ ਤੋਂ ੧੮੬੩)

*—ਨਾਹਰ ਸਿੰਘ ਐਮ ਏ.*

ਨਾਮਧਾਰੀ ਸਿੰਘਾਂ ਦੇ ਅਕੀਦੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਦੇੜ ਸਾਹਿਬ ਜੋਤੀ ਜੋਤ ਨਹੀਂ ਸਮਾਏ ਅਤੇ ਜੀਉਂਦੇ ਹੀ ਘੋੜੇ ਤੇ ਸਵਾਰ ਹੋ ਕੇ ਕਨਾਤਾਂ ਅੰਦਰ ਤਿਆਰ ਕੀਤੀ ਗਈ ਚਿਤਾ ਦੀ ਅਗਨੀ ਵਿਚ ਸਮਾਏ ਜਾਣ ਦੀ ਕਥਾ ਨੂੰ ਸਹੀ ਨਹੀਂ ਮੰਨਦੇ। ਇਸ ਲਈ ਉਹ ਸਿੱਖ ਗੁਰੂਆਂ ਦੇ ਜੀਵਨਾਂ ਸਬੰਧੀ ਅੱਜ ਤੋਂ ਸਵਾ ਸੌ ਸਾਲ ਪਹਿਲਾਂ ਲਿਖੀ ਗਈ ਪ੍ਰਮਾਣੀਕ ਪੁਸਤਕ ਗੁਰਪ੍ਰਤਾਪ ਸੂਰਜ ਕਰਤਾ ਮਹਾਂ ਕਵੀ ਸੰਤੋਖ ਸਿੰਘ ਜੀ ਦਾ ਹਵਾਲਾ ਦਿੰਦੇ ਹਨ।

ਉਹ ਮੰਨਦੇ ਹਨ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਹਜਰੋ ਵਾਲਿਆਂ ਨੂੰ ਦਰਸ਼ਨ ਦੇ ਕੇ ਗੁਰਗੱਦੀ ਦਿੱਤੀ। ਇਸ ਲਈ ਉਹ ਮਸ਼ਹੂਰ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦੀ ਪੁਸਤਕ ਪੰਥ ਪ੍ਰਕਾਸ਼ ਵਿਚੋਂ ਹੇਠ ਲਿਖਿਆ ਹਵਾਲਾ ਦਿੰਦੇ ਹਨ।*

"ਬਾਲਕ ਮ੍ਰਿਗੇਸ਼ ਤੇ ਵਿਸ਼ੇਸ਼ ਉਪਦੇਸ਼ ਨਾਮ,
ਯਦਿ ਨਰ ਨਾਰੀ ਲੇ ਅਪਾਰੀ ਭਵ ਤੈ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਇਓ,
ਨਾਮ ਦੇ ਉਧਾਰ ਕਰ ਜੀਵਨ ਕਾ ਤੂੰ ਧਰੇ।
ਐਪੇ ਗੁਰ ਦਸਮ ਦਰਸ ਦੈ ਜੁ ਕਹਿਓ ਤਾਹਿ,
ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।
ਯਾਹੀ ਹੇਤ ਤਾਹਿ ਨਾਂਹਿ ਔਰ ਕਾਂਹਿ ਮਾਂਹਿ,
ਨਿਜ ਸਕਤਿ ਰਖਾਈ ਗੁਰ ਵਾਕ ਦਿਵ ਥੇ ਧਰੇ।"

ਗੁਰੂ ਬਾਲਕ ਸਿੰਘ ਜੀ ਦਾ ਜਨਮ ਪਿੰਡ ਛੋਈ ਜਿਲ੍ਹਾ ਅਟਕ ਵਿਖੇ ਹੋਇਆ। ਜਵਾਨ ਅਵਸਥਾ ਹੋਵਣ ਤੇ ਆਪ ਹਜਰੋ ਤਸ਼ਰੀਫ ਲੈ ਆਏ। ਆਪ ਜੀ ਭਜਨ, ਬੰਦਗੀ ਕਰਨ ਵਾਲੇ ਤਿਆਗੀ ਮਹਾਂਪੁਰਸ਼ ਸਨ।

ਆਪ ਜੀ ਨੇ ਜਵਾਨੀ ਦੀ ਉਮਰ ਵਿਚ ਸਿਖੀ ਧਰਮ ਪ੍ਰਚਾਰ ਕਰਨਾ ਅਰੰਭ ਕੀਤਾ। ਗੁਰੂ ਰਾਮ ਸਿੰਘ ਜੀ ਨੇ ਆਪ ਜੀ ਦੇ ਦਰਸ਼ਨ ਹਜਰੋ ਵਿਖੇ ਕੀਤੇ ਅਤੇ ਆਪ ਜੀ ਤੋਂ ਨਾਮ ਦੀਖਿਆ, ਭਜਨ ਬੰਦਗੀ ਦੀ ਬਖਸ਼ਿਸ਼ ਪ੍ਰਾਪਤ ਕੀਤੀ। ਨਾਲ ਦੀ ਨਾਲ ਹੀ ਗੁਰੂ ਬਾਲਕ ਸਿੰਘ ਜੀ ਨੇ ਆਪ ਜੀ ਨੂੰ ਗੁਰ ਗੱਦੀ ਦੇਕੇ ਧਰਮ ਪ੍ਰਚਾਰ ਕਰਨ ਦੀ ਆਗਿਆ ਦਿੱਤੀ। ੧੪-੧੫ ਸਾਲ ਦੀ ਭਜਨ ਬੰਦਗੀ ਅਤੇ ਕਰੜੀ ਤਪੱਸਿਆ ਵਾਲਾ ਜੀਵਨ ਬਿਤਾਨ ਪਿਛੋਂ ਗੁਰੂ ਰਾਮ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਦੇ ਹੁਕਮ ਅਨੁਸਾਰ ਧਰਮ ਪ੍ਰਚਾਰ ਨੂੰ ਆਪਣੇ ਜੀਵਨ ਦਾ ਮਨੋਰਥ ਬਣਾ ਕੇ ਇਸ ਮਹਾਨ ਕਾਰਜ ਨੂੰ ਅਰੰਭ ਕੀਤਾ।

੧ ਬਸਾਖ ਸੰਮਤ ੧੯੧੪ (ਯਾ ਅਪ੍ਰੈਲ ੧੮੫੭) ਵਾਲੇ ਪਵਿਤ੍ਰ ਦਿਹਾੜੇ ਗੁਰੂ ਰਾਮ ਸਿੰਘ ਜੀ ਨੇ ਆਪਣੇ ਪਿੰਡ ਭੈਣੀ ਵਿਖੇ ਹੀ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ। ਭਾਈ ਕਾਹਨ ਸਿੰਘ ਨਿਹੰਗ, ਲਾਭ ਸਿੰਘ ਰਾਗੀ, ਭਾਈ ਆਤਮਾ ਸਿੰਘ, ਭਾਈ ਨੈਣਾਂ ਸਿੰਘ ਅਤੇ ਭਾਈ ਸੁਧ ਸਿੰਘ, ਇਨ੍ਹਾਂ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਸਿੱਖ ਧਰਮ ਦੇ ਨਿਯਮਕ ਸਿਧਾਂਤਾਂ, ਸਿੱਖੀ ਰਹਿਤ ਮਰਯਾਦਾ ਅਤੇ ਸਿੱਖੀ ਆਚਰਨ ਤੇ ਦ੍ਰਿੜ ਰਹਿ ਕੇ ਜੀਵਨ ਬਤੀਤ ਕਰਨ ਦੀਆਂ ਹਦਾਇਤਾਂ ਕੀਤੀਆਂ। ਆਮ ਜਨਤਾ ਨੂੰ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਰੀਤੀ ਤਕਰੀਬਨ ਲੋਪ ਹੋ ਗਈ ਸੀ। ਖੰਡੇ ਦੇ ਅੰਮ੍ਰਿਤ ਦੇ ਅਭਿਲਾਸ਼ੀ ਸੱਜਣ ਵੱਡੇ-ਵੱਡੇ ਗੁਰਦੁਆਰਿਆਂ ਅਕਾਲ ਤਖਤ ਅੰਮ੍ਰਿਤਸਰ, ਅਨੰਦਪੁਰ ਸਾਹਿਬ, ਮੁਕਤਸਰ ਸਾਹਿਬ, ਦਮਦਮਾ ਸਾਹਿਬ, ਪਟਣਾ ਸਾਹਿਬ ਅਤੇ ਨਾਂਦੇੜ ਸਾਹਿਬ ਹੀ ਜਾ ਕੇ ਅੰਮ੍ਰਿਤ ਛਕਦੇ ਸਨ। ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ ਬਿਲਕੁਲ ਨਹੀਂ ਛਕਾਇਆ ਜਾਂਦਾ ਸੀ। ਪਿੰਡਾਂ ਵਿਚ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਪੰਜ ਪਿਆਰੇ ਹੀ ਲੱਭਣੇ ਮੁਸ਼ਕਲ ਸਨ। ਨਾਲ ਦੀ ਨਾਲ ਤਖਤਾਂ ਦੇ ਪੁਜਾਰੀ ਤੇ ਐਸੇ ਗੁਰਦੁਆਰਿਆਂ ਦੇ ਮਹੰਤ ਇਹ ਗੱਲ ਨਹੀਂ ਚਾਹੁੰਦੇ ਸਨ ਕਿ

---

*ਇਤਿਹਾਸਕਾਰ ਨਾ ਹੀ ਜੱਜ ਹੁੰਦਾ ਹੈ, ਅਤੇ ਨਾ ਹੀ ਵਕੀਲ। ਉਸ ਨੇ ਜੋ ਕੁਛ ਲਿਖਣਾ ਹੈ, ਆਪਣੀ ਇਤਿਹਾਸਕ ਸਾਮਗਰੀ ਦੇ ਆਧਾਰ ਤੇ ਨੇਕਨੀਯਤੀ ਨਾਲ ਬਗੈਰ ਕਿਸੇ ਪਕਸ਼ਪਾਤ ਦੇ ਇਤੀ...ਹਾ...ਸਾ ਏਹ....ਐਸਾ....ਹੈ ਦੇ ਅਸੂਲ ਨੂੰ ਮੁਖ ਰੱਖ ਕੇ ਲਿਖਣਾ ਹੈ, ਭਾਵੇਂ ਉਸ ਦਾ ਧਾਰਮਿਕ ਅਕੀਦਾ ਅਤੇ ਸਮਾਜਿਕ ਦ੍ਰਿਸ਼ਟੀਕੋਣ ਕੁਝ ਭੀ ਹੋਵੇ। ਕੈਮਰੇ ਦੀ ਤਸਵੀਰ ਲੈਣ ਵਾਲੀ ਪਲੇਟ ਵਾਕਰ ਸਹੀ ਸਹੀ ਤਸਵੀਰ ਖਿੱਚਣ ਖਾਤਰ ਉਸ ਨੂੰ ਹਰ ਪ੍ਰਕਾਰ ਦੀ ਮੈਲ ਤੋਂ ਉੱਚਾ ਹੋਣਾ ਜਰੂਰੀ ਹੈ। ਇਤਿਹਾਸਕਾਰ ਦਾ ਮੰਤਵ "ਐਸੇ ਹੋਣਾ ਚਾਹੀਦਾ ਹੈ" ਯਾ "ਐਸਾ ਹੋਣਾ ਚਾਹੀਦਾ ਸੀ" ਨੂੰ ਲਿਖ ਕੇ ਆਪਣੇ ਮਨ ਦੇ ਭਾਵ ਦੱਸਣ ਦਾ ਨਹੀਂ ਹੁੰਦਾ, ਬਲਕਿ ਉਹ "ਐਸੇ ਹੋਇਆ" ਯਾ "ਐਸਾ ਹੈ" ਦੱਸ ਕੇ ਆਪਣੀ ਜ਼ਬਾਨ ਵਿਚ ਵਾਕਿਆਤ ਉਲੀਕ ਕੇ ਜਨਤਾ ਦੇ ਅੱਗੇ ਰਖਦਾ ਹੈ।

ਅੰਮ੍ਰਿਤ ਪ੍ਰਚਾਰ ਕਰਨ ਦੀ ਇਸ ਪ੍ਰਕਾਰ ਖੁਲ੍ਹ ਦੇ ਦਿੱਤੀ ਜਾਵੇ, ਕਿਉਂਕਿ ਇਸ ਨਾਲ ਉਨ੍ਹਾਂ ਦੀ ਅੰਮ੍ਰਿਤ ਛਕਾਉਣ ਦੀ ਦਖਸ਼ਨਾਂ ਯਾ ਆਮਦਨੀ ਵਿਚ ਘਾਟਾ ਪੈਂਦਾ ਸੀ। ਆਪ ਜੀ ਨੇ ਉਸ ਸਮੇਂ ਦੇ ਪੁਜਾਰੀਆਂ, ਮਹੰਤਾਂ, ਸੋਢੀਆਂ, ਬੇਦੀਆਂ, ਨਿਰਮਲੇ ਅਤੇ ਉਦਾਸੀਆਂ ਆਦਿ ਦੀ ਵਿਰੋਧਤਾ ਦੀ ਪ੍ਰਵਾਹ ਨ ਕਰਦੇ ਹੋਏ ਪਿੰਡਾਂ ਵਿਚ ਰਹਿੰਦੇ ਖੇਤੀ ਆਦਿ ਦੇ ਕੰਮਾਂ ਵਿਚ ਲੱਗੇ ਹੋਏ, ਜ਼ਬਾਨੀ ਬਾਣੀਆਂ ਕੰਠ ਰੱਖਣ ਵਾਲੇ ਸੱਜਣਾਂ ਨੂੰ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ, ਬਿਨਾਂ ਦਾਨ ਦਖਸ਼ਨਾਂ ਲਏ ਪੇਂਡੂ ਜਨਤਾ ਨੂੰ ਅੰਮ੍ਰਿਤ ਛਕਾਉਣ ਦੀ ਰੀਤ ਨੂੰ ਚਲਾਇਆ। ਹਿੰਦੂਆਂ ਅਤੇ ਕੇਸਾਂ ਵਾਲੇ ਜੱਟਾਂ ਨੂੰ ਕੇਵਲ ਇਕ ਅਕਾਲ ਤੇ ਭਰੋਸਾ ਰਖਕੇ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ। ਮੁਸਲਮਾਨ ਪੀਰਾਂ ਫਕੀਰਾਂ ਦੇ ਮਜ਼ਾਰਾਂ ਅਤੇ ਕਬਰਾਂ ਤੇ ਜਾ ਕੇ ਮੰਨਤਾਂ ਮੰਨਣ, ਬੱਕਰੇ ਚੜ੍ਹਾਉਣ ਅਤੇ ਚੂਰਮੇ ਵੰਡਣ ਦੇ ਭੈੜੇ ਰਿਵਾਜ ਨੂੰ ਤਿਆਗਣ ਦਾ ਪ੍ਰਚਾਰ ਕੀਤਾ। ਮਾਤਾ, ਗੁੱਗਾ, ਭੈਰੋਂ ਆਦਿ ਦੇ ਥਾਨਾਂ ਅਤੇ ਦੇਵੀ ਦੁਆਲਿਆਂ ਵਿਚ ਜਾ ਕੇ ਪੱਥਰ ਪੂਜਾ ਅਤੇ ਮੂਰਤੀ ਪੂਜਾ ਦਾ ਉੱਕਾ ਤਿਆਗ ਕਰਨ ਦੀ ਨਸੀਹਤ ਕੀਤੀ। ਆਪਸ ਵਿਚ ਮਿਲ ਬੈਠਣ, ਬਾਣੀ ਪੜ੍ਹਣ, ਸੁਣਨ ਅਤੇ ਧਾਰਨ ਕਰਨ ਲਈ ਜਨਤਾ ਨੂੰ ਪ੍ਰੇਰਿਆ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪਾਠ ਕਰਕੇ ਭੋਗ ਪਾਵਣ ਲਈ ਹਦਾਇਤਾਂ ਕੀਤੀਆਂ। ਢੋਲਕ, ਛੈਣੇ, ਖੜਤਾਲਾਂ, ਪੇਂਡੂ ਜਨਤਾ ਦੇ ਸਾਜ਼ਾਂ ਨਾਲ ਆਸਾ ਜੀ ਦੀ ਵਾਰ ਅਤੇ ਸ਼ਬਦ ਪੜ੍ਹਣ ਦੇ ਰਿਵਾਜ ਨੂੰ ਹੱਦੋਂ ਵੱਧ ਤਰੱਕੀ ਦਿੱਤੀ। ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਦਸਵੇਂ ਗੁਰੂ ਸਾਹਿਬ ਜੀ ਦੀ ਬਾਣੀ ਨੂੰ ਹੀ ਧੁਰ ਕੀ ਬਾਣੀ ਅਤੇ ਪ੍ਰਮਾਣਿਕ ਮੰਨਣ ਦਾ ਪ੍ਰਚਾਰ ਕੀਤਾ। ਹਰ ਇਕ ਸਿੱਖ ਸਿੱਖਣੀ ਨੂੰ ਨਿਤਨੇਮ ਦੀਆਂ ਘਟ ਤੋਂ ਘਟ ਪੰਜ ਬਾਣੀਆਂ ਜ਼ਬਾਨੀ ਯਾਦ ਕਰਨ ਅਤੇ ਪਾਠ ਕਰਨ ਲਈ ਪ੍ਰੇਰਨਾ ਕੀਤੀ ਅਤੇ ਨਾਮ ਜਪਣ, ਭਜਨ ਬੰਦਗੀ ਕਰਨ ਤੇ ਜ਼ੋਰ ਦਿੱਤਾ। ਭਾਈ ਰਾਏ ਸਿੰਘ ਇਕ ਪ੍ਰੇਮੀ ਸਿੱਖ ਵਿਦਵਾਨ ਨੂੰ ਸ੍ਰੀ ਹਜ਼ੂਰ ਸਾਹਿਬ ਅਬਚਲਨਗਰ ਦੱਖਣ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਚਲੀ ਆ ਰਹੀ ਰਹਿਤ ਮਰਯਾਦਾ ਨੂੰ ਲਿਖ ਕੇ ਲਿਆਵਣ ਲਈ ਭੇਜਿਆ।

ਖੰਡੇ ਦੇ ਅੰਮ੍ਰਿਤ ਨਾਲ ਪੰਜ ਕਕਾਰਾਂ, ਕੇਸ, ਕੰਘਾ, ਕੜਾ, ਕਛਹਿਰਾ, ਕ੍ਰਿਪਾਨ ਦੀ ਰਹਿਤ ਰੱਖਣ ਲਈ ਕਰੜੀ ਪਾਬੰਦੀ ਲਾਈ ਅਤੇ ਇਨ੍ਹਾਂ ਦੇ ਧਾਰਨ ਕਰਨ ਲਈ ਹਰ ਇਕ ਸਿੱਖ ਮਾਤਰ ਨੂੰ ਪ੍ਰੇਰਨਾ ਕੀਤੀ। ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰਦਿਆਂ ਸਾਰ ਹੀ ਪੰਜਾਬ ਵਿਚ ਹਥਿਆਰ ਨਾ ਰੱਖਣ ਦਾ ਕਾਨੂੰਨ ਜਾਰੀ ਕਰ ਦਿੱਤਾ ਸੀ। ਇਸ ਅਨੁਸਾਰ ਕੇਵਲ ਖਾਸ ਖਾਸ ਖਾਨਦਾਨਾਂ ਦੇ ਬੰਦਿਆਂ ਨੂੰ ਛੱਡ ਕੇ ਕੋਈ ਆਦਮੀ ਭੀ ਬਿਨਾਂ ਲਾਈਸੈਂਸ ਤੋਂ ਹਥਿਆਰ ਨਹੀਂ ਰੱਖ ਸਕਦਾ ਸੀ। ਸਿੱਖਾਂ ਦਾ ਧਾਰਮਿਕ ਚਿਨ੍ਹ ਕ੍ਰਿਪਾਨ ਯਾ ਤਲਵਾਰ ਭੀ ਇਸੀ ਕਾਨੂੰਨ ਦੇ ਮਾਤੈਹਤ ਬਗੈਰ ਲਾਈਸੈਂਸ ਤੋਂ ਕਿਸੇ ਹੋਰ ਨੂੰ ਰੱਖਣ ਯਾ ਪਹਿਨਣ ਦੀ ਇਜਾਜ਼ਤ ਨਹੀਂ ਸੀ। ਆਪ ਜੀ ਨੇ ਸਮੇਂ ਨੂੰ ਵੀਚਾਰਦੇ ਹੋਏ ਇਹੋ ਮੁਨਾਸਬ ਸਮਝਿਆ ਕਿ ਇਸ ਮੁਆਮਲੇ ਤੇ ਦੇਸ਼ ਦੀ ਨਵੀਂ ਵਿਦੇਸ਼ੀ ਸਰਕਾਰ ਅੰਗਰੇਜ਼ੀ ਨਾਲ ਸਿੱਧੀ ਟੱਕਰ ਨਾ ਲਈ ਜਾਏ। ਸਿੱਖਾਂ ਨੂੰ ਕ੍ਰਿਪਾਨ ਦੀ ਥਾਂ ਚੰਗਾ ਮੋਟਾ ਬਾਂਸ ਦਾ ਖੂੰਡਾ ਯਾ ਲੋਹੇ ਦੇ ਬੰਦਾਂ ਵਾਲੀ ਚੰਗੀ ਭਾਰੀ ਡਾਂਗ ਯਾ ਲਾਠੀ ਯਾ ਸਫਾਜੰਗ ਰੱਖਣ ਲਈ ਅਤੇ ਗਤਕੇ, ਲਾਠੀ ਦੇ ਹੱਥ ਸਿੱਖਣ ਲਈ ਹਦਾਇਤਾਂ ਕੀਤੀਆਂ। ਚੰਗੀ ਨਸਲ ਦੇ ਘੋੜੇ ਪਾਲਣ, ਸਿੱਖਣ, ਘੋੜੇ ਰੱਖਣ ਅਤੇ ਘੋੜੇ ਦੀ ਸਵਾਰੀ ਕਰਨ ਲਈ ਭੀ ਕਿਹਾ ਗਿਆ। ਦੇਸ਼ ਵਿਚੋਂ ਅੰਗਰੇਜ਼ੀ ਸਰਕਾਰ ਵਲੋਂ ਜਾਰੀ ਕੀਤੀ ਗਈ ਗਊ ਹੱਤਯਾ ਹਟਾਉਣ ਲਈ ਜਤਨ ਕਰਨ ਲਈ ਭੀ ਪ੍ਰਚਾਰ ਕੀਤਾ ਗਿਆ।

ਸਰੀਰ ਨੂੰ ਰਿਸ਼ਟ-ਪੁਸ਼ਟ, ਨਰੋਆ ਅਤੇ ਚੜ੍ਹਦੀਆਂ ਕਲਾਂ ਵਿਚ ਰੱਖਣ ਲਈ ਸਰੀਰਕ ਸਫਾਈ ਤੇ ਬਹੁਤ ਜ਼ੋਰ ਦਿੱਤਾ। ਇਕ ਪਹਿਰ ਰਾਤ ਰਹਿੰਦਿਆਂ ਉਠ ਕੇ ਹਰ ਰੋਜ਼ ਸਣੇ ਕੇਸੀਂ ਇਸ਼ਨਾਨ ਕਰਨ, ਦਾਤਨ ਕਰਨ ਅਤੇ ਸਾਫ ਬਸਤਰ ਪਹਿਨਣ ਦੀ ਰੀਤ ਚਲਾਈ। ਭਾਈ ਅਤਰ ਸਿੰਘ ਜੀ ਦੇ ਜ਼ਿੰਮੇ ਭਜਨ ਪੁਛਣ ਵਾਲੇ ਸੱਜਣ ਦੇ ਦੰਦਾਂ ਦੀ ਸਫਾਈ ਦੇਖਣ ਦੀ ਡਿਊਟੀ ਸੀ। ਦੁੱਧ, ਘਿਓ ਖਾਣ ਲਈ ਚੰਗੀਆਂ ਲਵੇਰੀਆਂ ਗਊਆਂ, ਮੱਝਾਂ ਅਥਵਾ ਦੇਸ਼ ਦੇ ਪਸ਼ੂ ਧਨ ਨੂੰ ਪਾਲਣ ਅਤੇ ਸਾਂਭਣ ਲਈ ਆਪ ਜੀ ਨੇ ਖੁਦ ਮਸਾਲ ਪੈਦਾ ਕੀਤੀ।

ਮਾਸ, ਸ਼ਰਾਬ, ਚੋਰੀ ਯਾਰੀ, ਝੂਠ, ਨਿੰਦਿਆ, ਠੱਗੀ, ਧੋਖਾ ਆਦਿ ਬੁਰਾਈਆਂ ਨੂੰ ਛੱਡਣ ਦਾ ਉਪਦੇਸ਼ ਦਿੱਤਾ।

ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਣ, ਨਾਮ ਜਪਣ, ਭਜਨ ਬੰਦਗੀ ਕਰਨ, ਮਰਦਾਂ ਦੇ ਨਾਲ ਹੀ ਦੀਵਾਨ ਵਿਚ ਬੈਠ ਕੇ ਸ਼ਬਦ ਬਾਣੀ ਪੜ੍ਹਣ ਸੁਣਨ ਦੇ ਅਧਿਕਾਰਾਂ ਦੀ ਲੋਪ ਹੋਈ ਸਿੱਖ ਰੀਤੀ ਨੂੰ ਸੁਰਜੀਤ ਕੀਤਾ। ਘੁੰਡ ਯਾ ਪਰਦੇ ਦੇ ਬੁਰੇ ਰਿਵਾਜ ਨੂੰ ਤਿਆਗਣ, ਘਰ ਦਾ ਸਾਰਾ ਕੰਮ ਹੱਥੀਂ ਕਰਨ, ਪਤੀ ਦੀ ਆਗਿਆ ਵਿਚ ਰਹਿਣ, ਉਸ ਦੀ ਸੇਵਾ ਕਰਨ, ਘਰ ਆਏ ਅਤਿਥੀ ਅਤੇ ਸਿੱਖ ਨੂੰ ਯਥਾਸ਼ਕਤਿ ਭੋਜਨ, ਬਸਤ੍ਰ ਦੇਵਨ, ਆਦਿ ਸ਼ੁਭ ਗੁਣਾਂ ਦੀ ਪਾਲਨਾ ਕਰਨ ਦਾ ਹੁਕਮ ਦਿੱਤਾ। ਜੰਮਦੀਆਂ ਹੀ ਕੁੜੀਆਂ ਮਾਰਨ, ਉਨ੍ਹਾਂ ਦਾ

ਮੁੱਲ ਲੈ ਕੇ ਬੁੱਢੇ ਰੋਗੀ, ਦਰਿਦ੍ਰੀ, ਬਦਮਾਸ਼, ਕੁਰਹਿਤੀਏ, ਕੁਕਰਮੀ, ਅਸਿਖ ਨਾਲ ਵਿਆਹ ਕਰਨ, ਵੱਟੇ ਯਾ ਵਟਾਂਦਰੇ ਦੇ ਆਹਮੋ ਸਾਹਮਣੇ ਸਾਕ ਲੈਣ ਦੇਣ ਦੀ ਉੱਕੀ ਹੀ ਮਨਾਹੀ ਕੀਤੀ। ਵਿਆਹ ਸਮੇਂ ਦੀਆਂ ਖਾਨਦਾਨਾਂ ਅਤੇ ਬੰਦਿਆਂ ਨੂੰ ਤਬਾਹ ਕਰ ਦੇਣ ਵਾਲੀਆਂ ਬੁਰਾਈਆਂ, ਚੜ੍ਹਾਵਾ, ਦਾਜ, ਬਾਜੇ, ਅਸਤਬਾਜੀਆਂ, ਤਾਇਫੇ, ਗਵੱਈਏ, ਮਰਾਸੀ, ਨਕਲੀਏ, ਭਾਂਡ, ਕੰਜਰੀਆਂ, ਸ਼ਰਾਬਾਂ, ਲਾਗ, ਸੁੱਟ, ਘੋੜੀਆਂ ਜੋੜੀਆਂ, ਸੱਸਾਂ, ਨਨਾਣਾਂ ਲਈ ਗਹਿਣੇ ਅਤੇ ਤਿਉਰ ਆਦਿ ਨੂੰ ਬਿਲਕੁਲ ਹੀ ਛੱਡ ਦੇਣ ਦਾ ਹੁਕਮ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੇਦੀ ਗੱਡ ਕੇ ਅਤੇ ਹਵਨ ਕਰਕੇ ਸਿੱਧੇ ਸਾਦੇ ਤਰੀਕੇ ਨਾਲ ਅਨੰਦ ਕਾਰਜ ਕਰਨ ਦੀ ਰੀਤ ਚਲਾਈ। ਮੌਤ ਪਿੱਛੋਂ ਬੁੱਢੇ ਬੁੱਢੜੀਆਂ ਦੇ ਨੱਕ ਉੱਚੇ ਕਰਨ, ਪਟੜੀ ਫੇਰ ਗਦੇਂੜੇ ਫੇਰਨ, ਪਿੰਡ ਨੂੰ ਪੱਕੀ ਰੋਟੀ ਖੁਲਾਉਣ ਯਾ ਕੱਚੀ ਰਸਦ ਦੇਣ ਦੀਆਂ ਭੈੜੀਆਂ ਰਸਮਾਂ ਨੂੰ ਉੱਕਾ ਹੀ ਰੋਕਣ ਲਈ ਪ੍ਰਚਾਰ ਕੀਤਾ। ਵਿਛੜੇ ਸੱਜਣਾਂ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪਾਠਾਂ ਦੇ ਭੋਗ ਪਾ ਕੇ ਉਨ੍ਹਾਂ ਦੀ ਆਤਮਾਵਾਂ ਲਈ ਅਰਦਾਸਾਂ ਕਰਨ ਦੀ ਰਹੁਰੀਤ ਚਲਾਈ। ਲੜਕੀ ਦੇ ਵਿਆਹ ਕਰਨ ਦੀ ਉਮਰ ਘੱਟ ਘੱਟ ੧੬ ਸਾਲ ਮੁਕੱਰਰ ਕੀਤੀ। ਲੜਕੀਆਂ ਨੂੰ ਵਿਦਿਆ ਪੜ੍ਹਾਵਣ ਤੇ ਜ਼ੋਰ ਦਿੱਤਾ। ਵਿਧਵਾ ਇਸਤਰੀਆਂ ਦੇ ਦੁਬਾਰਾ ਵਿਆਹ ਕਰਨ ਦਾ ਰਿਵਾਜ ਜਾਰੀ ਕੀਤਾ।

ਆਪ ਜੀ ਦੇ ਧਰਮ ਪ੍ਰਚਾਰ ਸੰਬੰਧੀ ਡਾਕਟਰ ਗੰਡਾ ਸਿੰਘ ਜੀ ਨੇ ਆਪਣੀ ਪੁਸਤਕ "ਕੂਕਿਆਂ ਦੀ ਵਿਥਿਆ" ਦੂਜੀ ਛਾਪ ਦੇ ਪੰਨਾ ੩੫ ਤੇ ਇਸ ਪ੍ਰਕਾਰ ਲਿਖਿਆ ਹੈ—

"ਆਪ ਜੀ ਦੇ ਪ੍ਰਚਾਰ ਦਾ ਮੁਖ ਮੰਤਵ ਧਾਰਮਿਕ ਤੌਰ ਤੇ ਡਾਵਾਂ ਡੋਲ ਹੋ ਰਹੇ ਸਿੱਖਾਂ ਵਿਚੋਂ ਕੁਰੀਤੀਆਂ ਦੂਰ ਕਰਕੇ ਸਿੱਖੀ ਨੂੰ ਸੁਰਜੀਤ ਰੱਖਣਾ ਸੀ, ਆਪ ਦਾ ਕੰਮ ਇਕ ਸੁਧਾਰਕ ਆਗੂ ਦਾ ਸੀ। ਪ੍ਰਚਾਰ ਦੇ ਦੌਰੇ ਉੱਤੇ ਜਿਥੇ ਕਿਤੇ ਭੀ ਆਪ ਜਾਂਦੇ, ਸਿੱਖੀ ਤੋਂ ਦੁਰੇਡੇ ਹੋ ਚੁੱਕੇ ਹੋਏ ਯਾ ਅਨਮਤਾਂ ਵਿਚੋਂ ਬਣੇ ਹੋਏ ਸ਼ਰਧਾਲੂਆਂ ਨੂੰ ਬਿਨਾਂ ਇਸਤਰੀ ਮਰਦ ਦੇ ਵਿਤਕਰੇ ਦੇ ਖੰਡੇ ਦਾ ਅੰਮ੍ਰਿਤ ਛਕਾਉਂਦੇ, ਪੰਜ ਕਕਾਰ ਅਤੇ ਖਾਲਸਾ ਰਹਿਤ ਦੇ ਧਾਰਨੀ ਬਣਾਉਂਦੇ ਸਨ। ਆਪ ਸਿੱਖੀ ਦੇ ਅਭਿਲਾਖੀਆਂ ਵਿਚ ਉਨ੍ਹਾਂ ਦੇ ਪਹਿਲੇ ਮਤ ਯਾ ਜ਼ਾਤ ਦੇ ਕਾਰਨ ਲਈ ਭਿੰਨ—ਭੇਦ ਨਹੀਂ ਸਨ ਕਰਦੇ।"

ਉਸ ਸਮੇਂ ਦੇ ਇਕ ਵੱਡੇ ਸਰਕਾਰੀ ਅਫਸਰ ਮਿਸਟਰ ਕਿਨਚੈਂਟ ਨੇ ੧੭੬੩ ਵਿਚ ਕੂਕਿਆਂ ਦੇ ਅਸੂਲਾਂ ਸੰਬੰਧੀ ਇਸ ਪ੍ਰਕਾਰ ਲਿਖਿਆ ਸੀ—

"ਗੁਰੂ ਗੋਬਿੰਦ ਸਿੰਘ ਦਾ ਗ੍ਰੰਥ ਹੀ ਕੇਵਲ ਸਤਿ ਹੈ ਜੋ ਸੁਰਤੀ ਯਾ ਧੁਰ ਕੀ ਬਾਣੀ ਹੈ ਅਤੇ ਕੇਵਲ ਇਹ ਹੀ ਪ੍ਰਚਲਤ ਪਵਿਤ੍ਰ ਲਿਖਤ ਹੈ। ਕੇਵਲ ਗੁਰੂ ਗੋਬਿੰਦ ਸਿੰਘ ਹੀ ਗੁਰੂ ਹੈ। ਹਰ ਪ੍ਰਾਣੀ ਬਿਨਾ ਜ਼ਾਤ ਅਤੇ ਧਰਮ ਦੇ ਵਿਤਕਰੇ ਦੇ ਸਿਖ ਬਣ ਸਕਦਾ ਹੈ। ਸੋਢੀ, ਬੇਦੀ, ਮਹੰਤ, ਬਰਾਹਮਣ ਅਤੇ ਇਹੋ ਜਿਹੇ ਹੋਰ ਸਭ ਦੂਸਰੇ (ਗੁਰੂ ਸਦੋਂਣ ਵਾਲੇ) ਪਖੰਡੀ ਬਹੁਰੂਪੀਏ ਹਨ। ਕਿਉਂਕਿ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ ਹੈ। ਦੇਵੀ-ਦ੍ਵਾਰੇ, ਸ਼ਿਵ-ਦ੍ਵਾਲੇ ਤੇ ਮੰਦਰ ਲੁਟ ਦੇ ਸਾਧਨ ਹਨ ਜਿਨ੍ਹਾਂ ਦੀ ਮਾਨਤਾ ਤੇ ਯਾਤ੍ਰਾ ਘਿਰਣਾ ਯੋਗ ਹੈ। ਮੰਦਰ ਵਿੱਚ ਮੂਰਤੀਆਂ ਰੱਖਣਾ, ਮੂਰਤੀ ਪੂਜਾ ਕਰਨੀ ਪਰਮਾਤਮਾ ਦੀ ਨਿਰਾਦਰੀ ਹੈ, ਜੋ ਖਿਮਾ ਨਹੀਂ ਕੀਤੀ ਜਾਵੇਗੀ। ਨਵੇਂ ਸਜੇ ਸਿਖਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਗ੍ਰੰਥ ਪੜ੍ਹਨ ਦੀ ਆਗਿਆ ਹੈ ਹੋਰ ਕਿਸੇ ਗ੍ਰੰਥ ਦੀ ਨਹੀਂ।"

ਸੰਨ ੧੮੬੩ ਦੀਆਂ ਨਾਮਧਾਰੀਆਂ ਸੰਬੰਧੀ ਸਰਕਾਰੀ ਖਬਰਾਂ ਦੀਆਂ ਰਪੋਟਾਂ ਵਿੱਚ ਆਪ ਜੀ ਦੇ ਧਰਮ ਪ੍ਰਚਾਰ ਸੰਬੰਧੀ ਇਸ ਪ੍ਰਕਾਰ ਲਿਖਿਆ ਹੈ—"ਉਹ ਸਿਖਾਂ ਵਿੱਚ ਜ਼ਾਤ ਪਾਤ ਦੇ ਭਿੰਨ-ਭੇਤ ਮਿਟਾ ਰਿਹਾ ਹੈ। ਸਭ ਸ੍ਰੇਣੀਆਂ ਵਿੱਚ ਪ੍ਰਸਪਰ ਖੁਲ੍ਹੀਆਂ ਵਿਆਹ ਸ਼ਾਦੀਆਂ ਦੇ ਹੱਕ ਵਿੱਚ ਹੈ। ਵਿਧਵਾ ਵਿਆਹ ਕਰਨ ਲਈ ਆਗਿਆ ਕਰਦਾ ਹੈ, ਸ਼ਰਾਬ ਤੇ ਨਸ਼ਿਆਂ ਤੋਂ ਰੋਕਦਾ ਹੈ। ਮਰਦਾਂ ਤੇ ਇਸਤਰੀਆਂ ਦੇ ਵਿਚਕਾਰ ਆਪਸ ਵਿੱਚ ਖੁਲ੍ਹੇ ਮੇਲ ਜੋਲ ਦਾ ਹਾਮੀ ਹੈ।" (ਨੋਟ-ਉਕਤ ਭਾਵ ਪਰਦਾ ਰਖਣ ਯਾ ਘੁੰਡ ਕੱਢਣ ਦੀ ਮਨਾਹੀ ਅਤੇ ਦੀਵਾਨਾਂ ਵਿੱਚ ਇਕੱਠੇ ਬੈਠਣ ਦੀ ਆਗਿਆ ਦੀਆਂ ਰੀਤੀਆਂ ਤੋਂ ਲਿਆ ਗਿਆ ਮਲੂਮ ਦਿੰਦਾ ਹੈ।) ਉਸ ਦੇ ਦੀਵਾਨਾਂ ਵਿੱਚ ਇਸਤ੍ਰੀਆਂ ਮਰਦ ਖੁਲ੍ਹੇ ਵਿਚਰਦੇ ਹਨ। ਹਜ਼ਾਰਾਂ ਇਸਤ੍ਰੀਆਂ ਅਤੇ ਨੌ-ਜਵਾਨ ਲੜਕੀਆਂ ਉਸ ਦੀ ਸੰਪ੍ਰਦਾਇ ਵਿੱਚ ਸ਼ਾਮਿਲ ਹੋਈਆਂ ਹੋਈਆਂ ਹਨ। ਉਹ ਆਪਣੇ ਸੇਵਕਾਂ ਨੂੰ ਪਵਿਤ੍ਰ ਤੇ ਸਤਯਵਾਦੀ ਹੋਣ ਦਾ ਉਪਦੇਸ਼ ਦਿੰਦਾ ਹੈ। ਉਸ ਦੀ ਇਕ ਹਦਾਇਤ ਇਹ ਹੈ—ਇਹ ਚੰਗਾ ਹੈ ਕਿ ਹਰ ਇਕ ਆਦਮੀ ਲਾਠੀ ਸੋਟਾ ਰਖੇ, ਅਤੇ ਉਹ ਸਭ ਰਖਦੇ ਹਨ, ਕੇਵਲ ਗ੍ਰੰਥ ਸਾਹਿਬ ਹੀ ਉਨ੍ਹਾਂ ਦਾ ਪ੍ਰਮਾਣੀਕ ਗ੍ਰੰਥ ਹੈ। ਨਾਮਧਾਰੀਏ ਸਿੰਘਾਂ ਦੀ ਪਛਾਣ ਸਿਰ ਤੇ ਸਿੱਧੀ ਪੱਗ, ਗਲ ਵਿੱਚ (ਨਾਮ ਜਪਣ ਲਈ ਪਾਈ ਹੋਈ) ਉੱਨ ਦੀ ਮਾਲਾ ਅਤੇ ਆਪਸ ਵਿੱਚ ਮਿਲਣ ਅਤੇ ਵਿਛੜਨ ਸਮੇਂ ਉੱਚੀ ਉੱਚੀ ਬਾਰ ਬਾਰ ਸਤਿ ਸ੍ਰੀ ਅਕਾਲ ਗਜੋਣ ਦੇ ਬੋਲਿਆਂ ਤੋਂ ਹੁੰਦੀ ਹੈ।

ਗੁਰੂ ਰਾਮ ਸਿੰਘ ਜੀ ਦੇ ਸਿੱਖੀ ਦੇ ਧਾਰਮਕ ਸਦਾਚਾਰਕ

ਅਤੇ ਸਮਾਜਕ ਨਿਯਮਾਂ ਨੂੰ ਪ੍ਰਚਾਰ ਕਰਨ ਅਤੇ ਫੈਲਾਉਣ ਦਾ ਬਹੁਤ ਜਲਦੀ ਅਤੇ ਬਹੁਤ ਜ਼ਿਆਦਾ ਅਸਰ ਹੋਇਆ। ਪਿੰਡਾਂ ਦੀ ਆਮ ਜਨਤਾ ਜੱਟ, ਤਰਖਾਣ, ਛੀਂਬੇ, ਅਤੇ ਅਖੌਤੀ ਅਛੂਤ ਜਾਤੀਆਂ ਵਿਚੋਂ ਰਹਿਤੀਏ, ਰਾਮਦਾਸੀਏ, ਚਮਾਰ, ਚੂਹੜੇ ਜਿਨ੍ਹਾਂ ਦੀ ਗਿਣਤੀ ਪਿੰਡਾਂ ਵਿਚ ਉਸ ਸਮੇਂ ਮੁਸਲਮਾਨਾਂ ਨੂੰ ਛੱਡ ਕੇ ਬਾਕੀ ਗਿਣਤੀ ਦਾ ੯੮ ਪ੍ਰਤੀ ਸੈਂਕੜਾ ਸੀ, ਹਜ਼ਾਰਾਂ ਦੀ ਗਿਣਤੀ ਵਿੱਚ ਅੰਮ੍ਰਿਤ ਛਕ ਕੇ ਕੇਸਾਧਾਰੀ ਸਿੰਘ ਸਜਣੇ ਸ਼ੁਰੂ ਹੋਏ। ਪੰਜਾਬ ਦੇ ਪਿੰਡਾਂ ਵਿੱਚ ਬਰਾਹਮਣਾਂ ਦੀ ਗਿਣਤੀ ੧੦੦ ਪ੍ਰਤੀ ੨ ਹੀ ਹੁੰਦੀ ਹੈ। ਅਤੇ ਉਹ ਸਦੀਆਂ ਤੋਂ ਹੀ ਜੱਟਾਂ ਦੀ ਜਜਮਾਨੀ ਪਰੋਹਤੀ, ਜੰਮਣ ਅਤੇ ਮੌਤ ਦੇ ਸੰਸਕਾਰ ਕਰਵਾਕੇ, ਇਨ੍ਹਾਂ ਪਾਸੋਂ ਦਾਨ ਦੱਖਣਾ ਲੈ ਕੇ ਜੀਵਨ ਬਿਤਾਂਦੇ ਹਨ। ਨਾਮਧਾਰੀ ਬਣਕੇ ਲੋਕੀਂ ਆਪਣੇ ਸਾਰੇ ਸੰਸਕਾਰ ਗੁਰਮਰਯਾਦਾ ਅਨੁਸਾਰ ਖੁਦ ਹੀ ਕਰਨ ਲਗ ਪਏ, ਯਾ ਗਰੰਥੀਆਂ ਤੋਂ ਕਰਵੋਣ ਲਗ ਪਏ। ਇਸ ਦਾ ਸਿੱਧਾ ਅਸਰ ਬਰਾਹਮਣਾਂ ਦੀ ਉਪਜੀਵਕਾ ਦੇ ਵਸੀਲਿਆਂ ਤੇ ਪਿਆ। ਉਨ੍ਹਾਂ ਨੇ ਆਪਣੀ ਆਮਦਨੀ ਅਤੇ ਮਾਨ ਪ੍ਰਤਿਸ਼ਟਾ ਜਾਂਦੀ ਦੇਖਕੇ ਨਾਮਧਾਰੀਆਂ ਦੀ ਸਖਤ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਲੋਕਾਂ ਬਾਹਮਣਾਂ ਨੂੰ ਮਖੌਲ ਕਰਨ ਵਜੋਂ ਗੀਤ ਬਣਾਏ—

"ਗਈ ਬਾਹਮਣਾ ਤੇਰੇ ਖੀਰ ਹੱਥਾਂ ਚੋਂ"

ਸਰਦਾਰ ਗੰਡਾ ਸਿੰਘ ਜੀ ਨੇ ਆਪ ਜੀ ਦੇ ਪ੍ਰਚਾਰ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ, "ਥਾਉਂ ਥਾਈਂ ਸੋਢੀਆਂ ਬੇਦੀਆਂ ਤੇ ਪਖੰਡੀ ਸਾਧਾਂ ਦੀ ਸਫਾ ਲਪੇਟ ਹੋਣ ਲਗ ਪਈ ਤੇ ਲੋਕ ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸਜਣੇ ਸ਼ੁਰੂ ਹੋ ਗਏ। ਇਸ ਤਰ੍ਹਾਂ ਸਿੱਖੀ ਪ੍ਰਚਾਰ ਦੀ ਲਹਿਰ ਚਲ ਪਈ। (ਪੰਨਾ ੫੧) ਆਪ ਨੇ ਆਪਣਾ ਜੀਵਨ ਹਿੰਦੂ ਬ੍ਰਾਹਮਣਾਂ ਤੇ ਮੁਸਲਮਾਨ ਪੀਰਾਂ ਫਕੀਰਾਂ ਦੇ ਅਸਰ ਨਾਲ ਸਿੱਖਾਂ ਵਿਚ ਆ ਵੜੀਆਂ ਕੁਰੀਤਾਂ ਨੂੰ ਦੂਰ ਕਰਕੇ ਨਿਰੋਲ ਸਿੱਖੀ ਦੇ ਪ੍ਰਚਾਰ ਵੱਲ ਲਾਉਣਾ ਅਰੰਭਿਆ, ਲੋਕਾਂ ਦੇ ਖਿਆਲਾਤ ਵਿਚ ਤਬਦੀਲੀ ਪੈਦਾ ਕਰਨ ਲਈ ਆਪ ਨੇ ਸਭ ਤੋਂ ਪਹਿਲਾਂ ਬ੍ਰਾਹਮਣਾਂ ਅਤੇ ਆਪਣੇ ਆਪ ਨੂੰ ਗੁਰੂ ਕਹਾਉਣ ਵਾਲੇ ਸੋਢੀਆਂ ਬੇਦੀਆਂ ਦੇ ਵਿਰੁੱਧ ਇਕ ਜ਼ਬਰਦਸਤ ਆਵਾਜ਼ ਉਠਾਈ। (ਪੰਨਾ ੨੪੧)

ਇਸ ਸਮੇਂ ਵਿਚ ਹੀ ਲੋਕਾਂ ਨੇ ਇਹ ਨਵੀਂ ਕਹਾਵਤ ਘੜ ਲਈ-"ਸੱਪ, ਸੀਹੋਂ, ਸੋਢੀਓਂ ਬਖਸ਼ ਲਈ ਕਰਤਾਰ।"

"ਆਪ ਜੀ ਦੇ ਪ੍ਰਚਾਰ ਦਾ ਨਤੀਜਾ ਇਹ ਹੋਇਆ ਕਿ ਅੰਮ੍ਰਿਤਧਾਰੀ ਸਿੰਘਾਂ ਦੇ ਨਾਲ ਨਾਲ ਹਿੰਦੂਆਂ ਵਿਚ ਭੀ ਸਿੱਖੀ ਲਈ ਸ਼ਰਧਾ ਤੇ ਪ੍ਰੇਮ ਵਧਣਾ ਸ਼ੁਰੂ ਹੋ ਗਿਆ ਅਤੇ ਬੇਸ਼ੁਮਾਰ ਹਿੰਦੂ ਗੁਰਮੁਖੀ ਸਿੱਖਣ, ਗੁਰਬਾਣੀ ਪੜ੍ਹਣ ਤੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਲੱਗ ਪਏ। ਇਸ ਤਰ੍ਹਾਂ ਇਹ ਸਹਿਜੇ ਸਿੱਖੀ ਵੱਲ ਖਿਚੇ ਆਉਣ ਲੱਗ ਪਏ ਤੇ ਕਈਆਂ ਨੇ ਜੋ ਵਡੇਰੀ ਉਮਰ ਯਾ ਬ੍ਰਾਹਮਣੀ ਅਸਰ ਦੇ ਬਹੁਤ ਜ਼ਿਆਦਾ ਹੋਣ ਕਰਕੇ ਆਪ ਪੂਰਣ ਕੇਸਾਧਾਰੀ ਤੇ ਰਹਿਤਵਾਨ ਨਾ ਹੋ ਸਕੇ, ਅਪਣੇ ਅਗਲੇ ਪੋਚ ਨੂੰ ਸਿੰਘ ਸਜਾਉਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਜਿਥੇ ਸਿੰਘਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ ਉਥੇ ਸਹਿਜਧਾਰੀ ਸਿੱਖਾਂ ਦੀ ਗਿਣਤੀ ਭੀ ਚੋਖੀ ਹੋ ਗਈ। ... ਹਿੰਦੂਆਂ ਵਿਚ ਭੀ ਇਸ ਤਰ੍ਹਾਂ ਸਿੱਖੀ ਲਈ ਪ੍ਰੇਮ ਦੀ ਲਹਿਰ ਚਲਾ ਦੇਣ ਦਾ ਸਿਹਰਾ ਬਾਬਾ ਰਾਮ ਸਿੰਘ ਜੀ ਦੇ ਸਿਰ ਹੈ। (ਹਵਾਲਾ ਕੂਕਿਆਂ ਦੀ ਵਿਥਿਆ ਪੰਨਾ ੩੪੪)

ਗੁਰੂ ਰਾਮ ਸਿੰਘ ਜੀ ਨੇ ਸਿੱਖੀ ਧਰਮ, ਸੇਵਾ, ਪਰਉਪਕਾਰ, ਸਵਛ ਰਹਿਣੀ, ਸਦਾਚਾਰ ਭਰੀ ਬਹਿਣੀ ਸੱਚ ਕਹਿਣੀ ਅਤੇ ਨਿਰਮਲ ਕਰਨੀ ਦੀਆਂ ਉੱਚੀਆਂ ਸਿਕਸ਼ਾਵਾਂ ਦਿੱਤੀਆਂ। ਕੁਰੀਤੀਆਂ ਅਤੇ ਭੈੜੇ ਰਿਵਾਜਾਂ ਤੋਂ ਸਾਫ ਕਰ ਕੇ ਸਾਦਾ ਜੀਵਨ ਬਿਤੌਣ ਦੀਆਂ ਜਾਚਾਂ ਦੱਸੀਆਂ। ਆਪ ਜੀ ਦਾ ਇਹ ਪੱਕਾ ਨਿਸਚਾ ਸੀ, ਕਿ ਕੋਈ ਭੀ ਦੇਸ਼ ਕੌਮ ਸਿਆਸੀ ਤੌਰ ਤੇ ਪ੍ਰਾਧੀਨ ਯਾ ਗੁਲਾਮ ਰਹਿ ਕੇ ਆਤਮਿਕ, ਸਮਾਜਿਕ ਅਤੇ ਆਰਥਿਕ ਤਰੱਕੀ ਨਹੀਂ ਕਰ ਸਕਦਾ। ਕੌਮੀ ਤਰੱਕੀ ਲਈ ਸਭ ਤੋਂ ਪਹਿਲੋਂ ਇਹ ਜ਼ਰੂਰੀ ਹੈ ਕਿ ਸਮਾਜ ਦਾ ਹਰ ਇਕ ਇਨਸਾਨ ਆਪਣੀ ਰੋਜ਼ੀ ਕਮਾਉਣ ਦੇ ਵਸੀਲਿਆਂ ਵਿਚ ਕਿਸੇ ਹੋਰ ਦਾ ਦਾਸ ਨਾ ਹੋਵੇ। ਉਸ ਪਾਸ ਸਰੀਰਕ ਬਲ, ਅਕਲ, ਸਾਹਸ, ਨਰੋਆ ਸਰੀਰ, ਮਿਹਨਤ ਕਰਨ ਦੀ ਆਦਤ ਹੁੰਦਿਆਂ ਹੋਇਆਂ, ਉਹ ਉਪਜੀਵਕਾ ਹਾਸਲ ਕਰਨ ਲਈ ਕਿਸੇ ਧਨਾਢ ਅਤੇ ਸ਼ਾਹੂਕਾਰ ਦਾ ਮੁਥਾਜ ਨਾ ਹੋਵੇ। ਆਪ ਜੀ ਦਾ ਉਪਦੇਸ਼ ਸੀ ਕਿ ਹਰ ਇਕ ਆਦਮੀ ਹੱਥੀਂ ਮਿਹਨਤ ਕਰਕੇ ਜੀਵਨ ਬਿਤਾਵੇ। ਕੋਈ ਵੇਹਲਾ ਨਾ ਰਹੇ। ਨਾ ਹੀ ਧਰਮ ਦੇ ਨਾਮ ਤੇ ਅਤੇ ਨਾ ਹੀ ਧਨੀ ਹੋਵਣ ਦੀ ਹੈਸੀਅਤ ਵਿਚ। ਧੋਖੇ ਨਾਲ ਧੰਨ ਇਕੱਠਾ ਕਰਕੇ ਇਤਨੇ ਉੱਚੇ ਬਣਨ ਦੀ ਕੋਸ਼ਿਸ਼ ਨਾ ਕਰੋ ਕਿ ਨਾਲ ਰਹਿਣ ਵਾਲੇ ਹਜ਼ਾਰਾਂ ਗਰੀਬਾਂ ਦੀਆਂ ਟੁੱਟੀਆਂ ਛੰਨਾਂ ਦੇ ਕੋਲ ਤੁਹਾਡਾ ਹੀ ਇਕੋ ਇਕ ਮਹਿਲ ਹੋਵੇ। ਇਸ ਕੋਸ਼ਿਸ਼ ਵਿਚ ਜੀਵਨ ਬਤੀਤ ਨਾ ਕਰੋ ਕਿ ਸਭ ਦਾ ਧੰਨ ਇਕੱਠਾ ਕਰਕੇ ਧਜਾ ਲਾਕੇ ਉਸ ਉੱਪਰ ਜੋਤਾਂ ਜਗਾਈਆਂ ਜਾਣ। ਸਗੋਂ ਇਹ ਉੱਦਮ ਕਰੋ ਕਿ ਗਰੀਬ ਬੰਦੇ ਦਰਿੱਦਰਤਾ ਦੇ ਚਿੱਕੜ ਵਿਚੋਂ ਨਿਕਲ ਕੇ ਇਨਸਾਨੀ ਭਾਈਚਾਰੇ ਵਿਚ ਤੁਹਾਡੇ ਨਾਲ ਇਕ ਸਨਮਾਨ ਵਾਲੀ ਥਾਂ ਤੇ ਖਲੋ ਸਕਣ। ਧੰਨ, ਜਾਇਦਾਦ, ਵਿਦਿਆ, ਜਪ, ਤਪ, ਭਜਨ ਬੰਦਗੀ ਆਦਿ ਤੋਂ ਪ੍ਰਾਪਤ ਫੋਕੀ

ਵਡਿਆਈ ਨੂੰ ਤੋੜਨ ਲਈ ਇਹ ਰਿਵਾਜ ਚਲਾਇਆ ਕਿ ਮਿਲਣ ਸਮੇਂ ਇਕ ਨਾਮਧਾਰੀ ਦੂਸਰੇ ਨਾਮਧਾਰੀ ਦੇ ਚਰਨਾਂ ਨੂੰ ਜਰੂਰ ਹੱਥ ਲਾਵੇ। ਆਪ ਜੀ ਦੇ ਖਿਆਲਾਂ ਅਨੁਸਾਰ ਸਮਾਜ ਸਮਾਨਤਾ ਦਾ ਯੁੱਗ ਲਿਆਉਣ ਲਈ ਇਹ ਜਰੂਰੀ ਹੈ ਕਿ ਵੱਡਿਆਂ ਨੂੰ ਨੀਵੀਂ ਪੱਧਰ ਤੇ ਲਿਆਂਦਾ ਜਾਵੇ ਅਤੇ ਨੀਵਿਆਂ ਨੂੰ ਚੁੱਕ ਕੇ ਉੱਚੀ ਥਾਂ ਤੇ ਲਿਆ ਖੜ੍ਹਾ ਕੀਤਾ ਜਾਵੇ।

ਆਪਣੀ ਪਿਆਰੀ ਮਾਤ੍ਰੀ ਭੂਮੀ ਭਾਰਤ ਨੂੰ ਵਿਦੇਸ਼ੀ ਅੰਗਰੇਜ਼ੀ ਹਾਕਮਾਂ ਦੀ ਗੁਲਾਮੀ ਤੋਂ ਛੁੜਾਉਣ ਲਈ ਆਪ ਜੀ ਨੇ ਸੋਚਾਂ ਵਿਚਾਰਾਂ ਪਿਛੋਂ ਇਸ ਪ੍ਰਕਾਰ ਦਾ ਕਾਰਜਕਰਮ ਹਿਦੁਸਤਾਨੀ ਜਨਤਾ ਦੇ ਅਗੇ ਰਖਿਆ ਅਤੇ ਨਾਮਧਾਰੀਆਂ ਨੂੰ ਸਦਾ ਲਈ ਇਸ ਤੇ ਚੱਲਣ ਲਈ ਸਖਤ ਹੁਕਮ ਜਾਰੀ ਕੀਤੇ—

੧. ਅੰਗਰੇਜ਼ ਹਾਕਮਾਂ ਵਲੋਂ ਚਲਾਏ ਗਏ ਕਾਨੂੰਨਾਂ ਦੀਆਂ ਕੜੀਆਂ ਆਪਣੇ ਗਲਾਂ ਵਿਚ ਨਾ ਪਾਓ। ਦੇਸ਼ ਦੇ ਪੁਰਾਣੇ ਨਿਆਏ ਦੇ ਅਸੂਲਾਂ ਅਤੇ ਰਿਵਾਜਾਂ ਨੂੰ ਮੰਨੋ।

੨. ਆਪਸ ਦੇ ਫੌਜਦਾਰੀ, ਜ਼ਮੀਨਾਂ ਜਾਇਦਾਦਾਂ ਸਬੰਧੀ ਝਗੜਿਆਂ ਨੂੰ ਅੰਗਰੇਜ਼ ਹਾਕਮਾਂ ਦੀਆਂ ਕਾਇਮ ਕੀਤੀਆਂ ਹੋਈਆਂ ਅਦਾਲਤਾਂ ਵਿਚ ਨਾ ਲਿਜਾਓ। ਐਸੇ ਝਗੜੇ ਪਿੰਡਾਂ ਦੀਆਂ ਪੰਚੈਤਾਂ ਅਤੇ ਗੋਤਾਂ ਦੀਆਂ ਪੰਚੈਤਾਂ ਵਿਚ ਨਬੇੜੋ।

੩. ਅੰਗਰੇਜ਼ੀ ਹਕੂਮਤ ਵਲੋਂ ਕਾਇਮ ਕੀਤੇ ਗਏ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਨਾ ਪੜ੍ਹਾਓ। ਆਪਣੇ ਵਿਦਿਆਲਿਆਂ, ਚਾਟਸ਼ਾਲਾ ਅਤੇ ਪਾਠਸ਼ਾਲਾ ਵਿਚ ਬੱਚੇ ਬੱਚੀਆਂ ਨੂੰ ਪੜ੍ਹਾਓ।

੪. ਅੰਗਰੇਜ਼ਾਂ ਦੀ ਨੌਕਰੀ ਨਾ ਕਰੋ।

੫. ਵਲਾਇਤ ਦਾ ਬਣਿਆ ਹੋਇਆ ਕੱਪੜਾ ਅਤੇ ਹੋਰ ਮਾਲ ਨਾ ਵਰਤੋ। ਘਰ ਦੇ ਬਣੇ ਹੋਏ ਖੱਦਰ, ਉਨ ਦੇ ਕੱਪੜੇ ਪਹਿਨੋ ਅਤੇ ਸੁਦੇਸ਼ੀ ਮਾਲ ਦੀ ਵਰਤੋਂ ਕਰੋ।

੬. ਅੰਗਰੇਜ਼ੀ ਹਕੂਮਤ ਦੀਆਂ ਚਲਾਈਆਂ ਹੋਈਆਂ ਸੰਸਥਾਵਾਂ ਰੇਲ, ਡਾਕਖਾਨੇ, ਆਦਿ ਦੀ ਵਰਤੋ ਨਾ ਕਰੋ ਅਤੇ ਆਉਣ ਜਾਣ, ਖਬਰਾਂ ਪਹੁੰਚਾਣ ਆਪਸ ਦੇ ਮੇਲ ਤਾਲ ਲਈ, ਆਪਣੇ ਹੀ ਵਸੀਲੇ ਰਥ, ਬੈਲਗੱਡੀ, ਗੱਡਾ, ਘੋੜੇ, ਉਂਟ ਦੀ ਸਵਾਰੀ ਵਰਤੋ ਅਤੇ ਡਾਕ ਪਹੁੰਚਾਣ ਲਈ ਆਪਣੇ ਹਰਕਾਰਿਆਂ ਆਦਿ ਦਾ ਪ੍ਰਬੰਧ ਕਰੋ।

ਇਨ੍ਹਾਂ ਸਾਰੀਆਂ ਹਦਾਇਤਾਂ ਦਾ ਬੁਨਿਆਦੀ ਅਸੂਲ ਇਹ ਸੀ ਕਿ ਵਿਦੇਸ਼ੀ ਹਕੂਮਤ ਨਾਲ ਹਰ ਪ੍ਰਕਾਰ ਦਾ ਅਸਹਿਯੋਗ ਤੇ ਨਾਮਿਲਵਰਤਨ ਕੀਤਾ ਜਾਵੇ।

ਇਤਿਹਾਸ ਅਤੇ ਸਭਯਤਾ ਦੇ ਉੱਚ ਵਿਦਵਾਨ ਭਾਰਤੀਯ ਰਾਸ਼ਟਰਪਤੀ ਸ੍ਰੀ ਡਾਕਟਰ ਰਾਜਿੰਦਰ ਪ੍ਰਸ਼ਾਦ ਜੀ ਨੇ ਸੰਨ ੧੯੩੫ ਵਿਚ ਆਪਣੇ ਇਕ ਲੇਖ "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਸਿਧਾਂਤ" ਵਿਚ ਇਸ ਪ੍ਰਕਾਰ ਲਿਖਿਆ ਹੈ।

"ਗੁਰੂ ਰਾਮ ਸਿੰਘ ਸ੍ਵਤੰਤ੍ਰਤਾ ਕੋ ਭੀ ਧਰਮ ਕਾ ਅਵਸ਼ਕ ਅੰਗ ਸਮਝਤੇ ਥੇ ਔਰ ਨਾਮਧਾਰੀਓਂ ਕਾ ਸੰਗਠਨ ਬਹੁਤ ਜ਼ੋਰਦਾਰ ਹੋ ਗਿਆ ਥਾ। ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਜੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਯਾ ਉਸ ਕੋ ਗੁਰੂ ਰਾਮ ਸਿੰਘ ਨੇ ਪ੍ਰਾਯ: ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰਤ ਕੀਆ ਥਾ। ਉਨ ਕੇ ਸਿਧਾਂਤੋਂ ਮੇਂ ਪਾਂਚ ਚੀਜ਼ੇਂ ਹੈਂ: (੧) ਸਰਕਾਰੀ ਨੌਕਰੀ ਕਾ ਵਹਿਸ਼ਕਾਰ, (੨) ਸਰਕਾਰੀ ਸਕੂਲੋਂ ਕਾ ਵਹਿਸ਼ਕਾਰ, (੩) ਸਰਕਾਰੀ ਅਦਾਲਤੋਂ ਕਾ ਵਹਿਸ਼ਕਾਰ, (੪) ਵਿਦੇਸ਼ੀ ਵਸਤਰੋਂ ਕਾ ਵਹਿਸ਼ਕਾਰ, (੫) ਐਸੇ ਕਾਨੂੰਨ ਮਾਨਣੇ ਸੇ ਇਨਕਾਰ ਜੋ ਆਪਣੀ ਆਤਮਾ ਸੇ ਵਿਰੁੱਧ ਹੋਂ। (ਸਤਿਜੁਗ, ਬਸੰਤ ਅੰਕ ੧੦ ਮਾਘ ੧੯੯੨)

ਖੰਡੇ ਦਾ ਅੰਮ੍ਰਿਤ ਛਕਾਉਣ ਅਤੇ ਪੰਜ ਕਕਾਰ ਰੱਖਣ ਦੀ ਮਰਿਯਾਦਾ ਨੂੰ ਥਾਵਾਂ, ਗਰਾਵਾਂ ਵਿਚ ਰਹਿਣ ਵਾਲੀ ਆਮ ਜਨਤਾ ਲਈ ਰਲ ਮਿਲਕੇ ਆਪਸ ਵਿਚ ਪਿੰਡਾਂ ਵਿਚ ਹੀ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਅਤੇ ਛਕਾਉਣ ਦੇ ਰਿਵਾਜ ਨੂੰ ਸੁਰਜੀਤ ਕਰਕੇ ਆਪ ਜੀ ਨੇ ਸਿੱਖੀ ਦੇ ਵਧਣ, ਫੁੱਲਣ ਅਤੇ ਫੈਲਣ ਲਈ ਇਕ ਬਹੁਤ ਵੱਡਾ ਕਾਰਯਛੇਤਰ ਕਾਇਮ ਕਰ ਦਿੱਤਾ। ਇਹ ਰਿਵਾਜ ਪੂਜਾ ਦਾ ਧਾਨ ਖਾਣ ਵਾਲੇ ਤਖਤਾਂ ਦੇ ਗਰੰਥੀਆਂ, ਪੁਜਾਰੀਆਂ, ਅਰਦਾਸੀਆਂ, ਧੂਪੀਆਂ, ਇਤਿਹਾਸਕ ਗੁਰਦਵਾਰਿਆਂ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਤੇ ਕਬਜ਼ੇ ਕਰੀ ਬੈਠੇ ਮਹੰਤਾਂ, ਸੰਤਾਂ, ਸਿੱਖੀ ਸੇਵਕੀ ਦੀ ਕਾਰਭੇਟ ਦੀ ਕਮਾਈ ਤੇ ਗੁਜ਼ਾਰੇ ਕਰਨ ਵਾਲੇ ਸੋਢੀਆਂ ਬੇਦੀਆਂ ਅਤੇ ਇਲਾਕਿਆਂ ਦੀਆਂ ਸਿਖ ਸੰਗਤਾਂ ਦੇ ਆਪਣੇ ਆਪ ਬਣ ਬਣ ਕੇ ਬੈਠੇ ਹੋਏ ਅਤੇ ਕਹਾਉਣ ਵਾਲੇ ਗੁਰੂਆਂ ਲਈ ਉਨ੍ਹਾਂ ਦਿਆਂ ਰਿਜ਼ਕ ਦੇ ਠੂਠਿਆਂ ਨੂੰ ਭੰਨਣ ਸਮਾਨ ਸੀ। ਵਹਿਮਾਂ ਭਰਮਾਂ ਵਿਚ ਫਸੀ ਹੋਈ ਜਨਤਾ ਨੂੰ ਚਾਨਣ ਵਾਲੇ ਰਸਤੇ ਤੇ ਚੱਲਣ ਦਾ ਹੋਕਾ ਦੇਣਾ ਬੜੀਆਂ ਉੱਚੀਆਂ ਆਤਮਾਂ ਵਾਲੇ ਮਹਾਂ ਪੁਰਸ਼ਾਂ ਦਾ ਕੰਮ ਹੁੰਦਾ ਹੈ। ਸਰਦਾਰ ਕਪੂਰ ਸਿੰਘ ਜੀ ਨੇ ਆਪਣੀ ਪੁਸਤਕ ਸਪਤ ਸ਼੍ਰਿੰਗ ਵਿਚ ਇਸ ਗੱਲ ਨੂੰ ਇਸ ਪ੍ਰਕਾਰ ਬਿਆਨ ਕੀਤਾ ਹੈ—

"ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਭੀ ਇਤਿਹਾਸਕ ਵਿਅਕਤੀ ਅਜਿਹਾ ਨਹੀਂ ਹੋਇਆ, ਜਿਸ ਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ

ਹਮਾਗੀਰ ਤੇ ਉੱਚਾ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜੰਤਾ ਦੇ ਆਤਮਿਕ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜਕੇ, ਉਸ ਨੂੰ ਉੱਨਤੀ ਦੀ ਸਿਖਰ ਉੱਤੇ ਲੈ, ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ।(ਪੰਨਾ ੧੫) ਉਕਤ ਪੁਸਤਕ ਦੇ ਪੰਨਾ ੧੦ ਤੇ ਆਪ ਲਿਖਦੇ ਹਨ, "ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ, ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਹਿਨੁਮਾ ਹੋਏ ਹਨ ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਣ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ, ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤ੍ਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ ਵਿਚ ਖੜ੍ਹਾ ਕਰ ਦੇਂਦਾ ਹੈ।"

ਸੰਮਤ ੧੯੧੪ ਦੀ ਬਸਾਖੀ ਸਮੇਂ ਭੈਣੀ ਵਿਖੇ ਅੰਮ੍ਰਿਤ ਪ੍ਰਚਾਰ ਹੋਵਣ ਦੇ ਸਮੇਂ ਤੋਂ ਹੀ ਗੁਰੂ ਰਾਮ ਸਿੰਘ ਜੀ ਪਾਸ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ। ਏਥੇ ਆ ਕੇ ਲੋਕੀ ਅੰਮ੍ਰਿਤ ਛਕਦੇ ਅਤੇ ਭਜਨ ਪੁਛ ਕੇ ਆਪਣੇ ਆਪਣੇ ਪਿੰਡਾਂ ਨੂੰ ਚਲੇ ਜਾਂਦੇ। ਦਿਨੋ ਦਿਨ ਆਪ ਜੀ ਦੀ ਸ਼ੋਭਾ ਫੈਲਦੀ ਗਈ। ਡੇਰੇ ਵਿੱਚ ਹਰ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਹੁੰਦਾ ਰਹਿੰਦਾ ਅਤੇ ਭੋਗ ਪਾਏ ਜਾਂਦੇ। ਢੋਲਕੀ ਛੈਣਿਆਂ ਨਾਲ ਦੋਨੋਂ ਵੇਲੇ ਕੀਰਤਨ ਕੀਤਾ ਜਾਂਦਾ ਅਤੇ ਸ਼ਬਦ ਪੜ੍ਹੇ ਜਾਂਦੇ। ਆਲੇ ਦੁਆਲੇ ਅਤੇ ਨੇੜੇ ਨੇੜੇ ਦੇ ਪਿੰਡਾਂ ਦੀਆਂ ਸੰਗਤਾਂ ਦੀ ਬੇਨਤੀ ਤੇ ਆਪ ਉਨ੍ਹਾਂ ਪਿੰਡਾਂ ਵਿੱਚ ਜਾਕੇ ਅੰਮ੍ਰਿਤ ਛਕਾਂਦੇ ਅਤੇ ਉਪਦੇਸ਼ ਦਿੰਦੇ। ਜਿਸ ਕਿਸੇ ਪਿੰਡ ਜਾਂਦੇ, ਪਹਿਲੋਂ ਉਥੋਂ ਦੀ ਧਰਮਸਾਲ, ਥਾਈ ਯਾ ਦਰਵਾਜ਼ੇ ਦਾ ਪਤਾ ਪੁੱਛਕੇ ਉਸ ਦੀ ਬੜੀ ਚੰਗੀ ਤਰਹ ਸਫਾਈ ਕਰਵਾਕੇ ਉਸ ਪਿੰਡ ਵਿੱਚ ਕਿਸੇ ਉਦਾਸੀ ਸਾਧ ਯਾ ਪਰੇਮੀ ਦੇ ਘਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪਤਾ ਨਿਸ਼ਾਨ ਪੁੱਛ ਕੇ ਐਸੇ ਸਜਣ ਪਾਸੋਂ ਲਿਆਕੇ ਉਸ ਦਾ ਪ੍ਰਕਾਸ਼ ਕਰਕੇ ਸੰਗਤਾਂ ਨੂੰ ਉਪਦੇਸ਼ ਦਿੰਦੇ। ਸ਼ਰਾਬ, ਮਾਸ, ਹੁੱਕਾ, ਤੰਬਾਕੂ, ਭੰਗ, ਪੋਸਤ, ਅਫੀਮ, ਨਸ਼ਿਆਂ ਤੋਂ ਲੋਕਾਂ ਨੂੰ ਹਟਾਂਦੇ। ਕੁੜੀਆਂ ਮਾਰਨ ਤੋਂ ਵਰਜਦੇ। ਧੀਆਂ ਦੇ ਪੈਸੇ ਲੈ ਕੇ ਵਿਆਹ ਕਰਨ ਦੇ ਭੈੜੇ ਰਵਾਜ ਨੂੰ ਰੋਕਦੇ। ਆਪ ਜੀ ਦੇ ਇਸ ਉਪਦੇਸ਼ ਦੇ ਆਧਾਰ ਤੇ ਉਸ ਸਮੇਂ ਇਹ ਲੋਕ ਗੀਤ ਬਣਿਆ—

"ਨ ਬੇਚ ਕਮਾਰੀ ਵੇ ਬਾਬਲਾ ਲਾਲਚੀਆ।
ਗਲ ਗਊ ਕਟਾਰੀ ਵੇ ਬਾਬਲਾ ਲਾਲਚੀਆ।
ਤੇਰੀ ਗਈ ਮਤ ਮਾਰੀ ਵੇ ਬਾਬਲਾ ਲਾਲਚੀਆ।
ਨ ਬਣੀਂ ਬਪਾਰੀ ਵੇ ਬਾਬਲਾ ਲਾਲਚੀਆ।"

ਉਸ ਸਮੇਂ ਛਾਪੇ ਦੇ ਛਪੇ ਹੋਏ ਗੁਰੂ ਗ੍ਰੰਥ ਸਾਹਿਬ ਨਹੀਂ ਹੁੰਦੇ ਸਨ। ਲਖਾਰੀ ਪੇਸ਼ੇ ਦੇ ਕਸ਼ਮੀਰੀ ਪੰਡਤ ਯਾ ਕੋਈ ਕੋਈ ਲਖਾਰੀ ਸਾਧੂ ਉਦਾਸੀ ਯਾ ਨਿਰਮਲੇ ਹਥ ਲਿਖੀਆਂ ਨਕਲਾਂ ਤਿਆਰ ਕਰਦੇ ਅਤੇ ਚੰਗੇ ਮੁਲ ਤੇ ਵੇਚਦੇ। ਕਈ ਕਈ ਗਰਾਵਾਂ ਵਿਚ ਕੋਈ ਕੋਈ ਵਿਰਲਾ ਸੱਜਣ ਹੀ ਐਸੀ ਉਤਾਰੇ ਦੀ ਬੀੜ ਨੂੰ ਖਰੀਦ ਕੇ ਆਪਣੇ ਘਰ ਰਖਦਾ ਯਾ ਉਦਾਸੀ ਸਾਧੂ ਅਸਵਾਰਾ ਸਾਹਿਬ ਦੇ ਨਾਮ ਤੇ ਆਪਣੇ ਡੇਰੇ ਰਖਦੇ ਅਤੇ ਪਾਠ ਕਰਕੇ ਪੂਜਾ ਲੈਂਦੇ। ਲੇਖਕ ਦੇ ਅੰਦਾਜ਼ੇ ਅਨੁਸਾਰ ਸਾਰੇ ਪੰਜਾਬ ਵਿੱਚ ਅਤੇ ਸਿਖ ਰਿਆਸਤਾਂ ਵਿਚ ਐਸੀਆਂ ਲਿਖਤੀ ਬੀੜਾਂ ਦੀ ਗਿਣਤੀ ਉਸ ਸਮੇਂ ਢਾਈ ਯਾ ਤਿੰਨ ਹਜ਼ਾਰ ਤੋਂ ਜ਼ਿਆਦਾ ਨਹੀਂ ਸੀ। ਬਹੁਤੇ ਉਤਾਰੇ ਅੰਮ੍ਰਿਤਸਰ ਯਾ ਦਮਦਮੇਂ ਸਾਹਿਬ ਸਾਬੋ ਕੀ ਤਲਵੰਡੀ ਕੀਤੇ ਜਾਂਦੇ। ਨਕਲ ਕਰਨ ਵਾਲੇ ਕਸ਼ਮੀਰੀ ਲਿਖਾਰੀਆਂ, ਅੰਮ੍ਰਿਤਸਰ ਦੇ ਲਿਖਾਰੀਆਂ ਅਤੇ ਦਮਦਮੇ ਸਾਹਿਬ ਦੇ ਲਿਖਾਰੀਆਂ ਦਿਆਂ ਅਖਰਾਂ ਦੀਆਂ ਸ਼ਕਲਾਂ ਅਤੇ ਲਿਪੀਆਂ ਦੀ ਮਰੋੜੀਆਂ ਵਿਚ ਲਗ ਮਾਤਰਾਂ ਦਾ ਉਚਾਰਨ ਕਰਕੇ ਅਖਰ ਨੂੰ ਲਿਖਣ ਵਿਚ ਫਰਕ ਸੀ। ਗੁਰਪੁਰ ਵਾਸੀ ਡਾਕਟਰ ਕਰਮ ਸਿੰਘ ਜੀ ਲਾਹੌਰ ਵਾਲਿਆਂ ਦੀ ਖੋਜ ਅਨੁਸਾਰ ਇਸ ਸਮੇਂ ਤਕ ਵੱਖ ਵੱਖ ਸਮੇਂ ਵੱਖ ਵੱਖ ਲਿਖਾਰੀਆਂ ਦੀਆਂ ਹੱਥ ਲਿਖੀਆਂ ਬੀੜਾਂ ਵਿਚ ਕੋਈ ਇਕ ਹਜ਼ਾਰ ਤੋਂ ਉਪਰ ਲਗਾਂਮਾਤਰਾਂ ਅਤੇ ਅਖਰਾਂ ਦਾ ਫ਼ਰਕ ਸੀ। ਛਾਪੇ ਦੀਆਂ ਬੀੜਾਂ ਦਾ ਰਵਾਜ ਹੋਵਣ ਤੇ ਭੀ ਵੱਖ-ਵੱਖ ਛਾਪੇ ਖਾਨਿਆਂ ਦੀਆਂ ਛਪੀਆਂ ਬੀੜਾਂ ਵਿਚ ਅੱਖਰ, ਲਗ ਮਾਤਰਾਂ ਦੇ ਫਰਕ ਪੈਂਦੇ ਹੀ ਚਲੇ ਗਏ।

ਆਪ ਜੀ ਨੇ ਅੰਮ੍ਰਿਤ ਪ੍ਰਚਾਰ ਦੇ ਨਾਲ-ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਧ ਪਾਠ ਕਰਨ ਅਤੇ ਭੋਗ ਪਾਵਣ ਤੇ ਬਹੁਤ ਹੀ ਜ਼ਿਆਦਾ ਜ਼ੋਰ ਦਿੱਤਾ। ਜਿੱਥੇ ਜਿੱਥੇ ਭੀ ਨਾਮਧਾਰੀ ਸਿੰਘ ਸਜਦੇ, ਉਥੇ ਹੀ ਪਾਠ ਕੀਤੇ ਜਾਂਦੇ ਅਤੇ ਭੋਗ ਪਾਏ ਜਾਂਦੇ। ਭੈਣੀ ਡੇਰੇ ਵਿਖੇ ਸੰਮਤ ੧੯੧੪ ਤੋਂ ਹੀ ਸ਼ੁਰੂ ਸ਼ੁਰੂ ਵਿੱਚ ੫ ਸ੍ਰੀ ਗੁਰੂ ਗ੍ਰੰਥ ਸਾਹਿਬ ਖੁਹਲੇ ਰਹਿੰਦੇ ਅਤੇ ਪਾਠ ਤੁਰੇ ਹੀ ਰਹਿੰਦੇ। ਪਾਠ ਪੂਰੇ ਹੋਵਣ ਤੇ ਭੋਗ ਪਾਏ ਜਾਂਦੇ। ਥੋੜੇ ਚਿਰ ਪਿਛੋਂ ਇਹ ਗਿਣਤੀ ੧੧ ਹੋ ਗਈ ਅਤੇ ੧੯੭੧ ਤਕ ੨੫ ਤਕ ਪਹੁੰਚ ਗਈ। ਹਰ ਇਕ ਮੁਖੀ ਸੂਬੇ ਨੂੰ ਹਦਾਇਤ ਸੀ ਕਿ ਉਹ ਹਰ ਰੋਜ਼ ਘੱਟੋ ਘੱਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੦੦

ਪੰਨਿਆਂ ਦਾ ਪਾਠ ਜ਼ਰੂਰ ਕਰੇ। ਹਰ ਰੋਜ਼ ਦੋਨੋਂ ਵੇਲੇ ਡੇਰੇ ਵਿੱਚ ਦੀਵਾਨ ਲਗਦੇ ਅਤੇ ਆਪ ਜੀ ਭੀ ਦੀਵਾਨਾਂ ਵਿਚ ਸ਼ਾਮਲ ਹੋ ਕੇ ਸੰਗਤਾਂ ਦੇ ਨਾਲ ਹੀ ਢੋਲਕ ਛੈਣਿਆਂ ਨਾਲ ਸ਼ਬਦ ਪੜ੍ਹਦੇ। ਸੰਮਤ ੧੯੧੪ ਤੋਂ ਸੰਮਤ ੧੯੧੭ ਤਕ ਦੇ ਚਾਰ ਸਾਲ ਇਸੇ ਕਾਰਯਕਰਮ ਅਨੁਸਾਰ ਬਤੀਤ ਹੋਏ। ਅੰਮ੍ਰਿਤ ਪ੍ਰਚਾਰ ਕਰਨ ਲਈ ਆਪ ਜ਼ਿਲ੍ਹਾ ਲੁਧਿਆਣੇ ਦੇ ਪਿੰਡਾਂ ਸਿਆਹੜ, ਗੁਜਰਵਾਲ, ਰਾਏਪੁਰ, ਲੋਹਗੜ, ਬੱਸੀਆਂ ਅਤੇ ਜ਼ਿਲ੍ਹਾ ਜਲੰਧਰ ਵਿਚ ਮੁਠੱਡੇ, ਧੁਲੇਤੇ ਆਦਿ ਵੱਡੇ ਪਿੰਡਾਂ ਵਿਚ ਚਲੇ ਜਾਂਦੇ। ਆਮ ਕਰਕੇ ਸੰਗਤਾਂ ਭੈਣੀ ਹੀ ਪਹੁੰਚ ਜਾਂਦੀਆਂ ਅਤੇ ਏਥੇ ਹੀ ਅੰਮ੍ਰਿਤ ਛਕ ਕੇ ਭਜਨ ਬੰਦਗੀ ਦਾ ਉਪਦੇਸ਼ ਲੈ ਕੇ ਘਰੋ ਘਰੀ ਚਲੀਆਂ ਜਾਂਦੀਆਂ। ਅਲਾਕਿਆਂ ਦੇ ਉੱਚੇ ਜੀਵਨਾਂ ਵਾਲੇ ਸੱਜਣਾਂ ਨੂੰ ਅੰਮ੍ਰਿਤ ਪ੍ਰਚਾਰ ਕਰਨ ਅਤੇ ਭਜਨ ਬੰਦਗੀ ਕਰਨ ਦੀ ਦੀਖਿਆ ਦੇਵਣ ਲਈ ਹਦਾਇਤਾਂ ਕੀਤੀਆਂ ਗਈਆਂ। ੪ ਸਾਲ ਦੇ ਥੋੜੇ ਸਮੇਂ ਵਿੱਚ ਹੀ ਹਰ ਇਕ ਇਲਾਕੇ ਵਿਚ ਅੰਮ੍ਰਿਤ ਪ੍ਰਚਾਰ, ਭਜਨ ਬੰਦਗੀ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਵਣ ਦਾ ਪ੍ਰਵਾਹ ਚਲ ਪਿਆ। ਸਾਰੇ ਮਰਦਾਂ ਅਤੇ ਇਸਤਰੀਆਂ ਦਾ ਸੰਗਤ ਵਿਚ ਹੀ ਮਿਲ ਕੇ ਇੱਕਠਿਆਂ ਢੋਲਕ, ਛੈਣਿਆਂ ਨਾਲ ਸਿੱਧੀਆਂ ਸਾਦੀਆਂ ਪੇਂਡੂ ਧਾਰਨਾਂ ਵਿਚ ਗੁਰਬਾਣੀ ਦੇ ਸ਼ਬਦ ਪੜ੍ਹਣ ਦਾ ਰਵਾਜ ਦਿਨੋ ਦਿਨ ਫੈਲਦਾ ਚਲਿਆ ਗਿਆ। ਦੀਵਾਨਾਂ ਵਿਚ ਸ਼ਬਦ ਬਾਣੀ ਪੜ੍ਹਨ ਲਈ ਪਹਿਲੋਂ ਪਹਿਲੋਂ ਤਨਤੀ ਸਾਜ਼ਾਂ ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਤਿੰਨ ਚੌਕੀਆਂ ਭੈਣੀ ਵਿਖੇ ਤਿਆਰ ਕੀਤੀਆਂ ਗਈਆਂ। ਧੁਲੇਤੇ ਦੇ ਭਾਈ ਦਿੱਤੂ, ਭਾਈ ਫਕੀਰੀਆ ਅਤੇ ਭਾਈ ਵਜ਼ੀਰੇ ਨੂੰ ਦੜਪ ਅਥਵਾ ਸਿਆਲਕੋਟ ਵਾਲੇ ਇਲਾਕੇ ਦੀ ਸੇਵਾ ਦਿੱਤੀ ਗਈ। ਭਾਈ ਪ੍ਰੇਮ ਸਿੰਘ, ਭਾਈ ਕ੍ਰਿਪਾਲ ਸਿੰਘ ਭਦੌੜ ਵਾਲੇ ਮਜ਼ੂਬੀ ਸਿੰਘ ਸਮੇਤ ਭਾਈ ਸਾਹਿਬ ਸਿੰਘ ਬੱਸੀਆਂ ਵਾਲੇ ਦੇ ਜੱਥੇ ਨੂੰ ਮਾਲਵੇ ਦੇ ਇਲਾਕੇ ਵਿਚ ਸੇਵਾ ਕਰਨ ਲਈ ਲਗਾਇਆ ਗਿਆ। ਅਟਾਰੀ ਦੇ ਭਾਈ ਤਾਰਾ ਅਤੇ ਭਾਈ ਪਾਲੀ ਨੂੰ ਮਾਝੇ ਵਿਖੇ ਸੰਗਤਾਂ ਨੂੰ ਕੀਰਤਨ ਸੁਨਾਵਣ ਲਈ ਮੁਕੱਰਰ ਕੀਤਾ। ਮੱਲ੍ਹੀਆਂ ਦੀ ਤਲਵੰਡੀ ਦੇ ਭਾਈ ਪਸ਼ੌਰਾ ਤੇ ਭਾਈ ਸੰਤੂ ਨੂੰ ਢੱਢ ਸਰੰਗੀ ਨਾਲ ਸੰਗਤਾਂ ਨੂੰ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਨੌਣ ਲਈ ਲਗਾਇਆ। ਇਹ ਪੰਜਾਬ ਦੇ ਸਭ ਇਲਾਕਿਆਂ ਵਿਚ ਹੀ ਜਾਂਦੇ ਸਨ। ਪਿੰਡ ਮੋਰੋਂ ਦੇ ਰਾਗੀ ਸੂਬਾ ਸਿੰਘ ਅਤੇ ਉਸ ਦੇ ਸਾਥੀ ਦੁਆਬੇ ਵਿਚ ਪ੍ਰਚਾਰ ਕਰਦੇ ਸਨ। ਭਾਈ ਖਜ਼ਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ ਪਿੰਡ ਛਾਪਾ ਦੇ ਰਾਗੀ ਸਿੰਘ ਜਿਨ੍ਹਾਂ ਦੇ ਬਜ਼ੁਰਗਾਂ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਰੰਦਾ ਬਖਸ਼ ਕੇ ਰਾਗ ਦੀ ਦਾਤ ਬਖਸ਼ੀ ਸੀ, ਭੈਣੀ ਰਹਿ ਕੇ, ਇਰਦ ਗਿਰਦ ਦੇ ਇਲਾਕਿਆਂ ਵਿਚ ਦੀਵਾਨਾਂ ਵਿਚ ਆਸਾ ਜੀ ਦੀ ਵਾਰ ਲਗਾ ਕੇ ਅਤੇ ਸ਼ਬਦ ਚੌਕੀਆਂ ਕਰਕੇ ਸੇਵਾ ਕਰਦੇ *। ਰਾਗੀਆਂ ਅਤੇ ਢਾਡੀਆਂ ਲਈ ਇਕ ਰੁਪਈਆ ਸ਼ਬਦ ਚੌਂਕੀ ਦੀ ਭੇਟ ਮੁਕੱਰਰ ਕੀਤੀ ਗਈ।

ਨਾਮਧਾਰੀ ਇਤਿਹਾਸ ਸੰਬੰਧੀ ਅਣਛਪੀ ਪੁਸਤਕ 'ਸਤਿਗੁਰ ਬਿਲਾਸ' ਵਿਚ ਇਨ੍ਹਾਂ ਚਾਰ ਸਾਲਾਂ ਦਾ ਜ਼ਿਕਰ ਇਸ ਪ੍ਰਕਾਰ ਦਿੱਤਾ ਹੈ—

"ਚੌਧੇ ਮੈਂ ਦਾਣੇ ਖਰੀਦੇ. ਸੋਹਲੇ ਮੈਂ ਅੰਨ ਘਟਿਆ, ਸਤਾਹਰੇ ਮੈਂ ਕਾਲ ਪਿਆ। ਪਹਿਲੋਂ ਅੰਨ ਇਕ ਰੁਪਈਏ ਦਾ ੨ ਮਣ ਵਿਕਿਆ. ਫੇਰ ੩੦ ਸੇਰ ਹੋ ਗਿਆ। ਭਾਓ ਤੋਂ ਦੋ ਸੇਰ ਵਧ ਦੇਣਾ। ਦਾਣਿਆਂ ਤੋਂ ਗੁਰੂ ਜੀ ਨੂੰ ਬਹੁਤ ਨਫਾ ਹੋਇਆ। ਆਏ ਗਏ ਸਿੱਖ ਕੋ ਪ੍ਰਸ਼ਾਦਾ ਛਕੌਣਾ। ਗਰੀਬ ਲੋਕ ਆਕੇ ਪ੍ਰਸ਼ਾਦਾ ਛਕਦੇ ਤੇ ਅਸੀਸਾਂ ਦਿੰਦੇ ਜਾਂਦੇ ਸਨ। ਨਾਲੇ ਏਹਨਾਂ ਦੇ ਕੋਲ ਸਿੰਘ ਬੜੇ ਆਉਂਦੇ ਜਾਂਦੇ ਹੈਂ। ਨਾਮ ਕੇ ਖਰੀਦ ਵਾਲੇ ਵਣਜਾਰੇ ਸਿਖ ਆਵਣ ਲੱਗੇ ਹੈ। ਹੱਟੀ ਸੱਚ ਦੀ ਚੱਲਣੇ ਲੱਗੀ ਹੈ।"

ਇਸ ਸਮੇਂ ਵਿਚਕਾਰ ਹੀ ਬਾਬਾ ਜਵਾਹਰ ਸਿੰਘ ਭਾਈ ਕੀ ਡਰੋਲੀਵਾਲੇ, ਕਾਹਨ ਸਿੰਘ ਜੀ ਨਿਹੰਗ ਚੱਕ ਵਾਲੇ, ਬਾਬਾ ਲੱਖਾ ਸਿੰਘ, ਬਾਬਾ ਸਾਹਿਬ ਸਿੰਘ, ਬਾਬਾ ਬ੍ਰਹਮਾ ਸਿੰਘ ਅਤੇ ਬਾਬਾ ਸੁਧ ਸਿੰਘ ਭੈਣੀ ਡੇਰੇ ਹੀ ਆ ਕੇ ਰਹਿਣ ਲੱਗੇ ਅਤੇ ਵੱਖ ਵੱਖ ਇਲਾਕਿਆਂ ਵਿਚ ਪ੍ਰਚਾਰ ਕਰਨ ਜਾਂਦੇ।

ਲੰਗਰ ਲਾ ਦਿੱਤਾ ਗਿਆ। ਰਾਹੀ, ਪਾਂਧੀ, ਗ਼ਰੀਬ, ਦੁਖੀ, ਮੰਗਤੇ ਨੂੰ ਅੱਠੇ ਪਹਿਰ ਪ੍ਰਸ਼ਾਦਾ ਵਰਤੌਣ ਦੀ ਰੀਤ ਤੋਰ ਦਿੱਤੀ ਗਈ। ਪਾਠਾਂ ਦੇ ਭੋਗਾਂ ਸਮੇਂ ਦਾ ਸਾਰਾ ਚੜ੍ਹਾਵਾ, ਚੜ੍ਹਤ ਆਦਿ ਦੀਆਂ ਜਿਨਸਾਂ ਅਤੇ ਨਕਦੀ ਸਭ ਲੰਗਰ ਵਿਚ ਪਾ ਦਿੱਤੀ ਜਾਂਦੀ। ਗੁਰੂ ਰਾਮ ਸਿੰਘ ਜੀ ਚੜ੍ਹਾਵੇ ਦੀ ਕਿਸੇ ਪ੍ਰਕਾਰ ਦੀ ਰਕਮ ਯਾ ਜਿਨਸ ਵਿਚੋਂ ਕੋਈ ਚੀਜ਼ ਭੀ ਆਪਣੀ ਵਰਤੋਂ ਵਿਚ ਨਹੀਂ ਲਿਆਂਦੇ ਸਨ। ਆਪਣਾ ਅਤੇ ਟੱਬਰ ਦਾ ਨਿਰਬਾਹ ਖੇਤੀ, ਕਾਰਖਾਨੇ ਅਤੇ ਹੱਟੀ ਦੀ ਆਮਦਨੀ ਤੋਂ ਸੀ। ਗੁਰਦਵਾਰੇ ਵਿਚ ਕੋਈ ਆਦਮੀ ਵੇਹਲਾ ਨਹੀਂ ਰਹਿ ਸਕਦਾ ਸੀ, ਉਸ ਨੂੰ ਕੁਝ ਨ ਕੁਝ ਕੰਮ ਜ਼ਰੂਰ ਕਰਨਾ ਪੈਂਦਾ ਸੀ।

*(ਪੁਸਤਕ "ਨਾਮਧਾਰੀ ਇਤਿਹਾਸ" ਪਹਿਲਾ ਹਿੱਸਾ ਵਿਚੋਂ)*
*ਛਪਣ ਸੰਨ-੧੯੫੫*

---

* ਲੇਖਕ ਨੇ ਭਾਈ ਅਤਰ ਸਿੰਘ ਦੇ ਦਰਸ਼ਨ ਬਿਰਧ ਅਵਸਥਾ ਵਿਚ ਭਸੌੜ ਵਿਖੇ ਕੀਤੇ ਹਨ। ਆਪ ਸਰੰਦਾਂ ਵਜਾ ਕੇ ਕੀਰਤਨ ਕਰਿਆ ਕਰਦੇ ਸਨ।

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

---

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

---

*ਵਰਿਆਮ ਲਈ ਸ਼ੁਭ ਇਛਾਵਾਂ :*
*ਸ. ਅਜੀਤ ਸਿੰਘ ਨਾਮਧਾਰੀ*


**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prop. S. Ajit Singh Namdhari

---



**JANTA**

**HYDRAULIC PRESSES**

JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੋਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੮੭੮੪

---

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, Jalandhar. Ph. : 458795, 459056

# ਅਹੀਆਪੁਰ ਵਾਲੀ ਪੋਥੀ

*—ਅਮਰ ਭਾਰਤੀ*

ਲੰਮੇ ਸਮੇਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਪ੍ਰਚੱਲਤ ਬੀੜ ਬਾਰੇ ਇਹ ਧਾਰਨਾ ਬਣੀ ਚਲੀ ਆ ਰਹੀ ਸੀ ਕਿ ਇਸ ਬੀੜ ਦੇ ਮੁੱਢਲੇ ਆਧਾਰ ਗ੍ਰੰਥ, ਜਿਸ ਨੂੰ 'ਆਦਿ ਬੀੜ' ਆਖਿਆ ਜਾਂਦਾ ਹੈ–ਉਸ ਆਦਿ ਬੀੜ ਦਾ ਵੀ ਮੂਲ ਆਧਾਰ ਅਹੀਆਪੁਰ ਵਾਲੀ ਪੋਥੀ ਹੈ। ਇਸ ਪੋਥੀ ਨੂੰ ਬਾਬਾ ਮੋਹਨ–ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਸਾਹਿਬਜ਼ਾਦੇ ਹਨ–ਕੋਲੋਂ ਪ੍ਰਾਪਤ ਕੀਤਾ ਗਿਆ। ਇਸ ਪੋਥੀ ਨੂੰ ਪ੍ਰਾਪਤ ਕਰਨ ਲਈ ਪਹਿਲਾਂ ਬਾਬਾ ਬੁੱਢਾ ਜੀ ਗਏ, ਅਗੋਂ ਹੁੰਗਾਰਾ ਨਾ ਮਿਲਿਆ, ਫਿਰ ਭਾਈ ਗੁਰਦਾਸ ਜੀ ਗਏ, ਉਹ ਵੀ ਨਾਮੁਰਾਦ ਪਰਤ ਆਏ ਅਤੇ ਫਿਰ ਗੁਰੂ ਅਰਜਨ ਦੇਵ ਜੀ ਖੁਦ ਗਏ। ਆਪ ਨੇ ਬਾਬਾ ਮੋਹਨ ਦੇ ਚੁਬਾਰੇ ਹੇਠ ਗਲੀ ਵਿੱਚ ਬੈਠ ਕੇ ਇਹ ਸ਼ਬਦ ਉਚਾਰਿਆ-"ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ........।" ਆਪਣੀ ਉਸਤਤ ਸੁਣ ਕੇ ਬਾਬਾ ਮੋਹਨ ਜੀ ਦੀ ਸਮਾਧੀ ਖੁਲ੍ਹੀ, ਪਰਸੰਨ ਹੋਏ ਤੇ ਪੋਥੀ ਗੁਰੂ ਅਰਜਨ ਦੇਵ ਜੀ ਨੂੰ ਦੇ ਦਿੱਤੀ। ਏਸੇ ਪੋਥੀ ਤੋਂ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਹੱਥੋਂ ਆਦਿ ਬੀੜ ਦੀ ਰਚਨਾ ਕਰਵਾਈ। ਜਦੋਂ ਆਦਿ ਬੀੜ ਦੀ ਰਚਨਾ ਹੋ ਰਹੀ ਸੀ ਉਦੋਂ ਭਗਤ ਜਨ-ਆਪਣੀ ਆਪਣੀ ਬਾਣੀ ਲਿਖਵਾਣ ਲਈ ਗੁਪਤ ਰੂਪ ਵਿਚ ਸਤਿਗੁਰਾਂ ਕੋਲ ਆਏ, ਵੇਦ ਵੀ ਆਏ। ਕੱਚੀ-ਪੱਕੀ ਬਾਣੀ ਦੀ ਜਾਂਚ ਪਰਖ ਸਤਿਗੁਰਾਂ ਨੇ ਆਪ ਕੀਤੀ। ਜਦੋਂ ਬੀੜ ਤਿਆਰ ਹੋ ਗਈ ਤਾਂ ਸਤਿਗੁਰਾਂ ਦੇ ਇਕ ਸੇਵਕ ਸਿੱਖ ਭਾਈ ਬੰਨੋ ਨੇ ਪਾਠ ਕਰਨ ਲਈ ਬੀੜ ਮੰਗੀ। ਸਤਿਗੁਰਾਂ ਬੀੜ ਦੇ ਦਿੱਤੀ ਤੇ ਭਾਈ ਬੰਨੋ ਬੀੜ ਨੂੰ ਘਰ ਲੈ ਗਿਆ। ਬਿਨਾਂ ਆਗਿਆ ਤੋਂ ਉਸ ਨੇ ਬੀੜ ਦਾ ਉਤਾਰਾ ਵੀ ਕਰ ਲਿਆ ਤੇ ਬਾਣੀ ਨੂੰ ਅਪਰਯਾਪਤ ਸਮਝਦਿਆਂ ਹੋਇਆ ਬਾਣੀ ਵਿੱਚ ਕੁਝ ਮਿਲਾਵਟ ਵੀ ਕੀਤੀ। ਸਤਿਗੁਰਾਂ ਨੇ ਇਸ ਕਰਮ ਨੂੰ ਨਾਪਸੰਦ ਕਰਦਿਆਂ ਉਸ ਬੀੜ ਨੂੰ ਖਾਰੀ ਬੀੜ ਦਾ ਨਾਮ ਦਿੱਤਾ।

ਉਸ ਤੋਂ ਬਾਅਦ ਵਾਲੀ ਖੋਜ ਬੀਨ ਤੋਂ ਇਸ ਗੱਲ ਦਾ ਨਿਰਣਯ ਅੱਜ ਤੱਕ ਨਹੀਂ ਹੋ ਸਕਿਆ ਕਿ ਮੌਜੂਦਾ ਸਮੇਂ ਵਿੱਚ ਪਾਠ-ਪੂਜਾ ਲਈ ਉਪਲਬਧ ਬੀੜ ਦਾ ਆਧਾਰ ਭਾਈ ਗੁਰਦਾਸ ਵਾਲੀ ਬੀੜ ਹੀ ਬਣੀ, ਭਾਈ ਬੰਨੋ ਵਾਲੀ ਬੀੜ ਬਣੀ ਜਾਂ ਕੋਈ ਹੋਰ ਹਸਤਾਖੇਪੀ ਉਤਾਰੇ ਵਾਲੀ ਬੀੜ ਬਣੀ।

ਉਪਰੋਕਤ ਧਾਰਨਾ ਨਾਲ ਜੁੜੀ ਅਹੀਆਪੁਰ ਵਾਲੀ ਪੋਥੀ ਤੋਂ ਵਿਗਸਿਤ ਹੋਕੇ ਜਿਹੜੀ ਆਦਿ ਬੀੜ ਜ਼ਹੂਰ ਵਿਚ ਆਈ– ਉਸ ਨੂੰ ਭਾਈ ਗੁਰਦਾਸ ਵਾਲੀ ਜਾਂ ਕਰਤਾਰਪੁਰ ਵਾਲੀ ਬੀੜ ਵੀ ਆਖਿਆ ਜਾਂਦਾ ਹੈ। ਆਮ ਧਾਰਨਾ ਅਨੁਸਾਰ ਇਹ ਬੀੜ ਮੱਖਣ ਸ਼ਾਹ ਲੁਬਾਣੇ ਦੇ ਹੱਥੀਂ ਕਰਤਾਰਪੁਰੋਂ ਲੁੱਟੀ ਜਾ ਕੇ ਚੋਰੀ ਚੋਰੀ ਬਾਬੇ ਬਕਾਲੇ ਵੀ ਪੁੱਜੀ ਤੇ ਸਤਿਗੁਰ ਤੇਗ ਬਹਾਦਰ ਜੀ ਦੀ ਉਦਾਰਤਾ ਸਦਕਾ ਇਕ ਵਾਰ ਫਿਰ ਕਰਤਾਰਪੁਰ ਪਹੁੰਚ ਗਈ। ਭਾਵੇਂ ਇਸ ਧਾਰਨਾ ਦੇ ਵਿਚਕਾਰ ਇਕ ਵਡੀ ਨਦੀ ਪੈਂਦੀ ਹੈ-ਤੇ ਕਈ ਖੋਜੀਆ ਦੀ ਖੋਜ ਅਨੁਸਾਰ ਭਾਈ ਗੁਰਦਾਸ ਵਾਲੀ ਉਹ ਬੀੜ ਨਦੀ ਦੀ ਭੇਂਟ ਹੀ ਹੋ ਗਈ ਸੀ। ਤਰਕ ਵਿਤਰਕ ਕਰਨ ਵਾਲਿਆਂ ਵਿਚਕਾਰ ਇਸ ਪ੍ਰਸੰਗ ਬਾਰੇ ਵੱਖ-ਵੱਖ ਦਾਅਵੇ ਪ੍ਰਤੀ ਦਾਅਵੇ ਹਨ।

ਬੀੜ ਨਾਲ ਸਬੰਧਤ ਏਨੀ ਕੁ ਪਿੱਠ ਭੂਮੀ ਤੋਂ ਜਾਣੂ ਕਰਵਾਣ ਦਾ ਮਨੋਰਥ ਇਹ ਦੱਸਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਆਈ ਬਾਣੀ ਜਦੋਂ ਤੋਂ ਪ੍ਰਗਟ ਹੋਈ ਤੇ ਜਿਉਂ ਜਿਉਂ ਇਹ ਲਿਖਤੀ ਸੰਗ੍ਰਹਿ ਦਾ ਰੂਪ ਧਾਰਦੀ, ਸੈਂਚੀਆਂ ਪੋਥੀਆਂ ਦਾ ਆਕਾਰ ਧਾਰਨ ਲੱਗੀ ਉਦੋਂ ਤੋਂ ਹੀ ਇਹ ਸੈਂਚੀਆਂ ਪੋਥੀਆਂ ਵਾਦ-ਵਿਵਾਦ ਵਿਚ ਫਸਣੀਆਂ ਸ਼ੁਰੂ ਹੋ ਗਈਆਂ ਤੇ ਇਨ੍ਹਾਂ ਦੀ ਸ਼ੁੱਧਤਾ ਬਾਰੇ ਸਵਾਲ ਖੜੇ ਹੁੰਦੇ ਚਲੇ ਗਏ।

## ਪੁਰਾਤਨ ਸਥਾਪਨਾ ਸਿਰਿਓਂ ਹੀ ਰੱਦ

ਉਪਰੋਕਤ ਵਾਦ-ਵਿਵਾਦ ਦਾ ਇਕ ਹੋਰ ਮੂਰਤ ਰੂਪ ੩੨੧ ਸਫਿਆਂ ਦਾ ਵਡ ਆਕਾਰੀ ਗ੍ਰੰਥ 'ਅਹੀਆਪੁਰ ਵਾਲੀ ਪੋਥੀ' ਦਾ ਨਾਮ ਧਰਾ ਕੇ ਅੱਜ ਕਲ੍ਹ ਪਾਠਕਾ ਦੇ ਹੱਥਾਂ ਵਿਚ ਪੁੱਜਾ ਹੋਇਆ ਹੈ। ਇਸ ਗ੍ਰੰਥ ਦੇ ਲੇਖਕ ਪ੍ਰਸਿੱਧ ਖੋਜੀ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਜੀ ਪਟਿਆਲੇ ਵਾਲੇ ਹਨ ਤੇ ਪ੍ਰਕਾਸ਼ਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਹੈ।

ਜਿਨ੍ਹਾਂ ਅਨੇਕ ਵਿਦਵਾਨ ਖੋਜੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿਆਰੀ ਤੇ ਸੰਪੂਰਨਤਾ ਦਾ ਇਤਿਹਾਸ ਲਿਖਿਆ ਹੈ, ਉਨ੍ਹਾਂ ਰਾਹੀਂ ਪ੍ਰਗਟ ਕੀਤੇ ਸੈਂਕੜੇ ਸਾਲਾਂ ਦੇ ਖੋਜ-ਕਾਰਜਾਂ, ਤੱਥਾਂ ਤੇ ਵਿਚਾਰਾਂ ਨੂੰ ਅਤੇ ਨਾਲ ਹੀ ਪੱਕੀ ਹੋਈ ਹੋਈ ਧਾਰਨਾ ਨੂੰ ਪ੍ਰੋ : ਪ੍ਰੀਤਮ ਸਿੰਘ ਜੀ ਨੇ ਆਪਣੇ ਇਸ ਗ੍ਰੰਥ ਦਵਾਰਾ ਸਿਰਿਓਂ ਹੀ ਰੱਦ ਕਰ ਦਿੱਤਾ ਹੈ। ਇਸ ਸਿਲਸਿਲੇ ਵਿਚ ਆਪਣੇ

ਬੀਤੀਆਂ ਸਦੀਆਂ ਦੇ ਪ੍ਰਮੁੱਖ ਵਿਦਵਾਨਾਂ ਦੀ ਖੋਜ-ਬੀਨ ਨੂੰ ਨਵੇਂ ਸਿਰੇ ਆਪ ਖੋਜਿਆ-ਪੜਤਾਲਿਆ ਹੈ। ਇਸ ਪੱਖ ਤੋਂ ਆਖਿਆ ਜਾ ਸਕਦਾ ਹੈ ਕਿ ਪ੍ਰੋਫੈਸਰ ਸਾਹਿਬ ਦਾ ਇਹ ਖੋਜ-ਗ੍ਰੰਥ ਪਿਛਲੇ ਸਾਰੇ ਖੋਜ ਕਾਰਜ ਤੋਂ ਨਵੇਕਲਾ ਤੇ ਨਵਾਂ ਹੈ। ਇਹ ਗ੍ਰੰਥ ਇਕ ਵਡੇ ਸਾਰੇ ਸਵਾਲੀਆ ਨਿਸ਼ਾਨ ਵਜੋਂ ਵੀ ਉੱਭਰ ਕੇ ਸਾਹਮਣੇ ਆਇਆ ਤੇ ਇਕ ਚੁਣੌਤੀ ਵਾਂਗ ਵੀ ਹੈ।

ਏਡੇ ਲੰਮੇ ਸਮੇਂ ਦੇ ਕੈਨਵਸ ਉਪਰ ਪੱਸਰੀ ਧਾਰਨਾ ਨੂੰ ਇਕ ਸਿਰਿਓਂ ਹੀ ਰੱਦ ਕਰਨ ਤੇ ਉਸਨੂੰ ਚੁਣੌਤੀ ਦੇਣ ਲਈ ਜਿਸ ਖੋਜ-ਬੀਨ ਤੇ ਜਿਗਰੇ ਦੀ ਲੋੜ ਹੈ—ਉਸ ਬਾਰੇ ਸੋਚ ਕੇ ਹੀ ਕਿਸੇ ਦਾ ਵੀ ਮਨ ਖੁਦ ਸੋਚ ਵਿਚ ਪੈ ਸਕਦਾ ਹੈ। ਕਿਉਂਕਿ ਸਿੱਖ ਸਮਾਜ ਦੇ ਸ਼ਰਧਾਲੂ ਨਿਰਦੇਸ਼ਕਾਂ ਦੀ ਲਕੀਰ ਦੀ ਫਕੀਰ ਨੂੰ ਅੱਖੋਂ ਪਰੋਖਿਆਂ ਕਰਨਾ ਅੱਜ ਤਕ ਕਿਸੇ ਲਈ ਵੀ ਸਹਿਜ ਨਹੀਂ ਰਿਹਾ। ਪ੍ਰੋਫੈਸਰ ਪ੍ਰੀਤਮ ਸਿੰਘ ਜੀ ਨੇ ਖੁਦ ਹੀ ਆਪਣੇ ਇਸ ਗ੍ਰੰਥ ਵਿਚ ਲਿਖਿਆ ਹੈ—

"ਮੈਂ ਸਚੇਤ ਹਾਂ ਕਿ 'ਪੋਥੀ' ਦੇ ਡੂੰਘੇ ਅਧਿਐਨ ਨੇ ਮੈਨੂੰ ਅਨੇਕਾਂ ਮਹਾਂ ਇਤਿਹਾਸਕਾਰਾਂ ਤੇ ਮਹਾਂ ਵਿਦਵਾਨਾਂ ਦੀਆਂ ਸਰਬ-ਪਰਵਾਨ ਮਨੌਤਾਂ ਦੇ ਖੰਡਨ ਲਈ ਇਕ ਖੁਲ੍ਹੇ ਥੜੇ ਉਤੇ ਲਿਆ ਖੜ੍ਹਾ ਕੀਤਾ ਹੈ, ਜਿਥੋਂ ਮੈਨੂੰ ਆਪਣੇ ਸਾਹਮਣਿਉਂ ਸਰੂਪ ਦਾਸ ਭੱਲਾ, ਭਾਈ ਸੰਤੋਖ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਵੀਰ ਸਿੰਘ, ਸਰਦਾਰ ਜੀ.ਬੀ.ਸਿੰਘ, ਪ੍ਰੋ. ਤੇਜਾ ਸਿੰਘ, ਬਾਬਾ ਪ੍ਰੇਮ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਗਿਆਨੀ ਗਿਆਨ ਸਿੰਘ ਤੇ ਗਿਆਨੀ ਗੁਰਦਿੱਤ ਸਿੰਘ ਵਰਗੇ ਭੈਭੀਤ ਕਰ ਦੇਣ ਵਾਲੀ ਪ੍ਰਤਿਸ਼ਠਾ ਤੇ ਸਮੁੱਚੇ ਪੰਥ ਦੀ ਪ੍ਰਵਾਨਗੀ ਦੇ ਪਾਤਰ ਵਿਦਵਾਨਾਂ ਦਾ ਇਕ ਵੱਡਾ ਸਾਰਾ ਕਾਫਲਾ ਲੰਘਦਾ ਦਿੱਸ ਰਿਹਾ ਹੈ, ਜੋ ਇਕਮਤ ਹੋਕੇ 'ਪੋਥੀ' ਤੋਂ 'ਆਦਿ ਬੀੜ' ਤੇ 'ਆਦਿ ਬੀੜ' ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਗਸਣ ਦੇ ਸਿਧਾਂਤ ਦੇ ਪੱਖ ਵਿਚ ਹਨ। ਇਸ ਪਰਮ ਆਦਰਯੋਗ ਕਾਫਲੇ ਦੇ ਮੁਕਾਬਲੇ ਵਿਚ ਮੈਂ 'ਪੋਥੀ' ਹੱਥ ਵਿਚ ਫੜੀ, ਆਪਣਾ ਵੱਖਰਾ ਰਾਗ ਅਲਾਪਣ ਦਾ ਜਤਨ ਕਰ ਰਿਹਾ ਹਾਂ ਕਿ ਵਿੱਦਿਆ ਦੇ ਸਾਗਰੋ! ਗੁਰਮਤ ਤੇ ਗੁਰ-ਇਤਿਹਾਸ ਦੇ ਮਾਰਤੰਡੋ! ਪੰਥ ਵੱਲੋਂ ਵਰੋਸਾਏ ਪੰਥ ਹਿਤੈਸ਼ੀ-ਵਿਦਵਾਨੋ! ਤੁਸੀਂ ਜੋ ਫੁਰਮਾਂ ਰਹੇ ਓ, ਅੱਖਰ ਅੱਖਰ ਸੱਚ ਹੋਵੇਗਾ, ਪਰ ਜੋ ਬੇਨਤੀ 'ਪੋਥੀ' ਖੁਦ ਕਰ ਰਹੀ ਹੈ, ਆਪ ਕੁਝ ਪਲਾਂ ਲਈ ਉਸ ਵੱਲ ਭਾਂ ਕੰਨ ਧਰਨ ਦੀ ਖੇਚਲ ਕਰੋ। ਮੈਂ ਤਾਂ ਤੁਹਾਡੇ ਚਰਨਾਂ ਦੀ ਧੂੜ ਆਪਣੇ ਮਸਤਕ ਉੱਤੇ ਲਾਉਣ ਨੂੰ ਆਪਣਾ ਸੁਭਾਗ ਸਮਝਦਾ ਹਾਂ, ਮੇਰੀ ਕੋਈ ਗੱਲ ਨਾ ਸੁਣੋ, ਪਰ ਪੋਥੀ ਦੀ ਗੱਲ ਸੁਣਨ ਲਈ ਆਪਣੇ ਕੀਮਤੀ ਵਕਤ ਵਿਚੋਂ ਕੁਝ ਪਲ ਜ਼ਰੂਰ ਕੱਢੋ।"

ਪ੍ਰੋਫੈਸਰ ਪ੍ਰੀਤਮ ਸਿੰਘ ਜੀ ਨੇ ਅਹੀਆਪੁਰ ਵਾਲੀ ਪੋਥੀ ਦੇ ਅੱਖਰ-ਅੱਖਰ, ਪੰਗਤੀ-ਪੰਗਤੀ, ਸ਼ਬਦ ਜੋੜਾਂ, ਰਾਗਾਂ, ਛੰਦਾਂ, ਅੰਕਾਂ ਆਦਿ ਦੀ ਖੋਜ ਪੜਤਾਲ ਕਰਕੇ ਤੇ ਗੁਰੂ ਗ੍ਰੰਥ ਸਾਹਿਬ ਦੀ ਮੌਜੂਦ ਬੀੜ ਨਾਲ ਉਸ ਸਭ ਦਾ ਮਿਲਾਨ ਕਰਕੇ ਵੇਖਿਆ ਹੈ। ਇਸ ਸਾਰੇ ਕਾਰਜ ਤੋਂ ਆਪ ਇਸ ਪੱਕੇ ਨਤੀਜੇ ਉੱਪਰ ਪੁੱਜੇ ਹਨ ਕਿ ਅਹੀਆਪੁਰ ਵਾਲੀ ਪੋਥੀ ਦਾ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵਿਚ ਕੋਈ ਯੋਗਦਾਨ ਨਹੀਂ ਹੈ। ਆਪ ਇਸ ਬਾਰੇ ਆਪਣੀ ਅੰਤਿਮ ਰਾਏ ਪ੍ਰਗਟ ਕਰਦਿਆਂ ਦਾਅਵੇ ਨਾਲ ਲਿਖਦੇ ਹਨ—"ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਹ ਮਨ ਬਿਲਕੁਲ ਨਹੀਂ ਸੀ ਬਣਾਇਆ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਰ ਹਾਲਤ ਵਿਚ 'ਪੋਥੀ' ਦੀ ਲਾਗ ਤੋਂ ਬਚਾਉਣਾ ਹੈ, ਪਰ ਕੰਮ ਜਿਉਂ ਜਿਉਂ ਅੱਗੇ ਵਧਦਾ ਗਿਆ, 'ਪੋਥੀ' ਬਦੋਬਦੀ ਮੈਨੂੰ ਇਸ ਨਤੀਜੇ ਵੱਲ ਧੂਹਦੀ ਗਈ ਕਿ ਮੇਰੀ ਆਪਣੀ ਇਕ ਸੁਤੰਤਰ ਹਸਤੀ ਹੈ ਜੋ 'ਆਦਿ ਬੀੜ' ਨਾਲੋਂ ਵੱਖਰੀ ਹੈ। ਮੈਂ ਨਿਮਾਣੀ ਸਹੀ, ਮੇਰਾ ਗੁਰੂ ਗ੍ਰੰਥ ਸਾਹਿਬ ਨਾਲ ਕੀ ਮੁਕਾਬਲਾ ਹੈ ? ਪਰ ਅਸੀਂ ਦੋਵੇਂ ਵੱਖ-ਵੱਖ ਰਾਹਾਂ ਉੱਤੇ ਤੁਰੇ ਵੱਖ-ਵੱਖ ਪਾਂਧੀ ਹਾਂ, ਤੁਸੀਂ ਮੇਰੀ ਹਸਤੀ ਨੂੰ ਮਧੋਲਣ ਤੇ ਨਾਲ ਹੀ ਆਦਿ ਬੀੜ ਦੀ ਪਾਵਨਤਾ ਨੂੰ ਗੰਦਲਾਉਣ ਉੱਤੇ ਕਿਉਂ ਜ਼ੋਰ ਲਾ ਰਹੇ ਹੋ?"

ਪ੍ਰੋਫੈਸਰ ਪ੍ਰੀਤਮ ਸਿੰਘ ਜੀ ਦੀ ਖੋਜਬੀਨ ਅਨੁਸਾਰ ਉਨ੍ਹਾਂ ਦਾ ਦਾਅਵਾ ਹੈ ਕਿ ਜਿਨ੍ਹਾਂ ਵਿਦਵਾਨ ਇਤਿਹਾਸਕਾਰਾਂ ਜਾਂ ਗੁਰਬਾਣੀ ਸੰਗ੍ਰਹਿ ਦੇ ਖੋਜੀਆਂ ਨੇ ਅਹੀਆਪੁਰ ਵਾਲੀ ਪੋਥੀ ਨੂੰ ਭਾਈ ਗੁਰਦਾਸ ਵਾਲੀ 'ਆਦਿ ਬੀੜ' ਦਾ ਆਧਾਰ ਮੰਨਿਆ ਹੈ, ਉਹਨਾਂ ਨੇ ਇਸ ਪੋਥੀ ਦੇ ਨਾ ਤੇ ਦਰਸ਼ਨ ਕੀਤੇ ਨੇ, ਨਾ ਉਸਨੂੰ ਕਿਸੇ ਸਰੋਤ ਤੋਂ ਪੜ੍ਹ ਕੇ ਇਹ ਧਾਰਨਾ ਬਣਾਈ ਹੈ ਕਿ ਇਹ 'ਆਦਿ ਬੀੜ' ਦਾ ਆਧਾਰ ਹੈ। ਪੋਥੀ ਜਿਨ੍ਹਾਂ ਹੱਥਾਂ ਵਿਚ ਸੁਰਖਸ਼ਿਤ ਰਹੀ ਹੈ ਉਹ ਹੱਥ ਲੰਮੇ ਸਮੇਂ ਤਕ ਕਿਸੇ ਵੀ ਖੋਜੀ ਦੇ ਹੱਥਾਂ ਨੂੰ ਪੋਥੀ ਤੱਕ ਪਹੁੰਚਣੋਂ ਰੋਕਦੇ ਰਹੇ ਤੇ ਕਿਸੇ ਵੀ ਕੀਮਤ ਉੱਤੇ ਉਨ੍ਹਾਂ ਦੀ ਪੋਥੀ ਤਕ ਰਸਾਈ ਨਹੀਂ ਹੋਣ ਦਿੱਤੀ। ਪ੍ਰੋਫੈਸਰ ਪ੍ਰੀਤਮ ਸਿੰਘ ਜੀ ਨੇ ਖੁਦ ਇਸ ਪੋਥੀ ਤੱਕ ਪਹੁੰਚਣ ਲਈ ਜੋ ਤਰੱਦਦ ਕੀਤੇ ਤੇ ਜੱਫਰ ਜਾਲੇ ਨੇ, ਉਨ੍ਹਾਂ ਦੀ ਦਾਸਤਾਨ ਆਪ ਨੇ ਬੜੇ ਰੌਚਕ ਢੰਗ ਨਾਲ ਇਸ ਗ੍ਰੰਥ ਵਿਚ ਲਿਖੀ ਹੈ। ਪਰ ਜਿਨ੍ਹਾਂ ਨੇ ਬਿਨਾਂ ਇਸ ਪੋਥੀ ਦੇ ਦਰਸ਼ਨ ਕੀਤਿਆਂ ਹੀ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦਾ ਆਧਾਰ ਆਖ ਕੇ ਭੁਲੇਖਿਆਂ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਦੀ ਖੋਜ ਬੀਨ ਦੀ ਵੀ ਪ੍ਰੋਫੈਸਰ ਸਾਹਿਬ ਨੇ ਚੰਗੀ ਖ਼ਬਰ ਲਈ ਹੈ।

ਪ੍ਰੋਫੈਸਰ ਪ੍ਰੀਤਮ ਸਿੰਘ ਜੀ ਨੇ ਅਹੀਆਪੁਰ ਵਾਲੀ ਪੋਥੀ ਦਾ ਵਿਸਤ੍ਰਿਤ ਅਧਿਐਨ ਕਰਦਿਆਂ ਉਸ ਦੀ ਸ਼ਬਦ-ਸਮਗਰੀ ਦੇ ਸੁਮੇਲ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ– ਬਾਣੀ ਨਾਲ ਮਿਲਾ ਕੇ ਵੇਖਿਆ ਹੈ। ਇਸ ਕੋਸ਼ਿਸ਼ ਵਿਚੋਂ ਦੋ ਪੱਖ ਉੱਭਰ ਕੇ ਸਾਹਮਣੇ ਆਏ ਹਨ। ਇਕ ਤਾਂ ਇਹ ਕਿ ਇਸ ਪੋਥੀ ਵਿਚੋਂ ਗੁਰੂ ਗ੍ਰੰਥ ਸਾਹਿਬ ਦੀ ਸ਼ਬਦ-ਯੋਜਨਾ, ਸ਼ਬਦ-ਜੋੜਾਂ, ਰਾਗਾਂ, ਪੰਗਤੀਆਂ, ਛੰਦਾਂ ਤੇ ਅੰਕਾਂ ਆਦਿ ਦੀ ਅਗੇਤ-ਪਛੇਤ, ਅਮੇਲਤਾ ਤੇ ਵਾਧ-ਘਾਟ ਉਘੜਦੀ ਦਿੱਸਦੀ ਹੈ। ਦੂਜਾ ਪੱਖ ਹੈ, ਪੋਥੀ ਵਿਚ ਕੁਝ ਐਸੇ ਨਾਵਾਂ ਆਦਿ ਦਾ ਮੌਜੂਦ ਹੋਣਾ ਜੋ ਗ੍ਰੰਥ ਸਾਹਿਬ ਦੀ ਬੀੜ ਵਿਚ ਮੂਲੋਂ ਹੀ ਨਦਾਰਦ ਹਨ। ਇਹੋ ਜਿਹੇ ਫਰਕ ਹੀ ਇਸ ਪੋਥੀ ਤੋਂ ਸ਼ੁਰੂ ਹੋਕੇ ਗੁਰੂ ਗ੍ਰੰਥ ਦੀ ਬੀੜ ਅਖਵਾਉਂਦੀਆਂ ਉਨ੍ਹਾਂ ਸਭਨਾ ਬੀੜਾਂ ਵਿਚ ਵੀ ਮਿਲਦੇ ਹਨ ਜੋ ਸੈਂਕੜਿਆਂ ਸਾਲਾਂ ਦੀ ਸ਼ਰਧਾ ਭਾਵਨਾ ਜਾਂ ਲੋਭ-ਲਾਲਚ ਅਧੀਨ ਕੀਤੇ ਗਏ ਬੀੜਾਂ ਦੇ ਅਨੇਕਾਂ ਉਤਾਰਿਆਂ ਵਜੋਂ ਜਹੂਰ ਵਿਚ ਆਉਂਦੇ ਰਹੇ ਹਨ। ਇਹੋ ਜਿਹੀਆਂ ਬੀੜਾਂ ਦਾ ਅਧਿਐਨ-ਵਿਵੇਚਨ ਸ੍ : ਜੀ. ਬੀ. ਸਿੰਘ, ਡਾ : ਪਿਆਰ ਸਿੰਘ ਤੇ ਹੋਰ ਬਹੁਤ ਸਾਰੇ ਖੋਜੀ ਵਿਦਵਾਨ ਸਮੇਂ ਸਮੇਂ ਕਰਦੇ ਆਏ ਹਨ। ਪ੍ਰੋਫੈਸਰ ਪ੍ਰੀਤਮ ਸਿੰਘ ਜੀ ਦਾ ਇਹ ਵਿਵੇਚਨ ਹੁਣ ਤੱਕ ਦੇ ਸਾਰੇ ਵਿਵੇਚਨਾਂ ਵਿਚੋਂ ਆਖਰੀ ਤੇ ਤਾਜ਼ਾ ਹੈ। ਪਰ ਇਸ ਵਿਵੇਚਨ ਦਾ ਆਕਾਰ-ਪ੍ਰਕਾਰ ਇਕ ਗੱਲ ਨੂੰ ਛੱਡਕੇ– ਪਹਿਲੇ ਵਿਵੇਚਨਾਂ ਦੀ ਸ਼੍ਰੇਣੀ ਵਿਚ ਹੀ ਆਉਂਦਾ ਹੈ। ਜਿਹੜੀ ਇਕ ਗੱਲ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਦੇ ਇਸ ਵਿਵੇਚਨ ਨੂੰ ਦੂਜਿਆਂ ਨਾਲੋਂ ਵੱਖਰਿਆਉਂਦੀ ਹੋਈ ਇਕ ਸਪਸ਼ਟ ਤੇ ਦੋ-ਟੂਕ ਨਤੀਜੇ ਉਪਰ ਪੁਚਾਉਂਦੀ ਹੈ–ਉਹ ਹੈ ਇਸ ਪੋਥੀ ਤੋਂ ਗੁਰੂ ਅਰਜਨ ਦੇਵ ਜੀ ਦਾ ਪੂਰੀ ਤਰ੍ਹਾਂ ਅਛੋਹ ਰਹਿਣ ਬਾਰੇ ਦਾਅਵਾ। ਪ੍ਰੋਫੈਸਰ ਪ੍ਰੀਤਮ ਸਿੰਘ ਜੀ ਨੇ ਦਾਅਵੇ ਨਾਲ ਇਹ ਨਤੀਜਾ ਦੱਸਿਆ ਹੈ ਕਿ ਨਾ ਤਾਂ ਇਹ ਪੋਥੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਮੋਹਨ ਕੋਲੋਂ ਮੰਗੀ, ਨਾ ਮੰਗਵਾਈ। ਨਾ ਬਾਬਾ ਬੁੱਢਾ ਜੀ ਬਾਬਾ ਮੋਹਨ ਕੋਲ ਗਏ, ਨਾ ਭਾਈ ਗੁਰਦਾਸ ਜੀ ਗਏ ਅਤੇ ਨਾ ਹੀ ਖੁਦ ਗੁਰੂ ਅਰਜਨ ਦੇਵ ਜੀ ਨੇ ਉਸ ਦੇ ਚੁਬਾਰੇ ਹੇਠ ਜਾਕੇ 'ਮੋਹਨ ਤੇਰੇ ਉਚੇ ਮੰਦਰ' ਵਾਲਾ ਸ਼ਬਦ ਉੱਚਾਰਿਆ।

## ਇਕ ਛੁਪੇ ਹੋਏ ਤੱਤ ਦਾ ਉਘੜਨਾ

ਪ੍ਰੋ. ਪ੍ਰੀਤਮ ਸਿੰਘ ਜੀ ਦੀ ਇਸ ਪੋਥੀ ਬਾਰੇ ਖੋਜ ਨੇ ਸਾਡੇ ਸਾਹਮਣੇ ਇਕ ਐਸੇ ਵਿਚਾਰ-ਤੱਤ ਨੂੰ ਉਘਾੜ ਕੇ ਰੱਖ ਦਿੱਤਾ ਹੈ ਜੋ ਪਹਿਲਾਂ ਮੌਜੂਦ ਤਾਂ ਹੈ ਸੀ, ਪਰ ਛੁਪਿਆ ਹੋਇਆ ਸੀ। ਇਸ ਨਾਲ ਇਕ ਅਜੇਹੇ ਸਿਲਸਿਲੇ ਦੀਆਂ ਕੜੀਆਂ ਵੀ ਆਪਸ ਵਿਚ ਜੁੜ ਗਈਆਂ ਹਨ, ਜਿਹੜਾ ਸਿਲਸਿਲਾ ਭਾਈ ਗੁਰਦਾਸ ਵਾਲੀ ਬੀੜ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਰਿਹਾ ਹੈ। ਪਰ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਦੀ ਇਸ ਖੋਜ ਤੋਂ ਪਤਾ ਲਗਦਾ ਹੈ ਕਿ ਇਹ ਸਿਲਸਿਲਾ ਏਸੇ ਅਹੀਆਪੁਰ ਵਾਲੀ ਪੋਥੀ ਤੋਂ ਹੀ ਸ਼ੁਰੂ ਹੋ ਗਿਆ ਸੀ। ਬੇਸ਼ੱਕ ਭੌਤਕ ਪੱਖ ਤੋਂ ਇਹ ਪੋਥੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦਾ ਆਪਸ ਵਿਚ ਕਦੇ ਰਿਸ਼ਤਾ ਨਾ ਜੁੜਿਆ ਹੋਵੇ,ਪਰ ਇਸ ਪੋਥੀ ਤੇ ਆਦਿ ਬੀੜ ਵੱਲ ਸੰਬੰਧਿਤ ਧਿਰਾਂ ਦੇ ਦ੍ਰਿਸ਼ਟੀਕੋਨ ਰਵੱਈਏ ਅਤੇ ਪਹੁੰਚ ਤੋਂ ਇਨ੍ਹਾਂ ਦੋਹਾਂ ਵਿਚਕਾਰ ਇਕ ਕ੍ਰਮਿਕਤਾ, ਇਕ ਅਨੁਕਰਨ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਦ੍ਰਿਸ਼ਟੀਕੋਨ ਦੋ ਸਿਰਿਆਂ ਤੇ ਬੈਠੀਆਂ ਦੋ ਧਿਰਾਂ ਦਾ ਹੈ। ਇਕ ਧਿਰ ਹੈ–ਉਹ ਸਤਿਗੁਰੂ ਸਾਹਿਬਾਨ, ਜਿਨ੍ਹਾਂ ਨੂੰ ਸਿਖ ਸਮਾਜ ਵੱਲੋਂ ਸ੍ਰੀ ਗੁਰੂ ਨਾਨਕ ਪਰੰਪਰਾ ਦੇ ਸਤਿਗੁਰੂ ਮੰਨਿਆ ਜਾਂਦਾ ਹੈ– ਅਤੇ ਦੂਜੀ ਧਿਰ ਹੈ – ਇਸ ਪਹਿਲੀ ਪਰੰਪਰਾ ਵਾਲੇ ਸਤਿਗੁਰੂ ਸਾਹਿਬਾਨ ਦੀ ਉਹ ਸੰਤਾਨ, ਜਿਸਨੇ ਆਪਣੇ ਪੂਜਨੀਕ ਸਤਿਗੁਰੂ ਪੁਰਖਾਂ ਵੱਲੋਂ ਬੇਮੁਖ ਤੇ ਨਾਬਰ ਹੋ ਕੇ ਆਪਣੀਆਂ ਆਪਣੀਆਂ ਗੁਰ-ਗੱਦੀਆਂ ਚਲਾਉਣ ਦੀ ਕੋਸ਼ਿਸ਼ ਕੀਤੀ। ਇਸ ਦੂਜੀ ਧਿਰ ਨੇ ਪੋਥੀ ਜਾਂ ਆਦਿ ਬੀੜ ਦਾ ਉਪਯੋਗ ਨਿਜੀ ਮਹਿਮਾ ਤੇ ਮਾਇਕ ਮਨੋਰਥਾਂ ਦੀ ਪੂਰਤੀ ਲਈ ਸਹਾਇਕ ਪਦਾਰਥ ਵਜੋਂ ਕੀਤਾ।

ਸਤਿਗੁਰੂ ਸਾਹਿਬਾਨ ਦੀ ਰਸਨਾ ਤੋਂ ਇਹ ਬਾਣੀ ਰੱਬੀ ਰਹਿਮਤ ਵਾਂਗ ਉੱਚਾਰਿਤ ਹੋਈ। ਉਨ੍ਹਾਂ ਨੇ ਇਸ ਉੱਪਰ ਕਬਜ਼ਾ ਨਹੀਂ ਕੀਤਾ, ਲੋਕ ਕਲਿਆਣ ਲਈ ਉਸ ਨੂੰ ਰਾਗ ਨਾਦ ਰਾਹੀਂ ਜੀਵ ਮਾਤਰ ਵਿਚ ਵੰਡਿਆ। ਇਹ ਰੱਬੀ ਬਾਣੀ ਜੋ ਰੱਬ ਨਾਲ ਜੋੜਦੀ ਹੈ–ਉਸ ਨੂੰ ਸਤਿਗੁਰਾਂ ਨੇ ਆਪਣੀ ਨਿਜੀ ਜਾਇਦਾਦ ਨਹੀਂ ਸਮਝਿਆ ਤੇ ਨਾ ਹੀ ਉਸ ਨੂੰ ਆਪਣਾ ਉਤਰਾਧਿਕਾਰੀ ਮੰਨਿਆ ਤੇ ਨਾ ਹੀ ਗੁਰਗੱਦੀ ਦੀ ਪ੍ਰਤਿਸ਼ਠਾ ਵਧਾਉਣ ਲਈ ਵਰਤਿਆ। ਸਤਿਗੁਰੂ ਸਾਹਿਬਾਨ ਨੇ ਜਿਨਾ ਦਵਾਰਾ ਬਾਣੀ ਪ੍ਰਸਫੁਟਿਤ ਹੋਈ ਜਾਂ ਜਿਨ੍ਹਾਂ ਦਵਾਰਾ ਬਾਣੀ ਦੇ ਇਸ ਰੂਪ ਦੀ ਰਚਨਾ ਨਹੀਂ ਹੋਈ–ਕਦੇ ਵੀ ਪੋਥੀ ਨੂੰ ਜਾਂ ਆਦਿ ਗ੍ਰੰਥ ਸਾਹਿਬ ਦੀ ਬੀੜ ਨੂੰ ਆਪਣੇ ਕੋਲ ਰੱਖਣ ਜਾਂ ਆਪਣੀ ਪਦਵੀ ਦੀ ਪੁਸ਼ਟੀ ਲਈ ਨਹੀਂ ਵਰਤਿਆ। ਅਹੀਆਪੁਰ ਵਾਲੀ ਪੋਥੀ ਬਾਰੇ ਵੀ ਵਿਦਵਾਨ ਇਤਿਹਾਸਕਾਰ ਅੱਜ ਤਕ ਇਹ ਨਹੀਂ ਦੱਸ ਸਕੇ ਕਿ ਇਸ ਪੋਥੀ ਵਾਲੀ ਬਾਣੀ ਦੀ ਰਚਨਾ ਕਿਸ ਕਿਸ ਗੁਰੂ ਦਵਾਰਾ ਹੋਈ, ਜਾਂ ਕਿਸ ਗੁਰੂ ਨੇ

ਕਿਸ ਕੋਲੋਂ ਕਿਸ ਗੁਰੂ ਜਾਂ ਭਗਤ ਦੀ ਬਾਣੀ ਲਿਖਵਾਈ। ਕਿਹੜੇ ਸਤਿਗੁਰੂ ਸਾਹਿਬ ਕੋਲ ਇਸ ਬਾਣੀ ਦੇ ਪ੍ਰਾਰੰਭਕ ਅੰਸ਼ ਰਹੇ ਤੇ ਬਾਅਦ ਵਿਚ ਸਮੁੱਚੀ ਪੋਥੀ ਕਿਸ ਗੁਰੂ ਕੋਲ ਰਹੀ। ਗੁਰੂ ਨਾਨਕ ਸਾਹਿਬ ਕੋਲ ? ਗੁਰੂ ਅੰਗਦ ਸਾਹਿਬ ਕੋਲ —? ਗੁਰੂ ਅਮਰ ਦਾਸ ਜੀ ਕੋਲ ਜਾਂ ਗੁਰੂ ਰਾਮ ਦਾਸ ਜੀ ਕੋਲ ? ਲੈ ਦੇ ਕੇ ਜਿਨ੍ਹਾਂ ਤੱਥਾਂ ਬਾਰੇ ਚਰਚਾ ਹੁੰਦੀ ਹੈ ਉਹ ਇਹੋ ਦੱਸਦੇ ਹਨ ਕਿ ਪੋਥੀ ਉਨ੍ਹਾਂ ਭੱਲੇ ਸਾਹਿਬਜ਼ਾਦਿਆਂ ਕੋਲ ਜਾਂ ਸਾਹਿਬਜ਼ਾਦਿਆਂ ਦੇ ਸਾਹਿਬਜ਼ਾਦਿਆਂ ਦੇ ਕਬਜ਼ੇ ਵਿਚ ਹੀ ਰਹੀ— ਜਿਹੜੇ ਸਾਹਿਬਜ਼ਾਦੇ ਆਪਣੇ ਪਿਤਾ-ਪਿਤਾਮਾ ਸਤਿਗੁਰੂਆਂ ਵਲੋਂ ਅਸੰਤੁਸ਼ਟ ਤੇ ਨਾਬਰ ਰਹੇ ਅਤੇ ਜਿਨ੍ਹਾਂ ਨੇ ਪੋਥੀ ਦੀ ਆਪਣੇ ਨਿੱਜੀ ਭੌਤਿਕ ਸਵਾਰਥਾਂ ਲਈ ਦੁਰਵਰਤੋਂ ਕੀਤੀ। ਗੁਰੂ ਅਰਜਨ ਦੇਵ ਜੀ ਨੇ ਜਾਂ ਉਨ੍ਹਾਂ ਦੇ ਪਿਤਾ ਗੁਰੂ ਰਾਮਦਾਸ ਜੀ ਨੇ ਭੱਲੇ ਸਾਹਿਬਜ਼ਾਦਿਆਂ ਬਾਰੇ ਆਪਣੀ ਰਸਨਾ ਤੋਂ ਜਾਂ ਕਲਮ ਦਵਾਰਾ ਕਦੇ ਕੁਝ ਨਹੀਂ ਆਖਿਆ। ਜੋ ਆਖਿਆ ਉਹ ਭਾਈ ਗੁਰਦਾਸ ਜੀ ਨੇ ਆਖਿਆ। ਜੋ ਕਿ ਖੁਦ ਗੁਰੂ ਨਹੀਂ ਸਨ ਤੇ ਲਖਮੀ-ਸ੍ਰੀ ਚੰਦ ਤੋਂ ਲੈ ਕੇ ਮੀਣੇ ਸਾਹਿਬਜ਼ਾਦਿਆਂ ਤੱਕ ਬਾਰੇ ਉਨ੍ਹਾਂ ਨੇ ਵਧੀਆ ਬਚਨ ਵਰਤਨ ਤੋਂ ਪੂਰਾ ਪਰਹੇਜ਼ ਕੀਤਾ ਹੈ।

ਪ੍ਰੋਫੈਸਰ ਪ੍ਰੀਤਮ ਸਿੰਘ ਜੀ ਨੇ ਅਹੀਆਪੁਰ ਵਾਲੀ ਪੋਥੀ ਵਿਚ ਆਏ ਜਿਨ੍ਹਾਂ ਕੁਝ ਵਿਅਕਤੀਆਂ ਦੇ ਨਾਵਾਂ ਦੀ ਚਰਚਾ ਕੀਤੀ ਹੈ ਤੇ ਮੋਟੇ ਤੌਰ ਤੇ ਜਿਨ੍ਹਾਂ ਨਾਵਾਂ ਕਾਰਨ ਹੀ ਉਸ ਪੋਥੀ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਸੁਤੰਤਰ ਪੋਥੀ ਮੰਨਿਆ ਹੈ, ਉਹ ਨਾਮ ਹਨ—'ਸਦਾ ਸੇਵਕ' ਤੇ 'ਗੁਲਾਮ।' ਇਨ੍ਹਾਂ ਦੋਹਾਂ ਦੇ ਨਾਵਾਂ ਨਾਲ ਪੋਥੀ ਵਿਚ ਬਾਣੀ ਵੀ ਦਰਜ ਹੈ ਤੇ ਉਸ ਬਾਣੀ ਵਿਚ ਕਈ ਥਾਈਂ 'ਨਾਨਕ' ਨਾਮ ਦੀ ਛਾਪ ਵੀ ਹੈ। ਪੜ੍ਹਣ ਤੇ ਇਹ ਬਾਣੀ ਇਸ ਪਾਏ ਦੀ ਲਗਦੀ ਹੈ ਕਿ ਬਾਬਾ ਪ੍ਰੇਮ ਸਿੰਘ, ਗਿਆਨੀ ਗੁਰਦਿਤ ਸਿੰਘ ਤੇ ਡਾ. ਪਿਆਰ ਸਿੰਘ ਜੀ ਨੇ ਉਸ ਬਾਣੀ ਨੂੰ 'ਜੇਠਾ' ਜੀ ਦੀ ਉਸ ਵੇਲੇ ਦੀ ਰਚੀ ਬਾਣੀ ਮੰਨ ਲਿਆ ਹੈ—ਜਦੋਂ 'ਜੇਠਾ ਜੀ' ਅਜੇ ਗੁਰੂ ਰਾਮ ਦਾਸ ਦੇ ਰੂਪ ਵਿਚ ਪ੍ਰਤਿਸ਼ਠਿਤ ਨਹੀਂ ਸਨ ਹੋਏ। ਪ੍ਰੰਤੂ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਆਪਣੀ ਖੋਜ ਅਨੁਸਾਰ ਇਸ ਮਤ ਨਾਲ ਸਹਿਮਤ ਨਹੀਂ ਹਨ।

ਪ੍ਰੋਫੈਸਰ ਪ੍ਰੀਤਮ ਸਿੰਘ ਜੀ ਦੀ ਖੋਜ ਅਨੁਸਾਰ 'ਗੁਲਾਮ' ਤੇ 'ਸਦਾ ਸੇਵਕ' ਗੁਰੂ ਵੰਸ਼ ਵਿਚੋਂ ਤਾਂ ਹੈ ਸਨ ਪਰ ਗੁਰੂ ਨਹੀਂ ਸਨ, ਨਾ ਹੀ ਗੁਰੂ ਬਣਨ ਤੋਂ ਪਹਿਲਾਂ ਦੇ ਕਿਸੇ ਰੂਪ ਵਿਚ ਸਨ।

## ਗੁਲਾਮ ਕੌਣ ਸੀ ?

"ਗੁਲਾਮ ਕੌਣ ਸੀ ? ਦੇ ਸਿਰਲੇਖ ਹੇਠ ਪ੍ਰੋ. ਪ੍ਰੀਤਮ ਸਿੰਘ ਜੀ ਲਿਖਦੇ ਹਨ—

* "ਗੁਲਾਮ ਭਾਈ ਜੇਠਾ ਨਹੀਂ ਸੀ।"

* ਉਹ ਜੋ ਕੋਈ ਵੀ ਸੀ, ਗੁਰੂ ਅਮਰਦਾਸ ਜੀ ਦਾ 'ਬਾਲ ਗੋਪਾਲ' ਸੀ।

* ਗੁਰੂ ਅਮਰਦਾਸ ਜੀ ਚੜ੍ਹਾਈ ਕਰ ਚੁੱਕੇ ਸਨ ਤੇ ਗੱਦੀ ਉੱਤੇ ਰਾਮਦਾਸ ਜੀ, ਗੁਰੂ ਬਣ ਕੇ ਸਜ ਚੁੱਕੇ ਸਨ, ਪਰ ਗੁਲਾਮ ਕਿਆਂ ਨੂੰ ਭਾਈ ਜੇਠੇ ਦੀ ਇਹ ਤਰੱਕੀ ਪਸੰਦ ਨਹੀਂ ਸੀ ਕਿਉਂਕਿ ਸਾਰੀ ਦੁਨਿਆਵੀ ਤੇ ਪਾਰ ਦੁਨਿਆਵੀ ਸ਼ਕਤੀ ਭੱਲਿਆਂ ਪਾਸੋਂ ਖੁਸ ਕੇ ਸੋਢੀਆਂ ਦੇ ਹੱਥਾਂ ਵਿਚ ਜਾਂਦੀ ਲਗਦੀ ਸੀ।

*ਗੁਰੂ ਅਮਰਦਾਸ ਨਾਲ ਆਪਣੇ ਰਿਸ਼ਤੇ ਤੇ ਸਿੱਖ ਸੰਗਤਾਂ ਵਿਚ ਇਸ ਰਿਸ਼ਤੇ ਦੇ ਆਦਰ ਦਾ ਲਾਭ ਉਠਾ ਕੇ 'ਗੁਲਾਮ' ਆਪਣੀਆਂ ਰਚਨਾਵਾਂ ਵਿਚ ਨਾਨਕ ਵਾਲੀ ਛਾਪ ਵਰਤ ਕੇ ਅਤੇ ਆਪਣੀਆਂ ਰਚਨਾਵਾਂ ਨੂੰ 'ਪੋਥੀ' ਵਿਚ, ਗੁਰੂ ਅਮਰਦਾਸ ਦੇ ਬਿਲਕੁਲ ਨਾਲ ਦੇ ਆਸਣ ਉੱਤੇ ਬਿਠਾ ਕੇ, ਖੁੱਸੀ ਹੋਈ ਗੁਰਿਆਈ ਦਾ ਅੱਧ-ਪਚੱਧ ਸੁਆਦ ਮਾਣਨ ਦਾ ਜਤਨ ਕਰਦਾ ਹੈ।

*ਗੁਲਾਮ ਦੇ ਆਪਣੇ ਇਕਬਾਲੀਆ ਬਿਆਨ ਅਨੁਸਾਰ, ਉਹ ਗੁਰੂ (ਅਮਰਦਾਸ) ਤੋਂ ਤੀਜੀ ਥਾਂ ਉੱਤੇ ਆਉਂਦਾ ਹੈ—ਗੁਰੂ ਅਮਰਦਾਸ ਜੀ ਦੇ ਬਾਅਦ 'ਸੇਵਕ' ਜੋ 'ਪੂਰਾ ਸਤਿਗੁਰੂ' ਹੀ ਸੀ ਤੇ 'ਸੇਵਕ' ਦੇ ਬਾਅਦ ਮੈਂ (ਅਰਥਾਤ 'ਗੁਲਾਮ') ਹਾਜ਼ਰ ਹਾਂ।"

ਇਸ ਤੋਂ ਬਾਅਦ ਪ੍ਰੋਫੈਸਰ ਸਾਹਿਬ ਲਿਖਦੇ ਹਨ—"ਇਹ ਸਾਰੀਆਂ ਸੋਧਾਂ, ਮੈਨੂੰ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਤੇ ਅੱਗੋਂ ਉਨ੍ਹਾਂ ਦੇ ਸਪੁੱਤਰ 'ਸਹੰਸਰ ਰਾਮ' ਵੱਲ ਲਿਜਾਂਦੀਆਂ ਦਿਸਦੀਆਂ ਹਨ। ਇਤਫਾਕ ਨਾਲ ਗੋਇੰਦਵਾਲ ਵਾਲੀਆਂ ਪੋਥੀਆਂ ਸ਼ੁਰੂ ਤੋਂ ਹੀ ਇਨ੍ਹਾਂ ਦੁਹਾਂ ਨਾਵਾਂ ਨਾਲ ਜੁੜੀਆਂ ਰਹੀਆਂ ਹਨ। ਫਰਕ ਸਿਰਫ ਇਹ ਪਿਆ ਹੈ ਕਿ ਜਿਹੜੀਆਂ ਪੋਥੀਆਂ ਗੱਦੀ ਦੀ ਝਾਕ ਦੇ ਅੱਧ ਵਿਚਾਲਿਓਂ ਟੁੱਟ ਜਾਣ ਤੋਂ ਬਾਅਦ ਪੈਦਾ ਹੋਏ ਜਾਤੀ ਤੇ ਘਰੋਗੀ ਰੋਸ ਦੇ ਮਨੋਰਗੀ ਵਿਗਾੜ ਵਾਲੇ ਵਿਰੋਧੀ ਚਲਨ ਦਾ ਚਿੰਨ੍ਹ ਮਾਤਰ ਸਨ, ਉਨ੍ਹਾਂ ਨੂੰ ਸਰੂਪ ਦਾਸ ਭੱਲੇ ਵਰਗਿਆਂ ਦੀ ਚਤੁਰਾਈ ਨੇ ਸਿੱਖਾਂ, ਸਿੱਖਾਂ ਦੀ ਮੁਖ ਧਾਰਾ ਦੇ ਸੋਮੇ (ਆਦਿ ਬੀੜ) ਦਾ

ਸੋਮਾ ਦਰਸਾ ਕੇ, ਸਤਿਕਾਰਮਈ ਮਾਨਤਾ ਵਾਲੀ ਥਾਂ ਦਿਵਾ ਦਿੱਤੀ ਹੈ। ਵਿਪੱਖੀ ਭੱਲੇ ਸਾਹਿਬਜ਼ਾਦੇ, ਸਿਧਾਂਤ ਜਾਂ ਸਾਹਿਤ ਦੇ ਖੇਤਰ ਵਿਚ ਵਿਦਵਾਨਾਂ ਦੀ ਕੋਈ ਉਸ ਤਰ੍ਹਾਂ ਦੀ ਤਿ-ਲੜੀ ਪੈਦਾ ਕਰਨੋਂ ਅਸਮਰਥ ਰਹੇ ਜਿਸ ਤਰ੍ਹਾਂ ਦੀ ਪੈਦਾ ਕਰਨ ਵਿਚ ਮੀਣੇ ਆਗੂ ਸਫਲ ਹੋਏ (ਪ੍ਰਿਥੀ ਚੰਦ—ਮਨੋਹਰ ਦਾਸ—ਹਰਿ ਜੀ)। ਇਸ ਲਈ ਜਿਥੇ ਮੀਣੇ ਸਾਹਿਬਜ਼ਾਦੇ ਆਪਣੀ ਸੰਪ੍ਰਦਾਇ ਬਣਾ ਕੇ, ਉਸ ਨੂੰ ਕਾਫੀ ਦੇਰ ਜਿਊਂਦੀ ਰੱਖਣ ਵਿਚ ਅੱਧ-ਪਚੱਧ ਕਾਮਯਾਬੀ ਹਾਸਿਲ ਕਰ ਸਕੇ, ਭੱਲੇ ਸਾਹਿਬਜ਼ਾਦੇ, 'ਪੋਥੀ' ਵਾਲੇ ਜਤਨ ਤੇ ਇਛਾ ਦੇ ਬਾਵਜੂਦ, ਕੋਈ ਵੱਖਰੀ ਸੰਪ੍ਰਦਾਇ ਖੜੀ ਨਾ ਕਰ ਸਕੇ।

'ਪੋਥੀ' ਦੇ ਪੱਤਰਾ ੨੫੯ ੳ ਉੱਤੇ ਮਿਲਦੀ 'ਗੁਲਾਮ' ਦੀ ਅਹਿਮ ਰਚਨਾ ਗੁਰੂ ਅਮਰਦਾਸ ਦੇ ਬਾਅਦ ਕਿਸੇ "ਪੂਰੇ ਸਤਿਗੁਰੂ" ਵਰਗੇ 'ਸੇਵਕ' ਦੇ ਵਰੋਸਾਏ ਜਾਣ ਦੀ ਸਾਖੀ ਭਰਦੀ ਹੈ। 'ਇਹ ਸੇਵਕ' ਭਾਈ ਜੇਠਾ ਤਾਂ ਹੋ ਨਹੀਂ ਸਕਦਾ, ਕਿਉਂਕਿ ਉਹ ਗੁਰੂ ਅਮਰਦਾਸ ਦੇ ਬਾਅਦ ਪਹਿਲਾਂ ਹੀ ਸਤਿਗੁਰੂ ਬਣ ਚੁੱਕਾ ਸੀ ਤੇ ਪੂਰੇ ਸਤਿਗੁਰੂ ਵਰਗਾ ਸੇਵਕ ਨਹੀਂ ਸੀ ਰਿਹਾ। ਹਾਂ, ਇਹ ਸੱਜਣ, ਗੁਰੂ ਅਮਰਦਾਸ ਦਾ ਸਾਹਿਬਜ਼ਾਦਾ ਹੋ ਸਕਦਾ ਹੈ, ਕਿਉਂਕਿ ਦੇਸ ਦੇ ਸਮਾਜਿਕ ਰਿਵਾਜ ਅਨੁਸਾਰ ਗੱਦੀ ਦੇ, ਵਿਰਾਸਤ ਵਿਚ ਮਿਲ ਜਾਣ ਦੀ ਝਾਕ, ਉਸੇ ਨੂੰ ਹੋ ਸਕਦੀ ਸੀ। 'ਗੁਲਾਮ' ਤੇ 'ਸਦਾ ਸੇਵਕ' ਦੀ ਭਾਲ ਨੇ ਸਾਨੂੰ ਅਜਿਹੀ ਥਾਂ ਲਿਆ ਖੜ੍ਹਾ ਕੀਤਾ ਹੈ, ਜਿਥੇ ਸ਼ਨਾਖਤ ਦੀ ਸੂਈ ਭੱਲਾ-ਵੰਸ ਦੇ ਸਾਹਿਬਜ਼ਾਦਿਆਂ ਉੱਤੇ ਜਾ ਖੜ੍ਹੀ ਹੁੰਦੀ ਹੈ। ਸਾਹਿਬਜ਼ਾਦੇ ਸਨ, ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ। ਬਾਬਾ ਮੋਹਰੀ ਜੀ ਉਮਰ ਭਰ ਗੁਰੂ-ਘਰ ਨਾਲ ਜੁੜੇ ਰਹੇ। ਇਸ ਪ੍ਰਕਰਣ ਵਿਚ ਬਾਬਾ ਸੁੰਦਰ ਜੀ ਦੀ ਗਵਾਹੀ ਬੜੀ ਮੁੱਲਵਾਨ ਹੈ ਕਿਉਂਕਿ ਉਨ੍ਹਾਂ ਨੇ ਆਪਣੀ 'ਸਦ' ਨਾਂ ਦੀ ਬਾਣੀ ਵਿਚ ਬਾਬਾ ਮੋਹਰੀ ਜੀ ਦੇ ਸਨਮੁਖੀ ਸਿੱਖ ਹੋਣ ਦੀ ਗਵਾਹੀ ਤਾਂ ਭਰ ਦਿੱਤੀ ਹੈ, ਪਰ ਬਾਬਾ ਮੋਹਨ ਜੀ ਬਾਰੇ ਪੂਰੀ ਚੁੱਪ ਸਾਧ ਛੱਡੀ ਹੈ। ਜਿਸ ਕਿਸੇ ਨੂੰ ਪਤਾ ਹੋਵੇ ਕਿ ਭਾਈ ਗੁਰਦਾਸ ਜੀ ਨੇ, ਆਪਣੀ ਇਕ ਵਾਰ ਵਿਚ ਬਾਬਾ ਮੋਹਨ ਨੂੰ, ਗੁਰਿਆਈ ਨਾ ਮਿਲਣ ਪਿਛੋਂ, ਦਿਮਾਗੀ ਰੋਗ ਦਾ ਸ਼ਿਕਾਰ ਬਣਿਆ ਦੱਸਿਆ ਹੋਇਆ ਹੈ, ਉਸ ਲਈ ਬਾਬਾ ਸੁੰਦਰ ਜੀ ਦੀ ਚੁੱਪ ਬੜਬੋਲੀ ਸਾਬਤ ਹੋ ਸਕਦੀ ਹੈ। ਬਾਬਾ ਮੋਹਰੀ ਜੀ ਦੇ ਸਪੁੱਤਰ ਬਾਬਾ ਅਰਜਾਨੀ ਮੱਲ ਜੀ ਵੀ ਆਪਣੇ ਸਮੇਂ ਦੇ ਗੁਰੂ ਸਾਹਿਬਾਨ ਦੇ ਵਿਸ਼ਵਾਸ-ਪਾਤਰ ਸਿੱਖ ਸਨ। ਕੋਈ ਵੱਡੀ ਗੱਲ ਨਹੀਂ ਕਿ 'ਪੋਥੀ' ਦੇ ਸੰਮਤ ਵਾਲੇ ਪੱਤਰੇ ਵਿਚ ਜਿਸ ਸਰਾਪ ਦਾ ਡਰਾਵਾ ਗੈਰ-ਸੋਢੀਆਂ ਦੇ ਲੜ ਲੱਗਣ ਵਾਲੇ ਸਹਿਗੋਤੀਆਂ ਨੂੰ ਦਿੱਤਾ ਹੋਇਆ ਹੈ, ਉਸ ਦਾ ਨਿਸ਼ਾਨਾ ਮੋਹਰੀ ਜੀ ਤੇ ਉਨ੍ਹਾਂ ਦੀ ਸੰਤਾਨ ਹੀ ਹੋਵੇ। ਇਸ ਕਾਂਟ-ਛਾਂਟ ਤੋਂ ਬਾਅਦ ਬਾਕੀ ਰਹਿ ਜਾਂਦੇ ਹਨ ਬਾਬਾ ਮੋਹਨ ਜੀ, ਜਿਨ੍ਹਾਂ ਦੇ ਨਾਂ ਨਾਲ ਅਹੀਆਪੁਰ ਵਾਲੀ ਪੋਥੀ ਤੇ ਗੋਇੰਦਵਾਲ ਵਾਲੀਆਂ ਹੋਰ ਪੋਥੀਆਂ ਜੁੜੀਆਂ ਰਹੀਆਂ ਹਨ ਤੇ ਜੋ ਗੁਰੂ ਅਰਜਨ ਦੇਵ ਜੀ ਦੇ ਗੋਇੰਦਵਾਲ ਤਸ਼ਰੀਫ ਲਿਜਾ ਕੇ ਇਹ ਪੋਥੀਆਂ ਪ੍ਰਾਪਤ ਕਰਨ ਦੀ ਸਾਖੀ ਬੜੇ ਅਹਿਮ ਪਾਤਰ ਅਤੇ, 'ਮੋਹਨ ਤੇਰੇ ਊਚੇ ਮੰਦਰ..' ਵਾਲੇ ਪੰਜਵੇਂ ਗੁਰੂ ਜੀ ਵਾਲੇ ਸ਼ਬਦ ਦੇ ਵੀ ਪਾਤਰ ਮੰਨੇ ਜਾਂਦੇ ਰਹੇ ਹਨ। ਸਾਰਿਆਂ ਪਾਸਿਆਂ ਤੋਂ ਵਿਚਾਰਨ ਉਪਰੰਤ ਲਗਦਾ ਇਹੀ ਹੈ ਕਿ ਜਿਸ 'ਸੇਵਕ' ਦਾ 'ਗੁਲਾਮ' ਜ਼ਿਕਰ ਕਰਦਾ ਹੈ, ਉਹ ਉਸ ਦੇ ਪਿਤਾ ਤੇ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਹੀ ਸਨ ਤੇ ਜ਼ਿਕਰ ਕਰਨ ਵਾਲਾ ਸੀ ਸਹੰਸਰ ਰਾਮ, ਬਾਬਾ ਮੋਹਨ ਜੀ ਦਾ ਸਪੁੱਤਰ, ਜੋ ਆਪਣੇ ਆਪ ਨੂੰ 'ਗੁਲਾਮ' ਦੱਸਦਾ ਹੈ।"

ਗੁਰੂ ਅਰਜਨ ਦੇਵ ਜੀ ਨੂੰ ਆਦਿ ਬੀੜ ਵਿਚ ਸੰਗ੍ਰਹਿ ਕਰਨ ਲਈ ਬਾਣੀ ਕਿਥੋਂ, ਕਿਵੇਂ ਤੇ ਕਿਸ ਸ੍ਰੋਤ ਤੋਂ ਪ੍ਰਾਪਤ ਹੋਈ, ਇਹ ਪ੍ਰਸ਼ਨ ਪ੍ਰੋ. ਪ੍ਰੀਤਮ ਸਿੰਘ ਜੀ ਦੇ ਇਸ ਖੋਜ ਗ੍ਰੰਥ ਵਿਚ ਅਜੇ ਅਨੁੱਤਰਿਤ ਹੈ। ਸ਼ਾਇਦ ਆਪ ਇਸ ਦੀ ਚਰਚਾ ਇਸ ਪੋਥੀ ਦੇ ਦੂਜੇ ਹਿੱਸੇ ਵਿਚ ਕਰਨ।

ਇਕ ਹੋਰ ਵੀ ਗੱਲ ਧਿਆਨ ਖਿੱਚਣ ਵਾਲੀ ਹੈ ਕਿ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਨੇ ਅਹੀਆਪੁਰ ਵਾਲੀ ਪੋਥੀ ਦੇ ਹਰੇਕ ਅੰਗ ਅੱਖਰ ਦੀ ਤੁਲਨਾ ਮੌਜੂਦਾ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਅੰਗਾਂ-ਅੱਖਰਾਂ ਨਾਲ ਕੀਤੀ ਹੈ। ਪੋਥੀ ਤੇ ਇਸ ਬੀੜ ਵਿਚਕਾਰ ਸਮੇਂ ਦੀ ਬਹੁਤ ਵੱਡੀ ਵਿੱਥ ਹੈ, ਤੇ ਇਸ ਵਿੱਥ ਵਿਚ ਬੋਲੀ ਉਸ ਦੀ ਜੁਗਤ ਤੇ ਵਿਆਕਰਨ ਦੇ ਪ੍ਰੌੜ ਹੋਣ ਦੀ ਬਹੁਤ ਸਾਰੀ ਗੁੰਜਾਇਸ਼ ਰਹੀ ਹੈ। ਬਾਣੀ ਦੇ ਖੋਜੀ ਵਿਦਵਾਨਾਂ ਨੇ ਇਸ ਵਿਥ ਵਿਚ ਹੋਏ ਬਹੁਭਾਂਤ ਭਾਸ਼ਾ-ਵਿਕਾਸ ਦੀ ਚਰਚਾ ਵੀ ਕੀਤੀ ਹੈ। ਪ੍ਰੋਫੈਸਰ ਸਾਹਿਬ ਇਸ ਸਮੇਂ ਦੀ ਵਿੱਥ ਵਿਚ ਹੋਏ ਸੰਪਾਦਨ ਕਾਰਜਾਂ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਜੇ ਪੋਥੀ ਤੇ ਮੌਜੂਦਾ ਗੁਰੂ ਗ੍ਰੰਥ ਸਾਹਿਬ ਦੇ ਆਪਸੀ ਸੰਬੰਧਾਂ ਦੀ ਅਨਹੋਂਦ ਨੂੰ ਪ੍ਰਮਾਣਤ ਕਰਦੇ ਤਾਂ ਗੱਲ ਹੋਰ ਵਜ਼ਨਦਾਰ ਹੋ ਜਾਂਦੀ ਹੈ।

## ਪ੍ਰੋਫੈਸਰ ਸਾਹਿਬ ਦੀ ਪ੍ਰਾਪਤੀ

ਅਸੀਂ ਏਥੇ ਹੁਣ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਦੀ ਵਿਸ਼ੇਸ਼ ਪ੍ਰਾਪਤੀ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

ਇਸ ਖੋਜ ਗ੍ਰੰਥ ਨੇ ਜਿਸ ਮਹੱਤਵਪੂਰਨ ਵਿਚਾਰ-ਤੱਤ

ਨੂੰ ਉਜਾਗਰ ਕੀਤਾ ਹੈ, ਉਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪ੍ਰਾਰੰਭਕ ਸੈਂਚਿਆਂ, ਪੋਥੀ ਜਾਂ ਬੀੜ ਬਾਰੇ ਸਤਿਗੁਰੂ ਸਾਹਿਬਾਨ ਦੇ ਰਵੱਈਯੇ, ਤੇ ਉਸ ਵੱਲ ਪਹੁੰਚ ਦਾ ਪਤਾ ਦੇਂਦਾ ਹੈ।

ਪਹਿਲੇ ਤਿੰਨ ਜਾਂ ਚਾਰ ਸਤਿਗੁਰਾਂ ਨੇ ਬਾਣੀ ਦੀ ਰਚਨਾ ਤਾਂ ਕੀਤੀ ਪਰ ਉਸ ਦੀ ਸਾਂਭ-ਸੰਭਾਲ ਦੇ ਦਾਅਵੇਦਾਰ ਸਤਿਗੁਰੂ ਸਾਹਿਬ ਆਪ ਨਹੀਂ ਬਣੇ, ਸਗੋਂ ਉਹ ਦਾਅਵੇਦਾਰ ਉਹ ਲੋਕ ਸਨ ਜਿਹੜੇ ਖੁਦ ਗੁਰੂ ਜਾਂ ਸਤਿਗੁਰੂ ਨਹੀਂ ਸਨ। ਉਹ ਲੋਕ ਬਾਣੀ ਦੇ ਮੂਲ ਤੱਤ-ਦਰਸ਼ਨ ਤੋਂ ਵੀ ਮੁਕਤ ਵਿਅਕਤੀ ਰਹੇ ਹਨ। ਉਨ੍ਹਾਂ ਦਾ ਤੱਤ-ਦਰਸ਼ਨ ਮਾਇਆ, ਅਥਵਾ ਪਦਾਰਥਕ ਪ੍ਰਾਪਤੀਆਂ ਤੱਕ ਸੀਮਤ ਸੀ—ਜਦੋਂਕਿ ਬਾਣੀ ਆਪਣੇ ਸੁਭਾਵ ਤੋਂ ਰੱਬ ਨਾਲ ਜੋੜਣ ਵਾਲੀ ਅਦੁੱਤੀ ਲਹਿਰ ਵਾਂਗ ਪ੍ਰਗਟੀ ਸੀ ਤੇ ਮਾਇਆ ਤੋਂ ਮੁਕਤੀ ਦਾ ਦਰਸ ਦੇਂਦੀ ਹੈ।

ਪੰਜਵੇਂ ਸਤਿਗੁਰੂ ਅਰਜਨ ਦੇਵ ਜੀ ਵਲੋਂ ਤਿਆਰ ਕਰਵਾਈ ਬੀੜ ਦੇ ਪਹਿਲੇ ਪਾਠੀ ਭਾਈ ਬੰਨੋ ਨੇ — ਬੀੜ ਦਾ ਉਤਾਰਾ ਕਰ ਲਿਆ ਤੇ ਉਸ ਵਿਚ ਕੁਝ ਮਿਲਾਵਟ ਵੀ ਕਰ ਲਈ— ਜਿਸ ਕਾਰਨ ਉਹ ਦੂਜੀ ਬੀੜ ਖਾਰੀ ਬੀੜ ਬਣ ਗਈ ਤੇ ਨਾਲ ਹੀ ਬਾਣੀ ਸੰਗ੍ਰਹਿ ਦੇ ਦੂਜੇ ਨਿਰਣਾਯਕ ਦੌਰ ਵਿਚ ਬਾਣੀ ਦੇ ਇਸ ਦੂਜੇ ਦੌਰ ਦੇ ਕਬਜ਼ੇਦਾਰਾਂ ਦਾ ਉਦਯ ਵੀ ਹੋ ਗਿਆ।

ਉਸ ਤੋਂ ਅਗਲੇ ਦੌਰ ਵਿਚ ਭਾਈ ਗੁਰਦਾਸ ਜੀ ਵਾਲੀ ਆਦਿ ਬੀੜ ਉੱਪਰ ਜਿਸ ਕਬਜ਼ੇਦਾਰ ਦਾ ਜ਼ਿਕਰ ਖੁਲ੍ਹ ਕੇ ਆਇਆ ਹੈ— ਉਹ ਸੀ ਧੀਰ ਮੱਲ। ਧੀਰ ਮੱਲ ਨੇ ਵੀ ਇਹ ਕਬਜ਼ਾ ਅਧਿਆਤਮਕ ਪ੍ਰਾਪਤੀਆਂ ਲਈ ਨਹੀਂ ਸੀ ਕੀਤਾ। ਇਸ ਬਾਰੇ 'ਸੂਰਜ ਪ੍ਰਕਾਸ਼' ਵਿਚ ਜਿਵੇਂ ਜ਼ਿਕਰ ਆਉਂਦਾ ਹੈ, ਉਹ ਬੀੜ ਬਾਰੇ ਧੀਰ ਮੱਲ ਨੇ ਗੁਰੂ ਹਰਗੋਬਿੰਦ ਸਾਹਿਬ ਦੇ ਵੱਖ ਵੱਖ ਰਵੱਈਏ ਨੂੰ ਸਪਸ਼ਟ ਕਰਦਾ ਹੈ।

ਜਦੋਂ ਗੁਰੂ ਹਰਗੋਬਿੰਦ ਸਾਹਿਬ ਕਰਤਾਰਪੁਰ ਤੋਂ ਚੱਲਣ ਲਗੇ ਤਾਂ ਬਿਧੀ ਚੰਦ ਨੇ ਆਪ ਜੀ ਅਗੇ ਅਰਜ਼ ਕੀਤੀ—

"ਸ੍ਰੀ ਗੁਰੂ ਗ੍ਰਿੰਥ ਰਾਖਿ ਕਰਿ ਨੀਨੋਂ,
ਗੁਪਤ ਛਪਾਵਨਿ ਕਿਤਹੂੰ ਕੀਨੋਂ।
ਖੋਜ ਰਹੇ ਜੋ ਹਾਥ ਨ ਆਯੋ,
ਤਾਰੋ ਕਠਨ ਕੋਠਰੇ ਲਾਯੋ।
ਕਹੈ, ਸੁ- ਮੈਂ ਇਹ ਰਾਖਨਿ ਕਰੋਂ,
ਇਸ ਕੀ ਆਸ ਏਕ ਮਨ ਧਰੋਂ।
ਜਿਸ ਤੇ ਚਲੈ ਮੋਰ ਗੁਜ਼ਰਾਨਾ,
ਖਾਨ ਪਾਨ ਕੋ ਖਰਚ ਮਹਾਨਾ।
ਜੋਰ ਪਾਇ ਕਰਿ ਹੋਇ ਬਖੇਰਾ,
ਕਹਤੂ ਤ ਲੈ ਆਵਹਿ ਇਸ ਬੇਰਾ।
ਸ੍ਰੀ ਹਰਿਗੋਬਿੰਦ ਲਖੀ ਖੁਟਾਈ,
ਅਗ੍ਰ ਤੁਰਕ ਢਿਗ ਪਤ੍ਰ ਪਠਾਈ।

..........

ਇਤਿਹਾਦਿਕ ਬਹੁ ਰਿਦੈ ਬਿਚਾਰੀ,
ਸ੍ਰੀ ਹਰਿਗੋਵਿੰਦ ਗਿਰਾ ਉਚਾਰੀ।
'ਕੁਛ ਨਹਿੰ ਕਹਹੁ, ਚਹਹਿ ਜੋ ਕਰਹਿ,
ਗੁਰੂ ਘਰ ਸੋਂ ਇਹ ਮੇਲ ਨ ਧਰਹਿ।
ਪ੍ਰਥਮ ਪ੍ਰਿਥਕ ਪ੍ਰਿਥਿਆ ਜਿਮ ਭਯੋ,
ਤਿਮ ਇਹ ਰਹੈ ਅਪਰ ਮਗ ਲਯੋ।'
ਸੁਨਿ ਬਿਧੀਏ ਕਰ ਜੋਰਿ ਅਲਾਯੋ,
'ਤੁਮ ਆਇਸੁ ਲੇ ਗ੍ਰਿੰਥ ਲਿਖਾਯੋ।'
ਨਹੀਂ ਸੰਪੂਰਨ ਅਬਿ ਲੌ ਭਯੋ,
ਰਾਗ ਬਿਲਾਵਲਿ ਲੌ ਲਿਖ ਲਯੋ।
ਆਧੋ ਰਹੇ ਸੁ ਜਾਨੀ ਪਰੈ,
ਦੇਬੋ ਇਹੁ ਨਹੀਂ ਕਿਸ ਕਰੈ।"

ਸੂਰਜ ਪ੍ਰਕਾਸ਼।

ਗੁਰੂ ਤੇਗ ਬਹਾਦਰ ਸਾਹਿਬ ਦੇ ਬਕਾਲਾ ਛੱਡਕੇ ਕਿਤੇ ਹੋਰਥੇ ਡੇਰਾ ਲਗਾਉਣ ਲਈ ਚੱਲਣ ਸਮੇਂ ਸਾਰੇ ਸਾਜ਼ ਸਮਾਨ ਦੀ ਤਿਆਰੀ ਵੇਲੇ ਇਕ ਸਿੱਖ ਦੇ ਸਿਰ ਉੱਪਰ 'ਗ੍ਰੰਥ ਸਾਹਿਬ' ਦੀ ਬੀੜ ਵੇਖ ਕੇ ਸਤਿਗੁਰੂ ਜੀ ਨੇ ਪੁਛਿਆ—

"ਤੇਗ ਬਹਾਦਰ ਗੁਰੂ ਬਖਾਨਯੋ,
'ਕੌਨ ਗ੍ਰਿੰਥ ਸਾਹਿਬ ਇਹ ਆਨਯੋ।
ਕਿਤ ਲੇ ਜਾਇ, ਅਹੈ ਕਿਸ ਪਾਸ,
ਬੂਝਹੁ ਇਸ ਕੋ ਕਰਹੁ ਪ੍ਰਕਾਸ਼।
ਤਬ ਕ੍ਰਿਪਾਲ ਗੁਜਰੀ ਕੋ ਭ੍ਰਾਤ,
ਸਰਬ ਸੁਨਾਇ ਭਨਯੋ ਸੁ ਬ੍ਰਿਤਾਂਤ।
ਸ੍ਰੀ ਗੁਰੂ ਅਰਜਨ ਪ੍ਰਥਮ ਲਿਖਾਯੋ,
ਧੀਰ ਮੱਲ ਸੋ ਛੱਲ ਕਰ ਪਾਯੋ।
ਡੇਰਾ ਲੂਟ ਲੀਨਿ ਜਬ ਸਾਰੇ,
ਤਬ ਤੇ ਆਯਹੁ ਸਦਨ ਹਮਾਰੇ।
ਮਹਾ ਮਹਾਤਮ ਹੈ ਇਸ ਕੇਰਾ,
ਜਿਸ ਕੇ ਦਰਸ਼ਨ ਪੁੰਨ ਘਨੇਰਾ।
ਰਾਵਰ ਬਡਨਿ ਬਨਾਯੋ ਏਹੀ,
ਇਸ ਢਿਗ ਹੁਇ ਪੂਜਾ ਬਹੁ ਲੇਹੀ।
ਇਸ ਕਰਿ ਸਰਬ ਸੰਗਤਾਂ ਆਵੈਂ
ਦਰਸਹਿੰ ਅਨਿਕ ਅਕੋਰ ਚੜ੍ਹਾਵੈਂ।

ਯਾਂਤੇ ਆਪ ਨਿਕਟਿ ਅਬ ਗਹੈ',
ਅਪਰ ਥਾਨ ਕੋ ਉਚਿਤ ਨ ਅਹੈ'।
ਸੁਨਿ ਸ੍ਰੀ ਤੇਗਬਹਾਦਰ ਕਹਯੋ,
ਹਮਰੇ ਸੰਗ ਕੌਨ ਬਿਧਿ ਰਹਯੋ?
ਕਿਨ ਇਹ ਰਾਖਿ ਸਾਥ ਨਿਜ ਆਨਯੋ,
ਫੇਰਨਿ ਕਹਯੋ ਨਹੀਂ ਸੋ ਮਾਨਯੋਂ?
ਧੀਰ ਮੱਲ ਕੇ ਨਿਕਟਿ ਕਦੀ ਕੋ,
ਅਬ ਭੀ ਦੇਬੋ ਬਨਹਿ ਤਿਸੀ ਕੋ।
ਛੀਨ ਲੇਨਿ ਇਹੁ ਉਚਿਤ ਨ ਹਮੇ,
ਰਿਦੇ ਬਿਸੂਰਹਿ ਦੂਖ ਸਭ ਸਮੇ।'

ਸਤਿਗੁਰਾਂ ਕਿਹਾ ਕਿ ਗ੍ਰੰਥ ਸਾਹਿਬ ਧੀਰ ਮੱਲ ਕੋਲ ਸੀ, ਉਸੇ ਨੂੰ ਦੇ ਆਓ। ਪਰ ਸਿਖਾਂ ਨੇ ਕਿਹਾ ਕਿ ਅਸਾਂ ਉਸ ਬੇਮੁਖ ਧੀਰ ਮੱਲ ਦੇ ਮੱਥੇ ਹੀ ਨਹੀਂ ਲੱਗਣਾ ਤੇ ਨਾ ਹੀ ਗ੍ਰੰਥ ਦੇਣ ਜਾਣਾ ਹੈ—

"ਸੁਣਿ ਗੁਰ ਸਿਖਣ ਕੀ ਬਿਨਤੀ,
ਮਨ ਮਹਿ ਗਿਨਤ ਰਹੇ ਗਨ ਗਨਤੀ।
'ਨਹਿਨ ਗ੍ਰਿੰਥ ਸਾਹਿਬ ਹਮ ਰਾਖੈ',
ਤਿਸ ਢਿਗ ਪਹੁੰਚੇ-ਚਿਤ ਅਭਿਲਾਖੈਂ।"

ਫਿਰ ਗੁਰੂ ਜੀ ਨੇ ਗ੍ਰੰਥ ਸਾਹਿਬ ਬੇੜੀ ਵਿੱਚ ਹੀ ਰਖਵਾ ਲਿਆ—

"ਕਰਨਧਾਰ ਤਬ ਪ੍ਰੇਰਨਿ ਕਰੀ,
ਨੀਰ ਗੰਭੀਰ ਸ਼ੀਘ੍ਰ ਚਲਿ ਤਰੀ।
ਪਰਲੇ ਤੀਰ ਗਈ ਤਤਕਾਲਾ,
ਉਤਰਿ ਪਰੇ ਸਤਿਗੁਰੂ ਕ੍ਰਿਪਾਲਾ।
ਇਕ ਨਰ ਸ੍ਰੀ ਕਰਤਾਰਪੁਰੇ,
ਉਤਰਾਯੋ ਸੰਗਿ ਉਰੇ ਕੋ।
ਬੂਝਨ ਕੀਨੋ, ਤਹਿ ਬਖਾਨਾ,
ਮੈਂ ਤਿਸ ਨਗਰ ਬਿਖੈ ਚਲਿ ਜਾਨਾ।'
ਸਤਿਗੁਰ ਕਹਯੋ, 'ਕਾਜ ਹਮ ਕੀਜੈ,
ਏਕ ਸੰਦੇਸ਼ ਧੀਰ ਮੱਲ ਦੀਜੈ।
ਗੁਰੂ ਗ੍ਰਿੰਥ ਜੋ ਤੁਮ ਤੇ ਲਯੋ,
ਸੋ ਦਰਿਆਊ ਬਿਖੈ ਧਰਿ ਦਯੋ।
ਆਪ ਜਾਇ ਕਰਿ ਲੇਊ ਨਿਕਾਸ,
ਪੁਨ ਸਦੀਵ ਤੁਮ ਰਾਖਹੁ ਪਾਸ।

***ਸੂਰਜ ਪ੍ਰਕਾਸ਼***

ਗੁਰੂ ਹਰਗੋਬਿੰਦ ਸਾਹਿਬ ਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਯਾਤਾਰਾਵਾਂ ਨਾਲ ਜੁੜੀਆਂ ਦੋਵੇਂ ਸਾਖੀਆਂ ਦੱਸਦੀਆਂ ਹਨ ਕਿ ਗ੍ਰੰਥ ਸਾਹਿਬ ਦਾ ਸਥਾਨ ਸਤਿਗੁਰੂ ਸਾਹਿਬਾਨ ਦੇ ਮਨ ਵਿੱਚ ਕੀ ਸੀ—ਤੇ ਉਹਨਾਂ ਲੋਕਾਂ ਦੇ ਮਨ ਵਿੱਚ ਕੀ ਸੀ—ਜੋ ਉਸ ਉਪਰ ਕਬਜ਼ਾ ਤਾਂ ਰੱਖਦੇ ਜਾਂ ਰੱਖਣਾ ਚਾਹੁੰਦੇ ਸਨ,ਪਰ ਆਪ ਗੁਰੂ ਨਹੀਂ ਸਨ। ਕਬਜ਼ਾ ਵੀ ਇਸ ਲਈ ਰੱਖਦੇ ਸਨ ਕਿ ਇਸ ਦੀ ਬਦੌਲਤ ਚੜ੍ਹਾਵਾ ਬਹੁਤ ਚੜ੍ਹ ਜਾਂਦਾ ਹੈ, ਤੇ ਆਪਣਾ ਰੁਜ਼ਗਾਰ ਬਣਿਆ ਰਹਿੰਦਾ ਹੈ।

ਅਗਲੇ ਪੜਾਅ ਉੱਪਰ ਜਦੋਂ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਗੁਰੂ ਸਾਹਿਬ ਦੀ ਬਾਣੀ ਚੜ੍ਹੀ— ਉਸ ਬਾਰੇ ਅਜੇ ਤੱਕ ਨਿਰਣਯ ਨਹੀਂ ਹੋ ਸਕਿਆ ਕਿ ਇਹ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਚੜ੍ਹਾਈ ਜਾਂ ਭਾਈ ਮਨੀ ਸਿੰਘ ਜੀ ਨੇ। ਕੋਈ ਇਸ ਨੂੰ ਦਮਦਮੀ ਬੀੜ ਆਖਦਾ ਹੈ ਤੇ ਕੋਈ ਦਿੱਲੀ ਵਾਲੀ, ਜਾਂ ਕਿਸੇ ਹੋਰ ਨਾਮ ਥਾਮ ਨਾਲ ਜੁੜੀ। ਬਾਣੀ ਬਾਰੇ ਵੀ ਅਜੇ ਮਤਭੇਦ ਕਾਇਮ ਹਨ। ਖਾਸ ਕਰਕੇ ਰਾਗਮਾਲਾ ਬਾਰੇ ਅਤੇ ਭਗਤਾਂ ਦੀ ਬਾਣੀ ਬਾਰੇ।

ਪਰ ਇਕ ਗੱਲ ਤੈ ਹੋ ਗਈ ਹੈ। ਗੁਰੂ ਗ੍ਰੰਥ ਸਾਹਿਬ ਉੱਪਰ ਕਬਜ਼ਾ ਗੁਰੂ ਸਾਹਿਬਾਂ ਦਾ ਪਹਿਲਾਂ ਵੀ ਨਹੀਂ ਰਿਹਾ ਹੁਣ ਵੀ ਨਹੀਂ ਹੈ। ਕਾਬਜ਼ ਉਸੇ ਬਿਰਤੀ ਵਾਲੇ ਲੋਕ ਹੀ ਹਨ ਭਾਵੇਂ ਵੰਸ਼ ਪਰੰਪਰਾ ਤੋਂ ਗੱਲ ਅਗਾਂਹ ਟੁਰ ਗਈ ਹੈ। ਨਾ ਭੱਲਿਆਂ ਸਾਹਿਬਜ਼ਾਦਿਆਂ ਕੋਲ ਕਬਜ਼ਾ ਰਿਹਾ ਹੈ (ਮੌਜੂਦਾ ਗੁਰੂ ਗ੍ਰੰਥ ਸਾਹਿਬ ਦਾ), ਨਾ ਸੋਢੀਆ ਕੋਲ। ਕਬਜ਼ਾ ਸਿੱਧਾ ਸਿਆਸਤਦਾਨਾਂ ਦਾ ਹੋ ਗਿਆ ਹੈ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਪੰਥ ਐਲਾਨ ਕੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਲਿਖ ਲਿਆ ਹੈ— ਮਿਥ ਲਿਆ ਹੈ। ਗੁਰੂ ਗ੍ਰੰਥ ਸਾਹਿਬ ਉਨ੍ਹਾਂ ਲਈ ਪੂਜਾ ਅਰਚਨਾ ਮੰਗਦੀ ਜਗਦੀ ਜੋਤ ਹਨ। ਇਹ ਪੰਥ ਸਭ ਕੁਝ ਭਗਤੀ, ਮੁਕਤੀ ਤੇ ਭੁਗਤੀ, ਗੁਰੂ ਗ੍ਰੰਥ ਸਾਹਿਬ ਕੋਲੋਂ ਹੀ ਮੰਗਦੇ ਹਨ। ਉਸ ਦਾ ਪਾਠ ਕਰਦੇ ਹਨ, ਪੱਖਾ ਝਲਦੇ ਹਨ, ਹੀਟਰ ਤੇ ਏ.ਸੀ. ਉਸ ਦੀ ਸੇਵਾ ਵਿਚ ਰੱਖਦੇ ਹਨ। ਉਸ ਨੂੰ ਭੋਗ ਵੀ ਲਗਾਉਂਦੇ ਹਨ ਤੇ ਉਸ ਦੇ ਦਰਸ਼ਨ ਪਾਠਾਂ ਦੀ ਮਾਯਾ ਵੀ ਵਸੂਲ ਕਰਦੇ ਹਨ।

ਇਸ ਤਰ੍ਹਾਂ ਭੱਲੇ ਸਾਹਿਬਜ਼ਾਦਿਆਂ ਤੋਂ ਪ੍ਰਾਰੰਭ ਹੋਇਆ ਇਕ ਵਿਚਾਰ ਤੱਤ— ਸੋਢੀ ਮੀਣਿਆਂ ਤੱਕ ਵਿਕਸਿਤ ਹੁੰਦਾ-ਹੁੰਦਾ ਅੱਜ ਵਿਕਾਸ ਦੀ ਚਰਮ ਸੀਮਾ ਤੇ ਪੁੱਜ ਗਿਆ ਹੈ।

ਪ੍ਰੋਫੈਸਰ ਪ੍ਰੀਤਮ ਸਿੰਘ ਜੀ ਦੀ ਪੋਥੀ ਬਾਰੇ ਖੋਜ— ਉਸ ਬਿਰਤੀ ਦੀਆਂ ਕੜੀਆਂ ਨੂੰ ਮਿਲਾਨ ਵਿਚ ਸਫਲ ਰਹੀ ਹੈ—ਜਿਹੜੀ ਬਿਰਤੀ ਪਹਿਲਾਂ ਧੀਰ ਮੱਲ ਤੋਂ ਸ਼ੁਰੂ ਹੋਈ ਪ੍ਰਤੀਤ ਹੁੰਦੀ ਸੀ।

੧੦-੫-੨੦੦੨

## ਗੀਤ

—ਗੁਰਭਜਨ ਗਿੱਲ

ਰਾਜ ਭਾਗ ਵਾਲਿਓ! ਕਮਾਲ ਕਰੀ ਜਾਂਦੇ ਓ।
ਜਿੱਥੋਂ ਜੋ ਵੀ ਮਿਲੇ, ਉਹੀ ਮਾਲ ਚਰੀ ਜਾਂਦੇ ਓ।

ਮਹਿੰਗੇ ਮੁੱਲ ਲਈਆਂ ਸਾਡੇ ਵੱਡਿਆਂ ਆਜ਼ਾਦੀਆਂ,
ਅੱਧੀ ਰਾਤੇ ਧਰਤੀ ਨੂੰ ਵੰਡਿਆ ਫਸਾਦੀਆਂ,
ਦਿਨ ਚੜ੍ਹੇ ਝੋਲੀ ਵਿੱਚ ਪਈਆਂ ਬਰਬਾਦੀਆਂ,
ਧਰਮਾਂ ਦੇ ਸਿਰ ਇਲਜ਼ਾਮ ਧਰੀ ਜਾਂਦੇ ਓ,
ਬੱਲੇ ਦਿੱਲੀ ਵਾਲਿਓ ਕਮਾਲ ਕਰੀ ਜਾਂਦੇ ਓ!

ਲੋੜਦੇ ਗਰੀਬ ਰੋਟੀ ਕੱਪੜਾ ਮਕਾਨ ਜੀ,
ਐਟਮਾਂ ਦੇ ਢੇਰ ਉੱਤੇ ਸੁੱਕਦੀ ਏ ਜਾਨ ਜੀ,
ਏਸੇ ਨੂੰ ਹੀ ਆਖਦੇ ਹੋ ਦੀਨ ਤੇ ਈਮਾਨ ਜੀ,
ਨਾਲ ਖੁੰਢੀ ਛੁਰੀ ਦੇ ਹਲਾਲ ਕਰੀ ਜਾਂਦੇ ਓ,
ਬੱਲੇ ਓਇ ਲਾਹੌਰੀਓ ਕਮਾਲ ਕਰੀ ਜਾਂਦੇ ਓ!

ਡਾਂਗ ਨਾਲ ਨਾਪਦੇ ਹੋ ਚੋਰੀਆਂ ਦੇ ਮਾਲ ਨੂੰ,
ਸੌਂਪ ਕੇ ਡਿਊਟੀ ਇਨਸਾਫ ਦੀ ਚੰਡਾਲ ਨੂੰ,
ਹਰ ਵੇਲੇ ਟਾਲੀ ਜਾਓ ਰੋਟੀ ਦੇ ਸੁਆਲ ਨੂੰ,
ਆਖਦੇ ਹੋ ਸਾਨੂੰ ਤੁਸੀਂ ਐਵੇਂ ਮਰੀ ਜਾਂਦੇ ਓ,
ਬੱਲੇ ਓਇ ਸਿਆਣਿਓਂ ਕਮਾਲ ਕਰੀ ਜਾਂਦੇ ਓ!

ਵੇਚਦੇ ਬਾਰੂਦ ਨਾਲੇ ਅਮਨਾਂ ਦੀ ਰਾਗਣੀ,
ਦੱਸੋ ਇਹ ਮੀਜ਼ਾਈਲ ਕਿਹੜੀ ਕੋਇਲ ਉੱਤੇ ਦਾਗਣੀ,
ਸੁੱਤੀ ਪਈ ਜ਼ਮੀਰ ਦੱਸੋ ਹੋਰ ਕਦੋਂ ਜਾਗਣੀ,
ਰਾਜਿਆਂ ਨੂੰ ਤੋਪਾਂ ਦੇ ਦਲਾਲ ਕਰੀ ਜਾਂਦੇ ਓ,
ਬੱਲੇ ਓਇ ਫਰੰਗੀਓ ਕਮਾਲ ਕਰੀ ਜਾਂਦੇ ਓ।

ਰੋਟੀਆਂ ਦੀ ਵੰਡ ਵੇਲੇ ਬਾਂਦਰਾਂ ਦੀ ਸਾਲਸੀ,
ਕਿਸੇ ਵੇਲੇ ਸੁਣੀ ਅਸਾਂ ਏਸਰਾਂ ਮਿਸਾਲ ਸੀ,
ਤੁਸੀਂ ਵੀ ਤਾਂ ਓਹੀ ਅਪਣਾਈ ਜਾਪੇ ਪਾਲਸੀ,
ਆਪਣੇ ਹੀ ਘਰਾਂ ਨੂੰ ਨਿਹਾਲ ਕਰੀ ਜਾਂਦੇ ਓ,
ਬੱਲੇ ਦੇਸ਼ ਸੇਵਕੋ ਕਮਾਲ ਕਰੀ ਜਾਂਦੇ ਓ!

ਹੀਰ ਹੱਥੋਂ ਕੈਦੋ ਵੇਖੋ ਖਾਈ ਜਾਵੇ ਚੂਰੀਆਂ,
ਰਾਂਝਿਆ ਭਰਾਵਾ ਚੱਲ ਛੱਡ ਮੱਝਾਂ ਬੂਰੀਆਂ.
ਤੈਨੂੰ ਕਿਹੜਾ ਏਥੇ ਨੇ ਸਿਆਸੀ ਮਜਬੂਰੀਆਂ.
ਹੱਕਦਾਰ ਲੁੱਟ ਕੇ ਕੰਗਾਲ ਕਰੀ ਜਾਂਦੇ ਓ,
ਬੱਲੇ ਨੀਤੀਵਾਨੋ ਬਈ ਕਮਾਲ ਕਰੀ ਜਾਂਦੇ ਓ।

ਠੰਡੇ ਠਾਰ ਭਵਨਾਂ 'ਚ ਬੈਠੇ ਵਣਜਾਰਿਓ,
ਮੇਰੀ ਗੱਲ ਕਦੇ ਕੱਲੇ ਬੈਠ ਕੇ ਵਿਚਾਰਿਓ,
ਦੇਸ਼ ਦਾ ਈਮਾਨ ਏਦੂ ਵੱਧ ਨਾ ਨਿਘਾਰਿਓ,
ਬੱਕਰੀ ਕਸਾਈ ਦੀ ਖਿਆਲ ਕਰੀ ਜਾਂਦੇ ਓ.
ਬੱਲੇ ਦਿੱਲੀ ਵਾਲਿਓ ਕਮਾਲ ਕਰੀ ਜਾਂਦੇ ਓ।

113-ਐੱਫ ਸ਼ਹੀਦ ਭਗਤ ਸਿੰਘ ਨਗਰ
ਲੁਧਿਆਣਾ 141002

## .ਗ਼ਜ਼ਲ

—ਅਮਰੀਕ ਡੋਗਰਾ

ਮੇਰੇ ਦਿਲ ਵਿਚ ਲਿਸ਼ਕਦੇ ਕੁਝ ਆਫਤਾਬਾਂ ਤੋਂ ਬਿਨਾਂ।
ਤੂੰ ਵੀ ਰਹਿਦੈ ਇਸ ਜਗ੍ਹਾਂ ਹੁਣ ਜ਼ਖਮੀ ਖਾਬਾਂ ਤੇ ਬਿਨਾਂ।

ਰਾਜਨੀਤੀ ਹੈ ਰਖੇਲ ਐਸੀ ਕਿ ਜਿਹੜੀ ਅਜਕਲ,
ਦੋਸਤੀ ਘਟ ਵਧ ਹੀ ਰਖਦੀ ਹੈ ਨਵਾਬਾਂ ਤੋਂ ਬਿਨਾਂ।

ਵੇਸ਼ਵਾਵਾਂ ਵਿੱਚ ਵੀ ਹੁੰਦੀ ਹੈ ਮਹਿਕ ਕਿਰਦਾਰ ਦੀ,
ਹੋਰ ਵੀ ਫੁੱਲ ਬਹੁਤ ਹੁੰਦੇ ਨੇ ਗੁਲਾਬਾਂ ਤੋਂ ਬਿਨਾਂ।

ਲੋਭ ਹੈ ਹੰਕਾਰ ਹੈ ਜਾਂ ਸ਼ੁਹਰਤਾਂ ਦੀ ਭੁੱਖ ਹੈ,
ਕੀ ਹੈ ਪਲੇ ਓਸ ਦੇ ਮੰਗਵੇਂ ਖਿਤਾਬਾਂ ਤੋਂ ਬਿਨਾਂ।

ਮੇਰੇ ਨੈਣਾਂ ਦਾ ਦੁਆਬਾ ਏਸ ਗਮ ਵਿੱਚ ਸੁੱਕ ਗਿਆ,
ਇਹ ਵੀ ਕੀ ਪੰਜਾਬ ਹੋਇਆ ਪੰਜ ਆਬਾਂ ਤੋਂ ਬਿਨਾਂ।

ਮੌਤ ਪਿੱਛੋਂ ਕੁਝ ਵੀ ਤਾਂ ਮਿਲਣਾ ਨਹੀਂ ਅਮਰੀਕ ਤੋਂ,
ਪਾਸ ਬੁੱਕਾਂ, ਡਾਇਰੀਆਂ, ਨਜ਼ਮਾਂ, ਕਿਤਾਬਾਂ ਤੋਂ ਬਿਨਾਂ।

## ਦੋ ਗ਼ਜ਼ਲਾਂ

*—ਹਰਦਿਆਲ ਸਾਗਰ*

(੧)

ਇਨ੍ਹਾਂ ਦੇ ਚਸ਼ਮਿਆਂ ਵਿੱਚੋਂ ਨ ਲਾਵਾ ਫੁੱਟਿਆ ਹੋਵੇ,
ਪਹਾੜਾਂ ਨੂੰ ਅਸਾਡੇ ਰਹਿਬਰਾਂ ਜੇ ਸਮਝਿਆ ਹੋਵੇ।

ਪਲਾਂ ਵਿੱਚ ਝੀਲ ਦੇ ਸਾਰੇ ਕਮਲ ਮੁਰਝਾ ਗਏ ਡਰ ਕੇ,
ਸ਼ਿਕਾਰੇ ਵਿੱਚ ਜਿਵੇਂ ਕੋਈ ਸ਼ਿਕਾਰੀ ਬੈਠਿਆ ਹੋਵੇ।

ਚਿਨਾਰਾਂ ਦੇ ਇਹ ਲੰਬੇ ਰੁੱਖ ਸੱਚਮੁੱਚ ਰੁੱਖ ਨੇ ਜਾਂ ਫਿਰ,
ਕਿਸੇ ਬੇਦਰਦ ਨੇ ਥਾਂ ਥਾਂ ਤੇ ਖ਼ੰਜਰ ਖੋਭਿਆ ਹੋਵੇ।

ਪਹਾੜਾਂ ਤੇ ਲਹੂ ਰੰਗੀ ਹੈ ਡਿੱਗਦੀ ਬਰਫ਼ ਜਦ, ਜਾਪੇ,
ਕਿਸੇ ਨੇ ਜ਼ਖ਼ਮ ਆਪਣੇ ਪੂੰਝ ਕੇ ਰੂੰ ਸੁੱਟਿਆ ਹੋਵੇ।

ਨਹੀਂ ਏਨੀ ਵੀ ਮੂਰਖ ਕਿ ਪਲਾਂ ਵਿੱਚ ਹੱਲ ਕਰ ਦੇਵੇ,
ਬੜੀ ਮੁਸ਼ਕਿਲ ਸਿਆਸਤ ਨੇ ਜੋ ਮਸਲਾ ਲੱਭਿਆ ਹੋਵੇ।

ਮਿਰੇ ਵਿਹੜੇ 'ਚ ਚਲਦੇ ਚਰਖਿਆਂ ਦੀ ਸ਼ਾਨ ਤਾਂ ਹੈ, ਜੇ,
ਇਨ੍ਹਾਂ ਦੀ ਘੂਕ ਸੁਣ ਜੋਗੀ ਪਹਾੜੋਂ ਉਤਰਿਆ ਹੋਵੇ।

ਕਹਾਣੀ ਸੁਣਨ ਵਾਲੇ ਨੂੰ ਕਰਾਵੇ ਚੁੱਪ ਕੋਈ ਤਾਂ,
ਕਹਾਣੀ ਕਹਿਣ ਵਾਲਾ ਜਾਪਦਾ ਹੈ ਸੌਂ ਗਿਆ ਹੋਵੇ।

ਪਹਾੜੀ ਰਾਗ ਗਾਂਦੀ ਬੰਸਰੀ ਥਥਲਾਣ ਲੱਗਦੀ ਹੈ,
ਜਦੋਂ ਦਹਿਸ਼ਤ ਨੇ ਮਾਰੂ ਰਾਗ ਥਾਂ ਥਾਂ ਛੇੜਿਆ ਹੋਵੇ।

ਹੇ ਮਾਤਾ ਅਰਜ਼ ਹੈ, ਮੁੜ ਕੇ ਗੁਫ਼ਾਵਾਂ ਦੀ ਤਲਾਸ਼ੀ ਲੈ,
ਤੇ ਫੜ ਸੰਘਾਰ ਦੇ ਰਾਖਸ਼ ਜੋ ਕੋਈ ਬਚ ਗਿਆ ਹੋਵੇ।

(੨)

ਨਰਕ ਵਰਗੀ ਹੋ ਗਈ ਹੈ ਧਰਤ ਸਾਰੀ ਐ ਖ਼ੁਦਾ!
ਮੌਜ ਕਰ ਤੂੰ ਮਾਣ ਅੰਬਰ ਦੀ ਸਵਾਰੀ ਐ ਖ਼ੁਦਾ!

ਜ਼ਿੰਦਗੀ ਰੱਸੀ, ਮੁਕੱਦਰ ਡੁਗਡੁਗੀ, ਨੱਚਦੇ ਅਸੀਂ,
ਹੱਥ ਤੇਰੇ ਸੀ ਤੂੰ ਬਣ ਬੈਠਾ ਮਦਾਰੀ ਐ ਖ਼ੁਦਾ!

ਰਹਿਮਤਾਂ ਮੰਗਾਂ ਮੈਂ ਤੈਥੋਂ ਮੰਗਦਾ ਤੂੰ ਬੰਦਗੀ,
ਮੰਗਦੇ ਇਕ ਦੂਸਰੇ ਤੋਂ ਦੋ ਭਿਖਾਰੀ ਐ ਖ਼ੁਦਾ!

ਅੰਸ਼ ਤੇਰੇ ਰੁਲ ਰਹੇ ਨੇ ਦਰ-ਬ-ਦਰ ਤੂੰ ਬੇਖ਼ਬਰ,
ਰੋਣ ਬੱਚੇ, ਮਾਂ ਨੂੰ ਹੈ ਨੀਂਦਰ ਪਿਆਰੀ ਐ ਖ਼ੁਦਾ!

ਜਿਸਮ ਹੈ, ਫੇਰ ਪੇਟ ਹੈ, ਫਿਰ ਭੁੱਖ ਹੈ ਤੇ ਭੁੱਖ ਇਹ,
ਹੈ ਤੇਰੀ ਸਾਰੀ ਖ਼ੁਦਾਈ ਤੋਂ ਵੀ ਭਾਰੀ ਐ ਖ਼ੁਦਾ!

ਨਾਮ ਬਦਲੇ ਦਾਮ ਦੇਵੇ ਦਾਮ ਬਦਲੇ ਨਾਮ ਤੂੰ,
ਵਣਜ ਤੇਰਾ ਹੈ ਨਿਰਾਲਾ ਐ ਵਪਾਰੀ ਐ ਖ਼ੁਦਾ!

*ਡੀ.ਏ.ਵੀ. ਕਾਲਜ ਨਕੋਦਰ*
*ਫੋਨ ਨੰ-21488*

## ਦੋ ਗ਼ਜ਼ਲਾਂ / *ਮਹਿਮਾ ਸਿੰਘ ਤੂਰ*

### ਉਦਾਸੀ ਗੁਣਗੁਣਾਉਂਦੀ ਹੈ ਤਰਾਨੇ

ਉਦਾਸੀ ਗੁਣਗੁਣਾਉਂਦੀ ਹੈ ਤਰਾਨੇ,
ਕਹੇ ਇਹ ਚਾਂਦਨੀ ਦਿਲਕਸ਼ ਫਸਾਨੇ।

ਉਦੋਂ ਦੇ ਨੀਂਦ ਨੇ ਵੀ ਅਰਥ ਖੋਏ,
ਜਦੋਂ ਦੇ ਖੋ ਗਏ ਸੁਪਨੇ ਸੁਹਾਨੇ।

ਅਸਾਡਾ ਉਤਰਿਆ ਮੋਹ ਦਾ ਸਮੁੰਦਰ,
ਤੁਹਾਡੇ ਪਿਆਰ ਦੇ ਮੁੱਕੇ ਦਹਾਨੇ।

ਸਮੁੰਦਰ ਜਾਣਦਾ ਹੈ ਰਾਜ਼ ਸਾਡਾ,
ਕਿ ਵਾਅਦੇ ਤੋੜ ਜਾਂਦੇ ਨੇ ਮੁਹਾਨੇ।

ਜਿਨ੍ਹਾਂ 'ਤੇ ਮਾਣ ਹੋਵੇ ਰੱਬ ਵਰਗਾ,
ਸਦਾ ਦਿਲ ਭਾਲਦਾ ਐਸੇ ਘਰਾਨੇ।

ਹਵਾ ਵਿੱਚ ਗੂੰਜ ਮੇਰੀ ਰਲ ਗਈ ਹੈ,
ਜ਼ਰਾ ਸੁਣਨਾ ਕਦੇ ਇਸ ਨੂੰ ਜ਼ਮਾਨੇ।

ਗ਼ਜ਼ਲ 'ਚੋਂ ਜ਼ਿੰਦਗੀ ਦੇ ਅਰਥ ਭਾਲਾਂ,
ਕਟੇਗੀ ਜ਼ਿੰਦਗੀ ਏਸੇ ਬਹਾਨੇ।

### ਤਾਰੇ ਇਹ ਜੋ ਅੰਬਰ ਦੇ

ਤਾਰੇ ਇਹ ਜੋ ਅੰਬਰ ਦੇ,
ਜ਼ਖਮ ਨੇ ਮੇਰੇ ਦਿਲ ਦੇ।

ਜ਼ਖ਼ਮ ਇਹ ਜਦ ਵੀ ਸੀਵੋਂ,
ਇਹ ਹੋਰ ਜ਼ਿਆਦਾ ਖਿਲਦੇ।

ਕੁਝ ਕਹਿ ਰਹੇ ਨੇ ਵੇਖੋ,
ਪੱਤੇ ਰੁੱਖਾਂ ਦੇ ਹਿਲਦੇ।

ਦਿਲ ਦੀ ਇਹ ਕਿਸ਼ਤੀ ਆਸ਼ਿਕ,
ਡੂੰਘੀ ਨਦੀ ਵਿੱਚ ਠਿਲ੍ਹਦੇ।

ਅੱਜ ਦੇ ਸਮੇਂ ਵਿਚ ਜੋਗੀ,
ਕਿਧਰੇ ਕਿਤੇ ਹੀ ਮਿਲਦੇ।

ਮਾਅਨੇ ਮੈਂ ਦੱਸਾਂ ਕੀ-ਕੀ,
ਠੋਡੀ ਦੇ ਉੱਤੇ ਤਿਲ ਦੇ।

ਆਖ਼ਰ ਤਾਂ ਹੁੰਦੇ ਨੇ ਕੁਝ,
ਦਸਤੂਰ ਵੀ ਮਹਿਫ਼ਿਲ ਦੇ।

*ਹਲਵਾਰਾ (ਲੁਧਿਆਣਾ)*
*ਪਿੰਨ ੧੪੧੧੦੭*

# ਬਸ, ਕਲਮ ਦਾ ਕਮਾਲ ਹੈ !

—ਤਰਲੋਕ ਮਨਸੂਰ

ਪਿਤਾ ਜੀ ਮੇਰੇ ਧਾਰਮਿਕ ਰੁਚੀਆਂ ਦੇ ਬੰਦੇ ਸਨ। ਇਕ ਅਲਮਾਰੀ ਉਹਨਾਂ ਧਾਰਮਿਕ ਪੁਸਤਕਾਂ ਨਾਲ ਭਰੀ ਹੋਈ ਸੀ। ਪੰਜ ਗ੍ਰੰਥੀ ਸਟੀਕ, ਦਸ ਗ੍ਰੰਥੀ ਸਟੀਕ, ਭਗਤ ਮਾਲਾ, ਸਤਿਗੁਰ ਮਹਿਮਾ ਤੇ ਸ਼ਿਰੀਮਦ ਭਾਗਵਤ ਪੁਰਾਣ ਆਦਿ...।

ਉਹ ਸਵੇਰੇ ਛੇਤੀ ਉਠ ਜਾਂਦੇ, ਇਸ਼ਨਾਨ ਕਰਦੇ ਮੈਨੂੰ ਉਠਾ ਕੇ ਸਕੂਲ ਦੀਆਂ ਪਾਠ ਪੁਸਤਕਾਂ ਪੜ੍ਹਨ ਦੀ ਤਾਕੀਦ ਕਰਦੇ ਤੇ ਆਪ ਪਾਠ ਕਰਦੇ ਕਰਦੇ ਗੁਰਦਵਾਰੇ ਨੂੰ ਚਲੇ ਜਾਂਦੇ।

ਪਾਠ ਪੁਸਤਕਾਂ ਬੜੀਆਂ ਖੁਸ਼ਕ ਲਗਦੀਆਂ ਸਨ। ਮੈਂ ਸ਼ਿਰੀਮਦ ਭਾਗਵਤ ਪੁਰਾਣ ਖੋਲ੍ਹ ਲੈਂਦਾ ਤੇ ਇਸ ਵਿਚਲੀਆਂ ਕਹਾਣੀਆਂ ਬੜੀ ਉਤਸੁਕਤਾ ਨਾਲ ਤੇ ਸਵਾਦ ਲੈ ਲੈ ਪੜ੍ਹਦਾ। 'ਮਹਾਂਭਾਰਤ' ਦੀ ਕਥਾ ਨੇ ਮੇਰਾ ਮਨ ਮੋਹ ਲਿਆ। ਮੈਂ ਇਸ ਵਿਚਲੇ ਪਾਤਰਾਂ ਨਾਲ ਇਕ ਤਰ੍ਹਾਂ ਦੀ ਸਦੀਵੀ ਸਾਂਝ ਪਾ ਲਈ। ਕਹਾਣੀ ਹੈ ਵੀ ਜ਼ੋਰਦਾਰ ਤੇ ਗਜ਼ਬ ਦੀ ਸੀ। ਇਸ ਵਿਚ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਲਿਖਿਆ ਹੋਇਆ ਸੀ। ਚਤੁਰਾਈ ਭਰੀਆਂ ਚਾਲਾਂ ਦੀ ਰਾਜਨੀਤੀ, ਅਮਰ ਆਤਮਾ ਦਾ ਅਧਿਆਤਮਿਕ ਵਿਸ਼ਲੇਸ਼ਣ, ਆਪਣੀ ਅਣਖ ਇੱਜ਼ਤ ਆਪਣੀ ਔਰਤ ਤੱਕ ਨੂੰ ਹਾਰ ਕੇ ਵੀ ਧਰਮ ਦਾ ਪਹਿਰੇਦਾਰ ਬਣੇ ਰਹਿਣਾ, ਆਪਣੇ ਹੱਕ ਸੱਚ ਲਈ ਜੰਗ ਵਿਚ ਜੂਝ ਮਰਨਾ, ਤੇ ਹੋਰ ਕਿੰਨਾ ਕੁਝ।

ਮੈਂ ਸਮਝਦਾ ਹਾਂ ਇਸ ਮਹਾਨ ਕਥਾ ਵਿਚਲੇ ਕਹਾਣੀ-ਰਸ ਨੇ ਹੀ ਮੈਨੂੰ ਸਾਹਿਤ ਵੱਲ ਪ੍ਰੇਰਿਆ ਤੇ ਪੁਸਤਕਾਂ ਪੜ੍ਹਨ ਦੀ ਚੇਟਕ ਲਾਈ।

ਜਿਉਂ ਜਿਉਂ ਉਤਾਂਹ ਹੋਇਆ, ਮਹਾਂਭਾਰਤ ਦੇ ਹਵਾਲੇ ਐਧਰੋਂ ਉਧਰੋਂ ਮਿਲਣੇ ਸ਼ੁਰੂ ਹੋਏ। ਲੋਕ-ਬਾਣੀ ਵਿਚ ਭੀਮ ਦੇ ਕਾਰਨਾਮੇ, ਕਰਨ ਦੀ ਸੂਰਬੀਰਤਾ, ਚੱਕਰ-ਵਿਊ ਦਾ ਜ਼ਿਕਰ ਤੇ ਗੁਰੂ-ਗ੍ਰੰਥ ਸਾਹਿਬ ਵਿਚ 'ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ' ਆਦਿ ਵਾਕ ਅਤੇ 'ਦਰੋਪਦੀ ਚੀਰ ਹਰਨ ਦੇ ਹਵਾਲੇ' ਇਹ ਕਹਾਣੀ ਮੇਰੇ ਮਾਨਸ-ਤਲ ਤੇ ਬਹੁਤ ਗੂਹੜੀ ਉੱਕਰੀ ਗਈ। ਵੱਡੇ ਹੋ ਕੇ ਮੈਂ ਉਚੇਚੇ ਤੌਰ ਤੇ ਗੀਤਾ ਦਾ ਪਾਠ ਕੀਤਾ ਤੇ ਇਸ ਤੋਂ ਬੜਾ ਪ੍ਰਭਾਵਿਤ ਹੋਇਆ। ਜ਼ਿੰਦਗੀ ਭਰ ਤੇਰੇ ਮੇਰੇ ਮੂੰਹੋਂ ਵੀ ਮਹਾਂਭਾਰਤ ਨਾਲ ਸੰਬੰਧਤ ਪਾਤਰਾਂ ਦੇ ਆਚਰਨ ਤੇ ਵਿਲੱਖਣਤਾ ਬਾਰੇ ਸੁਣਦਾ ਰਿਹਾ, ਤੇ ਅਖੀਰ ਬਾਰਾਂ ਚੌਦਾਂ ਸਾਲ ਪਹਿਲਾਂ ਮਹਾਭਾਰਤ ਨਾਂਅ ਦੀ ਨਾਟਕ-ਲੜੀ ਟੀ.ਵੀ. ਉੱਤੇ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ। ਕਹਾਣੀ ਦੀ ਪੇਸ਼ਕਾਰੀ ਤੇ ਉਸ ਤੋਂ ਉਪਜੇ ਪ੍ਰਭਾਵ ਦੀ ਪਕੜ ਮਨੁੱਖੀ ਮਨ ਤੇ ਏਸ ਹੱਦ ਤੱਕ ਗਹਿਰੀ ਸੀ, ਕਿ ਹਰ ਐਤਵਾਰ ਸਵੇਰੇ ਨੌ ਤੋਂ ਦਸ ਵਜੇ ਤੱਕ ਸ਼ਹਿਰਾਂ ਵਿਚ ਇਕ ਤਰ੍ਹਾਂ ਨਾਲ ਕਰਫਿਊ ਲੱਗੇ ਵਰਗੀ ਹਾਲਤ ਹੋ ਜਾਂਦੀ। ਕਾਰੋਬਾਰ ਰੁਕ ਜਾਂਦਾ ਤੇ ਸਮਾਂ ਜਿਵੇਂ ਠਹਿਰ ਗਿਆ ਹੋਵੇ। ਬੇ-ਸ਼ੁਮਾਰ ਲੋਕਾਂ ਨੇ ਨਵੇਂ ਟੀ.ਵੀ. ਸੈੱਟ ਖਰੀਦੇ।

ਕਦੇ-ਕਦੇ ਮੈਨੂੰ ਲੱਗਦਾ ਹੈ, ਕਿ ਮੇਰੇ ਅੰਦਰ ਕੋਈ ਖੋਜੀ ਬੈਠਾ ਹੋਇਆ ਹੈ। ਪੁਸਤਕਾਂ ਵਿਚ ਪੜ੍ਹੀਆਂ ਤੇ ਇਤਿਹਾਸਕ ਥਾਵਾਂ ਬਾਰੇ ਸੁਣੀਆਂ ਥਾਵਾਂ ਨੂੰ ਅੱਖੀਂ ਵੇਖਣ ਦਾ ਮੈਨੂੰ ਇਕ ਤਰ੍ਹਾਂ ਨਾਲ ਝੱਲ ਜਿਹਾ ਹੈ। ਇਸ ਮਹਾਨ ਗਾਥਾ ਦੀ ਕਰਮ-ਭੂਮੀ ਹਸਤਨਾਪੁਰ ਨੂੰ ਵੇਖਣ ਲਈ ਮੇਰਾ ਮਨ ਤਰਲੇ ਲੈਣ ਲੱਗਾ। ਪੁਛਦੇ ਪੁਛਾਉਂਦੇ ਪਤਾ ਲੱਗਾ ਕਿ ਹਸਤਨਾਪੁਰ ਸੱਚ ਮੁਚ ਹੈ। ਇਹ ਮੇਰਠ ਜ਼ਿਲ੍ਹੇ ਵਿਚ ਪੈਂਦਾ ਹੈ। ਮੇਰਠ ਤੋਂ ਜੋ ਸੜਕ ਮੁਜ਼ਫਰ ਨਗਰ ਹੁੰਦੀ ਹੋਈ ਸਹਾਰਨਪੁਰ ਨੂੰ ਜਾਂਦੀ ਹੈ, ਉਸ ਉੱਤੇ ਇਕ ਬੱਸ ਸਟਾਪ ਆਉਂਦਾ ਹੈ—ਰਾਮਰਾਜ। ਇਸ ਕਸਬੇ ਤੋਂ ਅੱਧੇ ਅੱਧੇ ਘੰਟੇ ਬਾਦ ਮਿੰਨੀ ਬੱਸਾਂ ਹਸਤਨਾਪੁਰ ਜਾਂਦੀਆਂ ਹਨ। ਹਸਤਨਾਪੁਰ, ਰਾਮਰਾਜ ਤੋਂ ਤੇਰਾਂ ਚੌਦਾਂ ਕਿਲੋਮੀਟਰ ਹੈ। ਮੇਰਠ ਤੋਂ ਸਿੱਧੀ ਬਸ ਵੀ ਹਸਤਨਾਪੁਰ ਲਈ ਮਿਲ ਜਾਂਦੀ ਹੈ। ਫਾਸਲਾ ਚਾਲੀ ਕਿਲੋਮੀਟਰ ਦੇ ਕਰੀਬ ਹੈ।

ਪਿਛਲੇ ਸਾਲ ਮੈਂ ਹਲਦੁਆਨੀ (ਜ਼ਿਲ੍ਹਾ ਨੈਨੀਤਾਲ) ਤੋਂ ਪੰਜਾਬ ਆਉਣਾ ਸੀ। ਸੋਚਿਆ ਇਸ ਵਾਰ ਰੇਲ ਦੀ ਬਜਾਏ ਬੱਸ ਦਵਾਰਾ ਜਾਵਾਂਗਾ ਤੇ ਰਾਹ ਵਿਚ ਹਸਤਨਾਪੁਰ ਜ਼ਰੂਰ ਵੇਖਾਂਗਾ। ਹਲਦੁਆਨੀ ਤੋਂ ਮੈਂ ਮੁਰਾਦਾਬਾਦ ਹੁੰਦਾ ਹੋਇਆ ਬਿਜਨੌਰ ਪੁੱਜਾ। ਏਥੋਂ ਮੇਰਠ ਦੀ ਬੱਸ ਫੜੀ। ਬਿਜਨੌਰ ਜ਼ਿਲ੍ਹਾ-ਮੁਕਾਮ ਹੈ ਤੇ ਗੰਗਾ ਦਰਿਆ ਦੇ ਪੂਰਬੀ ਕੰਢੇ ਤੇ ਪੈਂਦਾ ਹੈ। ਸੜਕ ਗੰਗਾ ਨੂੰ ਪਾਰ ਕਰਕੇ ਪੱਛਮੀ ਕੰਢੇ ਵੇਲੇ ਮੇਰਠ ਜ਼ਿਲ੍ਹੇ ਵਿਚ ਦਾਖਲ ਹੁੰਦੀ ਹੈ ਤੇ ਮੇਰਠ-ਮੁਜ਼ਫਰਨਗਰ ਸੜਕ ਨੂੰ

ਆਣ ਮਿਲਦੀ ਹੈ। ਮੈਂ ਰਾਮਰਾਜ ਇਹ ਬੱਸ ਛੱਡ ਦਿੱਤੀ ਤੇ ਉਥੋਂ ਛੇਤੀ ਹੀ ਮੈਨੂੰ ਹਸਤਨਾਪੁਰ ਜਾਂਦੀ ਮਿਨੀ ਬੱਸ ਮਿਲ ਗਈ। ਹਸਤਨਾਪੁਰ ਵੇਖਣ ਦੀ ਉਮਰ ਭਰ ਦੀ ਲੋਚਾ, ਤੇ ਹੁਣ ਮੈਂ ਹਸਤਨਾਪੁਰ ਵੱਲ ਵੱਧ ਰਿਹਾ ਸਾਂ। ਮਨ ਵਿਚ ਉਤੇਜਨਾ ਭਰਿਆ ਚਾਅ। ਪਰ ਛੇਤੀ ਹੀ ਇਹ ਚਾਅ ਮੱਠਾ ਪੈਂਦਾ ਦਿੱਸਿਆ। ਨੌ ਫੁੱਟ ਚੌੜਾਈ ਦੀ ਇਕਹਿਰੀ ਸੜਕ, ਜਿਵੇਂ ਗੰਨੇ ਤੋਂ ਛਿੱਲੜ ਲਾਹ ਲਈਏ ਤਾਂ ਹੇਠੋਂ ਮੱਟੀ ਨੰਗੀ ਹੋ ਜਾਂਦੀ ਹੈ, ਇੰਜ ਸੜਕ ਉਤੋਂ ਲੁੱਕ ਦੀ ਪਰਤ ਲਹਿ ਗਈ ਹੋਵੇ। ਥਾਂ ਥਾਂ ਟੋਏ। ਕਦੇ ਏਧਰ ਬੱਸ ਦਾ ਉਲਾਰ ਕਦੇ ਉਧਰ ਦਾ, ਅਚਾਨਕ ਬਰੇਕ ਨਾਲ ਲਗਦੇ ਧੱਕੇ। ਘੁਰਰ....ਘੁਰਰ..... ਧੰਨ ਸੀ ਉਹ ਬੱਸ ਤੇ ਧੰਨ ਬੱਸ ਵਾਲਾ ਜੋ ਭਾਰਤ ਦੇਸ਼ ਦੀ ਸਭ ਤੋਂ ਵੱਧ ਭੈੜੀ ਸੜਕ ਉੱਤੇ ਉਸ ਨੂੰ ਲਈ ਜਾ ਰਿਹਾ ਸੀ। ਜਿਉਂ ਜਿਉਂ ਬੱਸ ਹਸਤਨਾਪੁਰ ਵੱਲ ਵਧਦੀ ਗਈ ਆਲਾ ਦੁਆਲਾ ਸੁੰਞਾ ਤੇ ਵੀਰਾਨ ਜਿਹਾ ਹੁੰਦਾ ਗਿਆ। ਫਿਰ ਨਿਰੀ ਦਲਦਲ। ਥਾਂ ਥਾਂ ਤੇ ਪਾਣੀ ਦੀਆਂ ਛਪੜੀਆਂ ਵਿਚ ਸ਼ਿਕਾਰ ਦੀ ਆਸ ਵਿਚ ਇਕ ਲੱਤ ਤੇ ਭਾਰ ਖਲੋਤੇ ਬਗਲੇ। ਕਿਤੇ ਕਿਤੇ ਤੈਰ ਰਹੀਆਂ ਜਲ-ਮੁਰਗਾਬੀਆਂ। ਉੱਚੇ ਥਾਵਾਂ ਤੇ ਉਗਿਆ ਸਰੂ ਸਰਕੜਾ। ਝਾੜੀਆਂ ਵਿਚ ਸਿਰ ਸੁੱਟ ਕੇ ਬੈਠੇ ਆਰਾਮ ਕਰ ਰਹੇ ਤਰ੍ਹਾਂ ਤਰ੍ਹਾਂ ਦੇ ਜਲ-ਜੀਵ। ਮੈਨੂੰ ਨਾਲ ਬੈਠੀ ਸਵਾਰੀ ਨੇ ਦੱਸਿਆ—ਹਸਤਨਾਪੁਰ ਕਸਬੇ ਤੋਂ ਡੇਢ ਦੋ ਕਿਲੋਮੀਟਰ ਪਹਿਲਾਂ ਹੀ ਜੈਨ ਮੰਦਰ ਕੋਲ ਉਤਰ ਜਾਇਓ। ਲੋਕ ਉਥੇ ਹੀ ਉਤਰਦੇ ਨੇ। ਸੋ ਮੈਂ ਜਿਉਂ ਹੀ ਇਕ ਸ਼ਾਨਦਾਰ ਮੰਦਰ ਵੇਖਿਆ, ਕੰਡਕਟਰ ਨੂੰ ਕਹਿ ਕੇ ਬੱਸ ਰੁਕਵਾ ਲਈ ਤੇ ਮਨ ਵਿਚ ਇਕ ਉਤਸੁਕਤਾ ਭਰੀ ਧੜਕਨ ਲੈ ਕੇ ਹੇਠਾਂ ਉਤਰ ਆਇਆ।

ਦੋ ਤਿੰਨ ਦੁਕਾਨਾਂ, ਇਕ ਜੈਨ ਮੰਦਰ ਤੇ ਇਕ ਸ਼ਾਨਦਾਰ ਸਰਾਂ, ਜਿਸ ਦਾ ਪ੍ਰਬੰਧ ਜੈਨੀਆਂ ਕੋਲ ਸੀ ਤੇ ਬਸ। ਤੇ ਉਹ ਸ਼ਾਨਦਾਰ ਮਹੱਲ ਕਿਥੇ ਸਨ ? ਜਿਥੇ ਜੂਆ ਖੇਡਿਆ ਗਿਆ ਸੀ। ਮਾਮਾ ਸ਼ਕੁਨੀ ਦੀ ਜਿਥੇ ਚਲਦੀ ਸੀ। ਦਰੋਪਦੀ ਦਾਅ ਤੇ ਲਾਈ ਗਈ ਸੀ ਤੇ ਮੁੜ ਉਸਦਾ ਚੀਰ-ਹਰਨ ਹੋਇਆ ਸੀ। ਜਿਥੇ ਦੁਸਾਸ਼ਨ ਨੇ ਮਾਂ ਵਰਗੀ ਵੱਡੀ ਭਰਜਾਈ ਨੂੰ ਵਾਲਾਂ ਤੋਂ ਫੜ ਕੇ ਫਰਸ਼ ਉੱਤੇ ਘਸੀਟਿਆ ਸੀ। (ਅੰਦਰਿ ਸਭਾ ਦੁਸਾਸਣੈ ਮਥੇ ਵਾਲ ਦ੍ਰੋਪਤੀ ਆਂਦੀ-ਭਾਈ ਗੁਰਦਾਸ) ਤੇ ਦਰੋਪਤੀ ਨੇ ਲਾਜ ਬਚਾਉਣ ਲਈ ਕ੍ਰਿਸ਼ਨ ਨੂੰ ਧਿਆਇਆ ਸੀ ਤੇ ਜਿਥੇ ਕੁਰੂਕਸ਼ੇਤਰ ਦੀ ਧਰਤੀ ਉੱਤੇ ਲੜੀ ਗਈ ਇਤਿਹਾਸ ਦੀ ਬੇ-ਮਿਸਾਲ ਲੜਾਈ ਦਾ ਮੁੱਢ ਬੱਝਾ ਸੀ। ਉਹ ਮਹੱਲ ਕਿੱਥੇ ਸੀ ? ਕਿਥੇ ?

ਦਰਅਸਲ ਉਥੇ ਹੁਣ ਕੁਝ ਵੀ ਨਹੀਂ ਹੈ। ਛੋਟੇ ਛੋਟੇ ਦੋ ਕੱਚੇ ਥੇਹ ਜਹੇ ਹਨ ਜਿਨ੍ਹਾਂ ਨੂੰ ਜੰਗਲੀ ਝਾੜ ਝੰਘਾੜ ਨੇ ਢੱਕ ਰੱਖਿਆ ਹੈ। ਦੁਹਾਂ ਦਾ ਦਰਮਿਆਨੀ ਫਾਸਲਾ ਚਾਰ ਕਿਲੋਮੀਟਰ ਹੈ। ਜੈਨ ਮੰਦਰ ਤੋਂ ਤਿੰਨ ਕਿਲੋਮੀਟਰ ਸੱਜੇ ਹੱਥ ਜਾ ਕੇ ਜੋ ਥੇਹ ਹੈ ਉਸ ਉੱਤੇ ਪੰਜ ਛੇ ਲੰਮੇ ਪੱਥਰ ਦੇ ਅਨ-ਘੜ ਜਿਹੇ ਥੰਭੇ ਖਿਲਰੇ ਪਏ ਹਨ। ਕਹਿੰਦੇ ਇਹ ਉਸ ਬਾਰਾਂਦਰੀ ਦੀ ਰਹਿੰਦ-ਖੂੰਹਦ ਹੈ। ਜਿਸ ਹੇਠ ਬੈਠ ਕੇ ਕੌਰਵਾਂ ਪਾਂਡਵਾਂ ਨੇ ਜੂਆ ਖੇਡਿਆ ਸੀ।

ਮਾਯੂਸੀ, ਮੇਰੇ ਪੱਲੇ ਨਿਰੀ ਮਾਯੂਸੀ ਪਈ ਸੀ। ਫਿਰ ਮੈਂ ਦੂਜੀ ਥੇਹ ਤੇ ਪੁੱਜਾ, ਜਿਸ ਦੀ ਇਕ ਢਲਾਨ ਉੱਤੇ ਇਕ ਮੰਦਰ ਬਣਿਆ ਹੋਇਆ ਹੈ ਤੇ ਜਿਸ ਬਾਰੇ ਦੱਸਦੇ ਹਨ ਕਿ ਇਹੀ ਹੈ ਉਹ ਥਾਂ ਜਿਥੇ ਦਰੋਪਤੀ ਨੂੰ ਨੰਗਿਆ ਕਰਨ ਦਾ ਜਤਨ ਕੀਤਾ ਗਿਆ ਸੀ ਤੇ ਕ੍ਰਿਸ਼ਨ ਭਗਵਾਨ ਨੇ ਆਪ ਬਹੁੜ ਕੇ ਉਸ ਦੀ ਪੱਤ ਰੱਖੀ ਸੀ।

ਬੱਸ ?

ਹੋਰ ਜਾਣਕਾਰੀ ਲੈਣ ਲਈ ਜਦੋਂ ਮੈਂ ਪੁੱਛ ਗਿੱਛ ਕੀਤੀ ਤਾਂ ਪਤਾ ਲੱਗਾ ਕਿ ਕੁਝ ਸਾਲ ਹੋਏ ਇਸ ਥੇਹ ਦੀ ਖੁਦਾਈ ਹੋਈ ਸੀ, ਤੇ ਇਸ ਵਿਚੋਂ ਮੁਗਲ-ਕਾਲ ਦੇ ਸਿੱਕੇ ਮਿਲੇ ਸਨ।

ਉਹ ਸਿੱਕੇ ਹੁਣ ਕਿਥੇ ਹਨ ? ਰੱਬ ਜਾਣੇ।

...... ਤੇ ਇਹ ਜੈਨ ਮੰਦਰ ?

ਇਹ ਤੇ ਹੁਣੇ ਹੁਣੇ ਹੀ ਸਮਝੋ ਕੁਝ ਸਾਲ ਹੋਏ, ਜੈਨੀਆਂ ਨੇ ਧਰਮ-ਪ੍ਰਚਾਰ ਨੂੰ ਮੁੱਖ ਰੱਖ ਕੇ ਆਪ ਬਣਾਇਆ ਹੈ ਤੇ ਬਸ ਲੋਕ-ਮਨਾਂ ਤੇ ਉਕਰੀ ਮਹਾਂਭਾਰਤ ਦੀ ਵਡਿਤਣ ਦਾ ਲਾਭ ਲੈਣ ਦਾ ਇਕ ਉਪਰਾਲਾ ਜਿਹਾ ਹੈ।

ਹੋਰ ਕੁਝ ?

..... ਹੋਰ ਪਿਛੇ ਜਿਹੇ ਸਿੱਖ ਸਿਰਜਨਾ ਦੀ ਤੀਸਰੀ ਸ਼ਤਾਬਦੀ ਮਨਾਈ ਗਈ ਸੀ। ਇਸ ਸਮੇਂ ਪੰਜਾਂ ਪਿਆਰਿਆਂ ਚੋਂ ਇਕ ਦੇ ਨਾਂਅ ਤੇ ਏਥੋਂ ਇਕ ਸ਼ਾਨਦਾਰ ਜਲੂਸ ਅਨੰਦਪੁਰ ਸਾਹਿਬ ਪੁਚਾਇਆ ਗਿਆ ਸੀ। ਉਸ ਪਿਆਰੇ ਦੀ ਯਾਦ ਨੂੰ ਜਿੰਦਾ ਰੱਖਣ ਲਈ ਇਕ ਸੰਤ ਉਥੇ ਅਪੜ ਗਏ ਹਨ। ਕਾਰ-ਸੇਵਾ ਸ਼ੁਰੂ ਹੋ ਗਈ ਹੈ ਤੇ ਆਲੇ ਦੁਆਲੇ ਦੇ ਇਲਾਕੇ 'ਚ ਵੱਸ ਗਏ ਸਿੱਖ ਕਿਸਾਨ ਤਨ ਮਨ ਤੇ ਧਨ

ਦੀ ਸੇਵਾ ਵਿਚ ਲੱਗੇ ਹੋਏ ਹਨ। ਕਿਸੇ ਦਿਨ ਨੂੰ ਸ਼ਾਨਦਾਰ ਡੇਰਾ ਉਸਰ ਜਾਵੇਗਾ ਤੇ ਸੰਤਾਂ ਦੀ ਧੰਨ ਧੰਨ ਹੋ ਜਾਵੇਗੀ।

ਕੀ ਸੜਕ ਕੰਢੇ ਵਸੇ ਹਸਤਨਾਪੁਰ ਦੇ ਵਾਸੀਆਂ ਨੂੰ ਆਪਣੇ ਅਤੀਤ ਦੀ ਗੌਰਵਮਈ ਗਾਥਾ ਦਾ ਪਤਾ ਹੈ ? ਤੇ ਇਸ ਪ੍ਰਤੀ ਸੁਚੇਤ ਹਨ ?

ਤੋਬਾ ਕਰੋ ਜੀ। ਰੋਜ਼ੀ ਰੋਟੀ ਨੇ ਹੀ ਮੱਤ ਮਾਰੀ ਹੋਈ ਹੈ। ਗਰੀਬੀ ਵਿਚ ਇਹੁ ਜਹੀਆਂ ਸੋਚਾਂ ਕਿਥੇ ?

ਫਿਰ ਤੇ ਇਹ ਉਹੀ ਗੱਲ ਹੋਈ, ਪਈ—ਪੁਟਿਆ ਪਹਾੜ ਤੇ ਨਿਕਲਿਆ ਚੂਹਾ ? ਜਾਂ ਉੱਚੀ ਦੁਕਾਨ ਤੇ ਫੀਕਾ ਪਕਵਾਨ। ਉਮਰ ਭਰ ਜੀਵਿਆ ਇਕ ਸੁਪਨਾ ਤੇ ਹਾਸਿਲ ਇਹ ਨਿਰਾਸਤਾ ਤੇ ਅੰਤਿ ਦੀ ਮਾਯੂਸੀ ?

ਬਸ ਜੀ ਕੁਝ ਸਮਝ ਲੋ ਇਹੀ ਕੁਝ ਹੈ, ਜੋ ਕੁਝ ਵੀ ਹੈ। ਕਿਥੇ ਇੰਦਰ ਪਰਸਥ (ਹੁਣ ਦਿੱਲੀ) ਕਿਥੇ ਗੰਗਾ-ਕੰਢੇ ਦੇ ਨੀਵੇਂ ਦਲਦਲੀ ਇਲਾਕੇ ਵਿਚ ਵਸਿਆ ਹਸਤਨਾਪੁਰ ਤੇ ਕਿਥੇ ਕੁਰੁਕਸ਼ੇਤਰ ਦਰਮਿਆਨੀ ਫਾਸਲਾ ਡੇਢ - ਡੇਢ, ਦੋ-ਦੋ ਸੌ ਕਿਲੋਮੀਟਰ। ਤੇ ਇਹਨਾਂ ਥਾਵਾਂ ਦੀ ਪਰਿਸ਼ਠ-ਭੂਮੀ ਤੇ ਉਸਾਰਿਆ ਗਿਆ, ਖੇਡਿਆ ਗਿਆ ਇਕ ਵਿਲੱਖਣ, ਮਨੁੱਖ ਬੁੱਧੀ ਨੂੰ ਚਕਰਾ ਦੇਣ ਵਾਲਾ ਮਹਾਨ ਨਾਟਕ। ਐਸੀ ਗਾਥਾ, ਜਿਸਦਾ ਪ੍ਰਭਾਵ ਹਜ਼ਾਰਾਂ ਸਾਲ ਗੁਜ਼ਰ ਜਾਣ ਤੇ ਵੀ ਜਿਉਂ ਦਾ ਤਿਉਂ ਕਾਇਮ ਹੈ, ਤੇ ਪੀੜ੍ਹੀ ਦਰ ਪੀੜ੍ਹੀ, ਮਨੁੱਖੀ ਨਸਲ ਇਸ ਦੀ ਪਕੜ ਵਿਚ ਚਲੀ ਆ ਰਹੀ ਹੈ।

ਇਸ ਨੂੰ ਕਹਿੰਦੇ ਹਨ—ਕਲਮ ਦਾ ਕਮਾਲ।

ਦਰਅਸਲ ਇਹ ਕਹਾਣੀ ਉਹਨਾਂ ਦਿਨਾਂ ਦੀ ਬਾਤ ਪਾਉਂਦੀ ਹੈ, ਜਦੋਂ ਮਨੁੱਖ ਜੰਗਲ ਵਿਚੋਂ ਨਿਕਲ ਕੇ, ਕਬੀਲਾ-ਵਾਦ ਨੂੰ ਪਿੱਛੇ ਛੱਡ ਕੇ ਰਜਵਾੜਾਸ਼ਾਹੀ ਜੁਗ ਵਿਚ ਪੈਰ ਧਰ ਚੁੱਕਾ ਸੀ। ਭਾਰਤ-ਭੂਮੀ ਉੱਤੇ ਅਯੁਧਿਆ, ਮਥਰਾ, ਹਸਤਨਾਪੁਰ, ਮਿਥਲਾ ਪੁਰੀ ਤੇ ਇੰਦਰ ਪਰਸਥ ਵਰਗੇ ਅਨੇਕਾਂ ਨਿੱਕੇ ਨਿੱਕੇ ਰਾਜ ਕਾਇਮ ਹੋ ਗਏ ਸਨ। ਰਜਵਾੜਾਸ਼ਾਹੀ ਦੀ ਇਕ ਪ੍ਰਥਾ ਰਹੀ ਹੈ—ਵਕਤ ਦੇ ਕਲਾਕਾਰਾਂ, ਬੁੱਧੀਜੀਵੀਆਂ ਆਦਿ ਪ੍ਰਤੀਭਾਵਾਨ ਲੋਕਾਂ ਨੂੰ ਓਟ ਦੇਣੀ। ਮਾਇਕ ਸਹਾਇਤਾ ਦੇ ਲਾਲਚ ਵਸ ਜਾਂ ਰਾਜ-ਭਗਤੀ ਦੇ ਜਜ਼ਬੇ ਤਹਿਤ ਬੁਧੀਜੀਵੀ ਲੋਕ ਆਪ ਵੀ ਸਦਾ ਹੀ ਵਕਤ ਦੇ ਹਾਕਮ ਦਾ ਆਸਰਾ ਲੈਂਦੇ ਰਹੇ ਹਨ। ਤੇ ਜਿਸ ਦਾ ਨਮਕ ਖਾਈਏ ਉਸ ਦਾ ਗੁਣਗਾਨ ਤਾਂ ਕਰਨਾ ਹੀ ਪੈਂਦਾ ਹੈ।

ਕਹਿੰਦੇ ਨੇ ਭਗਵਾਨ ਰਾਮ ਜਦੋਂ ਚੌਦਾਂ ਸਾਲ ਦਾ ਬਨਵਾਸ ਕੱਟ ਕੇ ਅਯੁਧਿਆ ਪਰਤੇ ਤਾਂ ਉਹਨਾਂ ਆਪਣੀ ਪੂਰੀ ਰਿਆਸਤ ਦਾ ਇਕ ਚੱਕਰ ਲਾਇਆ ਸੀ। ਅੱਜ ਵੀ ਇਹ ਇਕ ਪ੍ਰਥਾ ਜਹੀ ਬਣ ਗਈ ਹੈ ਕਿ ਹਰ ਸਾਲ ਸ਼ਰਧਾਲੂ ਉਸ ਰਾਹ ਤੋਂ ਦੀ ਹੁੰਦੇ ਹੋਏ ਇਕ ਪ੍ਰਕਰਮਾ ਪੂਰੀ ਕਰਦੇ ਹਨ, ਜਿਸ ਰਾਹ ਤੋਂ ਦੀ ਕਦੇ ਰਾਮ ਲੰਘੇ ਸਨ। ਇਹ ਚੱਕਰ ਅਠਤਾਲੀ ਕੋਹਾਂ ਦਾ ਬਣਦਾ ਹੈ। ਏਨੀ ਛੋਟੀ ਸੀ ਅਯੁਧਿਆ ਦੀ ਰਿਆਸਤ। ਤੇ ਏਡੇ ਕੁ ਹੀ ਖਿਲਾਰ ਵਿੱਚ ਹੀ ਹੋਵੇਗੀ ਕੌਰਵਾਂ ਦੀ ਰਿਆਸਤ ਹਸਤਨਾਪੁਰ ? ਜਿਸ ਦੇ ਬਾਰੇ ਬਾਣੀ ਵਿਚ ਵੀ ਆਇਆ ਹੈ—'ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ' ਇਕ ਜੋਜਨ ਚਾਰ ਕੋਹ ਦਾ ਗਿਣਿਆ ਗਿਆ ਹੈ, ਤੇ ਬਾਰਾਂ ਚੌਕ ਅਠਤਾਲੀ।

ਮਹਾਂਭਾਰਤ ਦੀ ਕਹਾਣੀ ਨਿਰੀ ਮਨੋ-ਕਲਪਨਾ ਹੀ ਹੋਵੇ? ਨਹੀਂ, ਅਜਿਹੀ ਗੱਲ ਨਹੀਂ। ਇਹ ਇਤਿਹਾਸਕ ਸੱਚ ਹੈ। ਘਟਨਾਵਾਂ ਇੰਜ ਵਾਪਰੀਆਂ ਹੋਣਗੀਆਂ, ਜਿਵੇਂ ਇਹਨਾਂ ਦਾ ਜ਼ਿਕਰ ਹੋਇਆ ਹੈ। ਉਂਜ ਵੀ ਰਜਵਾੜਿਆਂ ਦਾ ਇਤਿਹਾਸ ਆਪਸੀ ਜੰਗਾਂ-ਯੁੱਧਾਂ ਨਾਲ ਭਰਿਆ ਪਿਆ ਹੈ। ਕੋਰੁਕਸ਼ੇਤਰ ਦੀ ਧਰਤੀ ਜ਼ਰੂਰ ਹੀ ਮਨੁੱਖੀ ਲਹੂ ਨਾਲ ਨਹਾਈ ਹੋਵੇਗੀ। ਪਰ ਜਿਸ ਵਿਲੱਖਣਤਾ ਨਾਲ, ਜਿਸ ਤਰ੍ਹਾਂ ਇਸ ਨੂੰ ਵਧਾ ਚੜ੍ਹਾ ਕੇ ਜਾਂ ਪਾਤਰ ਆਦਰਸ਼ਾਂ ਨਾਲ ਪਰਨਾਏ, ਵੱਡੀਆਂ ਪ੍ਰਤਿਭਾਵਾਂ ਦੇ ਸੁਆਮੀ, ਜੀਵਨ ਦੀ ਰਣ-ਭੂਮੀ ਉੱਤੇ ਵਿਚਰਦੇ, ਸ਼ਾਹੀ ਜਾਹੋ-ਜਲਾਲ 'ਚ ਜੀਂਦੇ , ਫਰਕਦੇ ਡੌਲੇ, ਗਰਜਦੇ ਬੋਲਾਂ, ਤੇ ਸਭ ਤੋਂ ਵੱਧ ਅਧਿਆਤਮਕ ਜਗਤ ਦੀ ਸੂਝ ਬਖਸ਼ਦੇ ਪਾਤਰ ਤੇ ਇਕ ਅਲੌਕਿਕ ਕਹਾਣੀ ਦਾ ਵਰਨਣ ਇਸ ਮਹਾਂਭਾਰਤ ਗਾਥਾ ਵਿਚ ਹੋਇਆ ਹੈ। ਉਹ ਅਕੱਥ ਹੈ। ਲਾ-ਜਵਾਬ ਹੈ। ਇਹ ਸਮਰਥਾ ਰਿਸ਼ੀ ਵੇਦ ਵਿਆਸ ਦੀ ਕਲਮ ਵਿਚ ਹੀ ਹੋ ਸਕਦੀ ਸੀ। ਜਿਸ ਨੇ ਅਦੁੱਤੀ ਪਾਤਰ ਲੋਕ-ਮਾਨਸ ਦੀ ਜੀਵਨ-ਜਾਚ ਵਿਚ ਰਚਾ ਮਿਚਾ ਦਿੱਤੇ ਹਨ।

ਸੋਚਦਾ ਹਾਂ—ਰਿਸ਼ੀ ਵੇਦ-ਵਿਆਸ ਵਰਗਾ ਪ੍ਰਤਿਭਾਵਾਨ ਲੇਖਕ ਭਾਰਤ-ਭੂਮੀ ਨੂੰ ਕਦੇ ਫੇਰ ਵੀ ਨਸੀਬ ਹੋਵੇਗਾ ?

*੧੬੦ , ਫੈਕਟਰੀ ਏਰੀਆ*
*ਗੋਇੰਦਵਾਲ ਸਾਹਿਬ ੧੪੩੪੨੬*

# ਕਰੀਮ ਬਖ਼ਸ਼ ਪੇਰਨਾ ਅਤੇ ਭਾਈ ਜਵੰਦ ਸਿੰਘ ਮਹਿਰਾ

*— ਬਲਬੀਰ ਸਿੰਘ ਕੰਵਲ*

## ਕਰੀਮ ਬਖਸ਼ ਪੇਰਨਾ

ਜਗਤ-ਵਿਖਿਆਤ ਉਸਤਾਦ ਅੱਲਾ ਰੱਖਾ ਦੀਆਂ ਬਾਰਮ ਬਾਰ ਮੁਲਾਕਾਤਾਂ ਨੂੰ ਮੈਂ ਅਕਸਰ ਹੀ ਟੇਪ-ਬੰਦ ਇਸ ਲਈ ਕਰਦਾ ਕਿ ਤਬਲੇ ਦੇ ਇਤਿਹਾਸ ਦੀ ਕਰੀਬਨ ਇਕ ਸਦੀ ਇਨ੍ਹਾਂ ਦੇ ਜ਼ਿਹਨ 'ਚ ਸਮਾਈ ਹੋਈ ਹੈ ਅਤੇ ਆਪ ਦੀ ਆਖੀ ਹੋਈ ਗੱਲ ਬਹੁਤੀਆਂ ਹਾਲਤਾਂ 'ਚ ਸਨਦ ਦਾ ਦਰਜਾ ਵੀ ਰੱਖਦੀ ਹੈ। ਅੰਮ੍ਰਿਤਸਰ ਦੇ ਜਿਨ੍ਹਾਂ ਤਬਾਲਾਂ ਦੀ ਉਹ ਭਰਪੂਰ ਤਾਰੀਫ਼ ਕਰਿਆ ਕਰਦੇ ਸਨ, ਉਨ੍ਹਾਂ ਵਿੱਚ ਕਰੀਮ ਬਖ਼ਸ਼ ਦਾ ਨਾਂ ਵੀ ਆਉਂਦਾ ਹੈ। ਇਹ ਉਹ ਕਲਾਕਾਰ ਸਨ, ਜਿਹੜੇ ਪਾਕਿਸਤਾਨ ਬਣਨ ਪਿੱਛੋਂ ਵੀ ਕਦੇ-ਕਦੇ ਭਾਰਤ ਦਾ ਗੇੜਾ ਮਾਰਦੇ ਰਹੇ ਅਤੇ ਆਪਣੀ ਕਲਾ ਦੁਆਰਾ ਸਰੋਤਿਆਂ ਨੂੰ ਮੰਤਰ-ਮੁਗਧ ਕਰਦੇ ਰਹੇ।

ਇਸ ਕਲਾਕਾਰ ਨੂੰ ਮਿਲਣ ਦੀ ਮੇਰੀ ਬੜੀ ਚਾਹਨਾ ਸੀ ਜਿਹੜੀ ਕਿ ਦਾਤੇ ਨੇ ੭ ਸਤੰਬਰ ੧੯੬੦ ਨੂੰ ਪੂਰੀ ਕੀਤੀ। ਗੱਲ ਇਉਂ ਹੋਈ ਕਿ ਉਸ ਸਾਲ ਮੈਂ ਈਸਟ ਅਫਰੀਕਾ ਪੁੱਜਣ ਲਈ ਸਮੁੰਦਰੀ ਜਹਾਜ਼ ਰਾਹੀਂ ਸਫਰ ਕਰ ਰਿਹਾ ਸਾਂ ਤਾਂ ਸਾਡਾ ਜਹਾਜ਼ ਕਰਾਚੀ ਬੰਦਰਗਾਹ ਤੇ ਰੁਕਿਆ। ਉਨ੍ਹੀਂ ਦਿਨੀਂ, ਹਵਾਈ ਜਹਾਜ਼ਾਂ 'ਚ ਸਫਰ ਕਰਨ ਦਾ ਰਿਵਾਜ ਬੜਾ ਘੱਟ ਹੁੰਦਾ ਸੀ। ਆਪਣੀ ਆਮਦ ਬਾਰੇ ਮੈਂ ਕਰਾਚੀ ਰਹਿ ਰਹੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਿਕ ਆਪਣੇ ਇਕ ਲੇਖਕ ਦੋਸਤ ਏ. ਬੀ. ਰਾਜਪੂਤ ਸਾਹਿਬ ਨੂੰ ਪਹਿਲਾਂ ਹੀ ਸੂਚਿਤ ਕੀਤਾ ਹੋਇਆ ਸੀ। ਜਦ ਹੀ ਉਨ੍ਹਾਂ ਨੂੰ ਮੈਂ ਆਪਣੀ ਮਨਸ਼ਾ ਦੱਸੀ, ਓਸੇ ਵੇਲੇ ਹੀ ਉਹ ਸਾਨੂੰ ਆਪਣੀ ਪੌਂਟੀਅਕ ਗੱਡੀ 'ਚ ਰੇਡੀਓ ਸਟੇਸ਼ਨ ਲੈ ਗਏ। ਉਸ ਦਿਨ ਓਥੇ ਬੈਂਜਾਮਨ ਸਿਸਟਰਜ਼ ਦਾ ਵੀ ਪ੍ਰੋਗਰਾਮ ਸੀ, ਓਥੇ ਹੀ ਪੇਰਨਾ ਸਾਹਿਬ ਵੀ ਤਸ਼ਰੀਫ ਲੈ ਆਏ। ਮਿਲਕੇ ਉਹ ਬੜੇ ਖੁਸ਼ ਹੋਏ। ਉਨ੍ਹਾਂ ਨਾਲ ਇਹ ਮੇਰੀ ਪਹਿਲੀ ਮੁਲਾਕਾਤ ਸੀ। ਹਾਲੇ ਤੱਕ ਮੈਂ ਉਨ੍ਹਾਂ ਦਾ ਤਬਲਾ ਹੀ ਸੁਣਿਆ ਸੀ। ਉਨ੍ਹਾਂ ਦੇ ਹੱਥ, ਆਪਣੇ ਮਨ 'ਚ ਚਿਤਵੇ ਹੋਏ ਖਿਆਲਾਂ ਦੇ ਬਿਲਕੁਲ ਉਲਟ, ਬੜੇ ਬੱਠਲ, ਬੜਬੋਂਗ ਜਿਹੇ ਲਗੇ, ਕਾਫੀ ਵੱਡੇ-ਵੱਡੇ ਮੀਆਂ ਕਾਦਰ ਬਖ਼ਸ਼ ਦੇ ਹੱਥਾਂ ਵਾਂਗ ਡੱਫਲ ਜਿਹੇ। ਪਰ ਜਦ ਹੀ ਉਨ੍ਹਾਂ ਤਬਲੇ ਤੇ ਹੱਥ ਧਰਿਆ ਤਾਂ 'ਵਾਜ਼ ਐਨੀ ਸਾਫ ਸਾਫ ਜਿਵੇਂ ਕਿਸੇ ਨਵੀਂ ਨਵੀਂ ਟਾਈਪ ਮਸ਼ੀਨ ਚੋਂ ਟਿਕ ਟਿਕ ਦੀ ਆਵਾਜ਼ ਆ ਰਹੀ ਹੋਵੇ। ਮੈਂ ਅਨੁਭਵ ਕੀਤਾ ਕਿ ਇਹ ਬੰਦਾ ਬਿਜਲੀ ਦੇ ਕਰੰਟਾਂ ਦੀਆਂ ਤੇਜ਼ੀਆਂ ਤਰਾਰੀਆਂ ਆਪਣੇ ਪੋਟਿਆਂ ਵਿਚ ਪਰੋ ਕੇ, ਸੂਖਮ ਛੋਹਾਂ ਸਪਰਸ਼ਾਂ ਨਾਲ ਤਬਲੇ 'ਚੋਂ ਅੰਮ੍ਰਿਤਧਾਰਾ ਚੁਆ ਸਕਦਾ ਹੈ।

ਆਪ ਦਾ ਜਨਮ ਅੰਮ੍ਰਿਤਸਰ ਵਿਖੇ ੧੯੦੨ ਵਿੱਚ ਹੋਇਆ। ਪਹਿਲਾਂ ਆਪਣੇ ਪਿਤਾ ਤੋਂ ਸਿਖਦੇ ਰਹੇ, ਪਿਛੋਂ ਉਹ ਤਬਲੇ ਦੇ ਸ਼ਾਇਰ ਉਸਤਾਦ ਨਬੀ ਬਖ਼ਸ਼ ਕਾਲਰਾ ਵਾਲੇ ਦੇ ਸ਼ਾਗਿਰਦ ਹੋ ਗਏ। ਫੱਤਾ ਡੁੱਲ ਅਤੇ ਦੂਜੇ ਪਾਸੇ ਫ਼ਕੀਰ ਕਾਦਰ ਬਖ਼ਸ਼ ਖਾਨਦਾਨ ਦੀ ਆਪਸ ਵਿਚੀਂ ਲਾਗਡਾਟ ਤਾਂ ਮੁੱਢ ਤੋਂ ਹੀ ਰਹਿੰਦੀ ਸੀ, ਇਹ ਸਿਲਸਲਾ ਅਗਾਂਹ ਵੀ ਫਿਰ ਏਸੇ ਤਰ੍ਹਾਂ ਚਲਦਾ ਰਿਹਾ। ਮਨੋਮਨੀ ਪੇਰਨਾ ਆਪਣੇ ਆਪ ਨੂੰ ਕਾਦਰ ਬਖਸ਼ ਤੋਂ ਘੱਟ ਨਹੀਂ ਸੀ ਸਮਝਦਾ। ਲਾਹੌਰ ਵਿੱਚ ਦੋ ਮੌਕਿਆਂ ਤੇ ਆਪਸੀ ਮੁਕਾਬਲੇ 'ਚ ਤਕੀਆ ਮਿਰਾਸੀਆਂ ਦੇ ਇਹਾਤੇ 'ਚ ਇਨ੍ਹਾਂ ਦੇ ਮੈਦਾਨੀ ਦੰਗਲ ਵੀ ਬੱਝੇ। ਪਹਿਲੀ ਵੇਰ ਇਹ ਵਿੱਚੋਂ ਮੈਦਾਨ ਛੱਡ ਕੇ ਆ ਗਏ, ਪਰ ਕੁਝ ਹੀ ਸਾਲਾਂ ਪਿੱਛੋਂ ਹੋਰ ਵਧੇਰੇ ਤਪ ਸਾਧਨਾ ਕਰ ਕੇ ਉਹਦੇ ਮੁਕਾਬਲੇ ਲਈ ਦੁਬਾਰਾ ਆ ਡਟੇ। ਭਰੇ ਮੈਦਾਨ ਵਿਚ ਕਈ ਘੰਟੇ ਤਬਲਾ ਵਜਾ ਕੇ ਲਾਹੌਰ ਦੇ ਗਿਣੇ ਚੁਣੇ ਕਰੀਬਨ ਦੋ ਸੌ ਕਸਬੀਆਂ ਕੋਲੋਂ ਭਰਪੂਰ ਦਾਦ ਖੱਟੀ, ਪਰ ਇਸ ਵੇਰ ਮੀਆਂ ਜੀ ਮੈਦਾਨ 'ਚ ਨਹੀਂ ਸਨ ਆਏ ਬਲਕਿ ਆਪਣੇ ਇਕ ਸ਼ਾਗਿਰਦ ਅਨਾਇਤ ਨੂੰ ਇਹ ਕਹਿਕੇ ਬਿਠਾ ਦਿੱਤਾ ਸੀ,"ਓ ਭਈ ਅਨਾਇਤੀ ਹੁਣ ਤੂੰ ਵੀ ਕੁਝ ਦਿਖਾ ਇਨ੍ਹਾਂ ਨੂੰ।"

ਵੀਹ ਜਨਵਰੀ ੧੯੭੫ ਨੂੰ ਆਪ ਕੋਇਟਾ ਵਿਖੇ ਕਾਲਵਸ ਹੋ ਗਏ।

*(ਕਰਤਾ ਦੀ ਅਣਛਪੀ ਪੁਸਤਕ "ਅੰਮ੍ਰਿਤਸਰ ਦਾ ਸੰਗੀਤਕ ਵਿਰਸਾ" ਵਿਚੋਂ)*

## ਭਾਈ ਜਵੰਦ ਸਿੰਘ ਮਹਿਰਾ

ਉਨ੍ਹੀਵੀਂ ਸਦੀ ਸਿਸਕੀਆਂ ਲੈਣ ਤੇ ਆਈ ਹੋਈ ਸੀ ਕਿ ਜੰਡਿਆਲਾ ਦੇ ਲਾਗੇ ਇਕ ਪਿੰਡ ਭਗਵਾਂ ਵਿਖੇ ਜਨਮ ਲੈਣ ਵਾਲਾ ਇਕ ਕੀਰਤਨਕਾਰ ਦਿੱਲੀ ਦੇ ਇੱਕ ਗੁਰਦੁਆਰੇ ਕੀਰਤਨ ਕਰ ਰਿਹਾ ਸੀ। ਰਾਵਲਪਿੰਡੀ ਦਾ ਇਕ ਪ੍ਰਸਿੱਧ ਠੇਕੇਦਾਰ ਬੂਟਾ ਸਿੰਘ ਜਿਸ ਨੇ ਉਨ੍ਹੀਂ ਦਿਨ੍ਹੀਂ ਫਿਰੋਜ਼ਪੁਰ ਕਿਲ੍ਹੇ ਦਾ ਠੇਕਾ ਲਿਆ ਹੋਇਆ ਸੀ। ਉਸਨੇ ਉਸ ਨੂੰ ਸੁਣਿਆ ਅਤੇ ਉਸ ਦੇ ਕੀਰਤਨ ਤੋਂ ਪ੍ਰਭਾਵਤ ਹੋਣ ਦੀ ਸੂਰਤ ਵਿਚ ਉਸ ਨੂੰ ਬਾਰਾਂ ਰੁਪਏ ਮਹੀਨਾ ਨੌਕਰੀ ਦੇਣ ਦੀ ਪੱਕੀ ਠੱਕੀ

ਕਰ ਕੇ ਫਿਰੋਜ਼ਪੁਰ ਲੈ ਆਇਆ, ਜਿੱਥੇ ਉਸਦਾ ਸਹੁਰਾ ਚੌਕੀਦਾਰ ਲੱਗਾ ਹੋਇਆ ਸੀ। ਕੀਰਤਨੀਆ ਕਿਲ੍ਹੇ ਵਿਚ ਕੰਮ ਕਰਦਿਆਂ ਬੰਦਿਆਂ ਤੇ ਮੁਨਸ਼ੀ ਲੱਗ ਗਿਆ ਅਤੇ ਆਪਣੇ ਸੱਸ ਸਹੁਰੇ ਕੋਲ ਏਥੇ ਹੀ ਰਹਿਣ ਲੱਗ ਪਿਆ। ਭਾਵੇਂ ਉਸ ਦਾ ਪਿਛਾ ਅੰਮ੍ਰਿਤਸਰ ਜਿਲ੍ਹੇ ਦਾ ਸੀ, ਪਰ ਜੀਉਂਦੇ ਜੀ ਵਧੇਰੇ ਏਥੇ ਰਹਿਣ ਕਰਕੇ ਫਿਰੋਜ਼ਪੁਰ ਵਾਲਾ ਸਦਵਾਇਆ।

ਆਪ ਨੇ ਸੰਤ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਤੋਂ ਇਹ ਹੀ ਮੰਗ ਮੰਗੀ ਸੀ ਕਿ ਮੈਨੂੰ ਮਾਇਆ ਦੀ ਲੇਪ ਨਾ ਲੱਗੇ। ਏਹੀ ਕਾਰਨ ਸੀ ਕਿ ਆਪ ਨੇ ਆਪਣੇ ਚੋਗੇ ਨੂੰ ਕਦੇ ਕੋਈ ਬੋਝਾ ਨਹੀਂ ਸੀ ਲਗਵਾਇਆ ਅਤੇ ਮਾਇਆ ਤੋਂ ਸਦਾ ਨਿਰਲੇਪ ਹੀ ਰਹੇ। ਏਥੋਂ ਤੱਕ ਕਿ ਆਪ ਦੀ ਪਤਨੀ ਗੁਜ਼ਰ ਜਾਣ ਸਮੇਂ ਵਾਲੀ-ਇ-ਫਰੀਦਕੋਟ ਦੇ ਇਕ ਅਹਿਲਕਾਰ ਨੇ ਮਹਾਰਾਜ ਨੂੰ ਜਦੋਂ ਇਹ ਗੱਲ ਆਖੀ ਕਿ ਇਨ੍ਹਾਂ ਦੇ ਪੁੱਤਰ ਸੰਤਾ ਸਿੰਘ ਨੂੰ ਕੋਈ ਵਜ਼ੀਫਾ ਲਾਓ ਜਾਂ ਜਾਗੀਰ ਦਿਓ ਤਾਂ ਵਿਚੋਂ ਆਪਦਾ ਇਹ ਉੱਤਰ ਸੀ, "ਨਾ ਭਈ ਨਾ, ਬਿਲਕੁਲ ਨਹੀਂ। ਰੁਲ੍ਹ ਖੁਲ੍ਹ ਕੇ ਜਿਵੇਂ ਮੈਂ ਪਲ ਗਿਆ ਹਾਂ, ਇਸੇ ਤਰ੍ਹਾਂ ਇਹ ਵੀ ਪਲ ਜਾਏਗਾ।" ਮੀਂਹ ਜਾਵੇ ਚਾਹੇ ਹਨੇਰੀ, ਆਪ ਇਸ਼ਨਾਨ ਦੋ ਵੇਲੇ ਕਰਦੇ, ਬੁਖਾਰ ਭਾਵੇਂ ੧੦੪ ਤੱਕ ਵੀ ਕਿਉਂ ਨਾ ਹੋਵੇ। ਕੀਰਤਨ ਤੋਂ ਛੁੱਟ, ਨਿਤਨੇਮ ਅਤੇ ਸਿਮਰਨ ਵਿਚ ਜੁਟੇ ਰਹਿੰਦੇ। ਆਪਣੇ ਤਪ ਸਦਕਾ ਲੋਕੀ ਉਨ੍ਹਾਂ ਨੂੰ 'ਸੰਤ' ਕਹਿਣ ਲੱਗ ਪਏ ਸਨ, ਪਰ ਅਜਿਹਾ ਅਖਵਾ ਕੇ ਆਪ ਖੁਸ਼ ਨਹੀਂ ਸਨ ਹੁੰਦੇ। ਗੁਰੂ ਸਾਹਿਬਾਨ ਤੋਂ ਛੁੱਟ ਆਪ ਬਾਬਾ ਫ਼ਰੀਦ ਜੀ ਦੀ ਬਾਣੀ ਦਾ ਵਧੇਰੇ ਗਾਇਨ ਕਰਦੇ ਸਨ, ਜਿਸ ਕਰਕੇ ਕੁਝ ਲੋਕੀ ਸ਼ਰਧਾਵਸ ਹੋ ਕੇ ਉਨ੍ਹਾਂ ਨੂੰ ਦੂਜਾ ਫ਼ਰੀਦ ਵੀ ਆਖਣ ਲੱਗ ਪਏ ਸਨ। ਉਨ੍ਹਾਂ ਦੀਆਂ ਧਾਰਨਾਵਾਂ ਰਸ-ਭਿੰਨੀਆਂ ਪਰ ਸਿੱਧੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਸੰਗਤਾਂ ਨਾਲ ਗਾ ਕੇ ਬੜਾ ਖੁਸ਼ ਹੁੰਦੀਆਂ। ਆਪ ਦੇ ਨਾਲ ਰਤਨ ਸਿੰਘ ਢੋਲਕੀ ਵਜਾਉਂਦੇ, ਹਰਨਾਮ ਸਿੰਘ ਵਾਜੇ ਤੇ ਹੁੰਦੇ ਅਤੇ ਜਥੇ ਦੇ ਪਿੱਛੇ ਕੁਝ ਹੋਰ ਬੰਦੇ ਜਿਵੇਂ ਕਿ ਭਾਈ ਲਾਲ ਸਿੰਘ, ਜਥੇਦਾਰ ਠਾਕੁਰ ਸਿੰਘ ਅਤੇ ਭਗਤ ਸਿੰਘ ਵੀ ਨਾਲ ਬੈਠਦੇ। 'ਹੋਏ ਵਰਖਾ ਅੰਮ੍ਰਿਤ ਦੀ, ਸਤਿਗੁਰ ਦੇ ਦਰਬਾਰ', 'ਮਨ ਮੋਹ ਲਿਆ ਗੁਰ ਨਾਨਕ ਨੇ, ਅੰਮ੍ਰਿਤ ਸ਼ਬਦ ਸੁਣਾਇਆ।' ਜਦੋਂ ਵੀ ਆਪ ਅਜਿਹੀਆਂ ਸਾਦ ਮੁਰਾਦੀਆਂ ਧਾਰਨਾਂ ਦਾ ਲਿਵਲੀਨ ਹੋ ਕੇ ਗਾਇਨ ਕਰਦੇ ਤਾਂ ਜਾਣੋ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਣ ਲਗਦੇ।

ਕੰਨਿਆ ਮਹਾਂ ਵਿਦਿਆਲਾ ਦੇ ਉਸਰੱਈਏ ਚੌਧਰੀ ਅਤਰ ਸਿੰਘ, ਬਾਵਾ ਪਾਲਾ ਸਿੰਘ ਜਥੇਦਾਰ, ਠਾਕੁਰ ਸਿੰਘ, ਬਾਬੂ ਸੁੰਦਰ ਸਿੰਘ ਛਾਉਣੀ ਵਾਲੇ, ਹਕੀਮ ਚੂਹੜਭਾਨ, ਡਾ: ਅਮਰੀਕ ਸਿੰਘ, ਡਾ: ਬਲਵੰਤ ਸਿੰਘ, ਭਾਨਾ ਮੱਲ ਐਡਵੋਕੇਟ, ਸ਼ਹਿਰ ਦੇ ਇਹ ਸਭ ਪਤਵੰਤੇ ਉਨ੍ਹਾਂ ਦੇ ਖਾਸ ਤੌਰ ਤੇ ਮੁਦਾਹ ਸਨ। ਆਪ ਆਸਾ ਦੀ ਵਾਰ ਲਾਉਂਦੇ, ਤਾਂ ਜਾਣੋਂ ਜਿਵੇਂ ਅੰਮ੍ਰਿਤ ਵਰਖਾ ਹੋਣ ਲਗਦੀ। ਉਨ੍ਹਾਂ ਦੀ ਲੱਗੀ ਸਟੇਜ ਦਾ ਤੇਜ ਹੀ ਕੁਝ ਹੋਰ ਹੁੰਦਾ ਸੀ। ਪੰਜਾਬ ਭਰ ਚੋਂ ਲੜਕੀਆਂ ਦੇ ਸਭ ਤੋਂ ਪੁਰਾਣੇ ਕੰਨਿਆ ਮਹਾਂ ਵਿਦਿਆਲਾ ਦੀ ਉਸਾਰੀ ਵਾਸਤੇ ਮਾਇਆ ਲਈ ਇਕ ਵੇਰ ਆਪ ਨੇ ਚੀਨ ਦਾ ਦੌਰਾ ਵੀ ਕੀਤਾ ਸੀ।

ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਵੇਸਵਾਵਾਂ ਲਈ ਫਿਰੋਜ਼ਪੁਰ ਦੀ ਹੀਰਾ ਮੰਡੀ ਵੀ ਮਸ਼ਹੂਰ ਹੁੰਦੀ ਸੀ, ਜਿੱਥੇ ਕਸੂਰ ਤੋਂ ਬੜੇ ਗੁਲਾਮ ਅਲੀ ਖ਼ਾਂ ਵਰਗੇ ਵੀ ਉਨ੍ਹਾਂ ਦਾ ਗਾਉਣ ਸੁਣਨ ਆਇਆ ਕਰਦੇ ਸਨ। ਏਥੇ ਇਸ ਗੱਲ ਦੀ ਵਜ਼ਾਹਤ ਕਰਨੀ ਬੜੀ ਲਾਜ਼ਮੀ ਜਾਪਦੀ ਹੈ ਕਿ ਇਸ ਵਿਚ ਬੁਰੇ ਕਰਮ ਜਾਂ ਕਾਮ ਵਾਸ਼ਨਾ ਨੂੰ ਬਹੁਤਾ ਦਖਲ ਨਹੀਂ ਸੀ ਹੁੰਦਾ ਸਗੋਂ ਅਮੀਰਾਂ ਜਾਂ ਰਸੀਆਂ ਵੱਲੋਂ ਮੁਜਰਾ ਆਦਿ ਸੁਣਨਾ ਸਾਡੇ ਉਸ ਸਮੇਂ ਦੇ ਮੁਆਸ਼ਰੇ ਦਾ ਇਕ ਅੰਗ ਹੁੰਦਾ ਸੀ। ਪ੍ਰਸਿੱਧ ਘਟਨਾ ਹੈ ਕਿ ਏਥੇ ਦੀਆਂ ਦੋ ਪ੍ਰਸਿੱਧ ਵੇਸਵਾਵਾਂ, ਜਿਨ੍ਹਾਂ ਵਿਚੋਂ ਇਕ ਦਾ ਨਾ ਰਾਜੋ ਸੀ, ਨੇ ਜਦੋਂ ਇਨ੍ਹਾਂ ਨੂੰ ਗਾਉਂਦਿਆਂ ਸੁਣਿਆ ਤਾਂ ਉਹ ਐਨਾ ਪ੍ਰਭਾਵਿਤ ਹੋਈਆ ਕਿ ਪੁੱਛਣ ਲੱਗੀਆਂ "ਅਸੀਂ ਇਨ੍ਹਾਂ ਨੂੰ ਸੁਣਨਾ ਚਾਹੁੰਦੀਆਂ ਹਾਂ, ਕੀ ਫੀਸ ਹੈ?" ਅੱਗੋਂ ਉੱਤਰ ਸੀ, "ਸਿਰਫ ਦਸ ਰੁਪਏ। ਪੰਜ ਕੜਾਹ ਪ੍ਰਸ਼ਾਦਿ ਲਈ, ਢਾਈ ਰੁਪਿਆਂ ਦੇ ਫੁੱਲਾਂ ਦੇ ਹਾਰ ਅਤੇ ਢਾਈ ਰੁਪਏ ਜਥੇ ਦੀ ਲੱਸੀ ਪਾਣੀ ਲਈ।" ਇਸ ਵੇਰ ਰਾਜੋ ਐਨੀ ਪ੍ਰਭਾਵਿਤ ਹੋਈ ਕਿ ਪ੍ਰੋਗਰਾਮ ਪਿਛੋਂ ਉਹ ਉਨ੍ਹਾਂ ਦੇ ਚਰਨੀਂ ਢਹਿ ਪਈ ਅਤੇ ਉਨ੍ਹਾਂ ਕੋਲੋਂ ਸਿੱਖੀ ਦਾਨ ਮੰਗਣ ਲੱਗ ਪਈ। ਪਰ ਉਨ੍ਹਾਂ ਦਾ ਅੱਗਿਉਂ ਇਹ ਉੱਤਰ ਸੀ ਕਿ ਪਹਿਲਾਂ ਉਹ ਵਿਆਹੁਤਾ ਜ਼ਿੰਦਗੀ 'ਚ ਪ੍ਰਵੇਸ਼ ਕਰ ਲਏ। ਨਤੀਜੇ ਵਜੋਂ ਕੁਝ ਦਿਨਾਂ ਪਿਛੋਂ ਉਸ ਨੂੰ ਅੰਮ੍ਰਿਤ ਛਕਾਇਆ ਗਿਆ। ਉਸਦਾ ਨਾਂ ਬਦਲ ਕੇ ਹੁਕਮ ਕੌਰ ਰੱਖ ਦਿੱਤਾ ਗਿਆ ਅਤੇ ਸੇਵਾ ਸਿੰਘ ਕੰਬੋਜ ਨਾਂ ਦੇ ਇਕ ਵਿਅਕਤੀ ਨਾਲ ਉਸਦੀ ਸ਼ਾਦੀ ਕਰ ਦਿੱਤੀ ਗਈ।

ਉਸ ਦੌਰ ਦੀ ਹੀਰਾ ਮੰਡੀ ਵਿਚ ਬੈਠੀ ਕੋਈ ਮੁਸਲਮਾਨ ਤਵਾਇਫ ਕਿਸੇ ਸਿੱਖ ਕੀਰਤਨਕਾਰ ਦੇ ਗਾਇਨ ਤੋਂ ਐਨਾ ਖੁਸ਼ ਹੋਵੇ, ਉਸ ਸਮੇਂ ਦੀ ਇਕ ਅਦੁੱਤੀ ਮਿਸਾਲ ਸੀ। ਨਹੀਂ ਤਾਂ ਕੀ ਮੁਸਲਮਾਨ ਉਸਤਾਦਾਂ ਅਤੇ ਕੀ ਕੰਚਨੀਆਂ ਨੇ ਸਿੱਖ ਸੰਗੀਤਕਾਰਾਂ ਦਾ ਲੋਹਾ ਕਦੇ ਘਟ ਹੀ ਮੰਨਿਆ।

ਆਪ ਸਾਦ ਮੁਰਾਦੀ ਕਵਿਤਾ ਵੀ ਜੋੜਦੇ ਸਨ ਅਤੇ "ਜੀਵਨ ਮੁਕਤ" ਤਖੱਲਸ ਕਰਦੇ ਸਨ। ਆਪ ਦਾ ਦਿਹਾਂਤ ਰਾਜਾ ਸਾਂਸੀ ਵਿਖੇ ਪੰਤਾਲੀ ਸਾਲ ਦੀ ਉਮਰ ਵਿਚ ੧੯੨੨ ਈ ਵਿਚ ਹੋਇਆ।

❖ ❖ ❖

# ਗੰਜੇ ਬਾਬਾ !

— ਨਿੰਦਰ ਘੁਗਿਆਣਵੀ



ਹਰਨਾਮ ਦਾਸ ਸਹਿਰਾਈ ਭਾਸ਼ਾ ਵਿਭਾਗ ਦੇ ਡਾਇਰੈਕਟਰ ਅਜੀਤ ਸਿੰਘ ਕੱਕੜ ਕੋਲ ਬੈਠਾ ਹੋਇਆ ਆਖ ਰਿਹਾ ਸੀ, "ਅੱਜ ਤਵੀ ਦੀ ਰੋਟੀ ਖਾਣੀ ਏਂ, ਤੰਦੂਰੀ ਰੋਟੀ ਚੱਬੀ ਨਹੀਂ ਜਾਂਦੀ। ਏਥੇ ਢਾਬਾ ਹੈਨੀ ਕਿਤੇ ਲਾਗੇ ਜਹੇ? ਲੱਭ ਕੋਈ ਢਾਬਾ, ਤਵੀ ਦੀ ਰੋਟੀ.......।"

ਮੈਂ ਕੱਕੜ ਦੇ ਸੇਵਾਦਾਰ ਵਜੋਂ ਉਨ੍ਹਾਂ ਦੇ ਕਮਰੇ ਦੀਆਂ ਕਿਤਾਬਾਂ ਨੂੰ ਠੀਕ ਤਰ੍ਹਾਂ ਚਿਣ ਕੇ ਰੱਖ ਰਿਹਾ ਸਾਂ। ਕੱਕੜ ਨੇ ਆਖਿਆ, "ਕਾਕਾ, ਸਹਿਰਾਈ ਜੀ ਨੂੰ ਰੋਟੀ ਇਹਨਾਂ ਦੇ ਕਮਰੇ ਵਿੱਚ ਈ ਲਿਆ ਦਿਆ ਕਰੋ ਨਾ.......ਬਾਹਰ ਕਿਉਂ ਜਾਂਦੇ ਓ ਸਹਿਰਾਈ ਜੀ ਤੁਸੀਂ, ਉਥੇ ਈ ਮੰਗਵਾ ਲਿਆ ਕਰੋ।"

ਸਹਿਰਾਈ ਆਖਣ ਲੱਗਾ, "ਮਾਂਈ ਯਾ........ਮੈਂ ਕੋਈ ਬਮਾਰ ਆਂ? ਮੈਂ ਆਪ ਜਾਵਾਂਗਾ। ਏਹ ਮੇਰੇ ਨਾਲ ਚਲਿਆ ਚੱਲੇ......ਮਾਂਈ ਯਾ ਤਵੀ ਦੀ ਰੋਟੀ ਵਾਲਾ ਢਾਬਾ ਨ੍ਹੀ ਲਭਦਾ ਲਾਗੇ......।"

ਰਾਤ ਦੀ ਰੋਟੀ ਖਾਤਰ ਸਹਿਰਾਈ ਜੀ ਨੂੰ ਮੈਂ ਪਟਿਆਲੇ ਵਾਲੇ ਫੁਹਾਰੇ ਚੌਕ ਨੇੜੇ ਬੰਗਾਲੀ ਢਾਬੇ ਉੱਤੇ ਲੈ ਗਿਆ। ਢਾਬੇ ਅੰਦਰ ਵੜਨ ਤੋਂ ਪਹਿਲਾਂ ਹੀ ਉਸ ਨੇ ਢਾਬੇ ਦੇ ਕਾਮੇ ਭੱਈਏ ਨੂੰ ਆਖਿਆ, "ਆਹ ਲਿਆਂਈਂ ਜਰਾ ਪਾਣੀ......ਇੱਕ ਗਿਲਾਸ ਵੀ ਲਿਆਂਈਂ ਖਾਲੀ ਨਾਲ।" ਉਹਨੇ ਆਪਣੀ ਝੋਗੀ ਦੀ ਜੇਬ੍ਹ 'ਚੋਂ ਅੰਗਰੇਜ਼ੀ ਦਾ ਪਊਆ ਕੱਢਿਆ। ਭੱਈਆ ਬੋਲਿਆ, "ਯਹਾਂ ਦਾਰੂ ਨਹੀਂ ਪੀਏਂਗੇ......ਮਨਾ ਹੈ ਯਹਾਂ।" ਸਹਿਰਾਈ ਨੇ ਗਾਲ੍ਹ ਕੱਢੀ, "ਮਾਂਈ ਯਾ.........ਕਿਵੇਂ ਚਰੜ-ਚੁਰੜ ਕਰਦੈ ਪਾਣੀ ਲਿਆ ਪਾਣੀ।"

"ਗਾਲੀ ਕਿਉਂ ਦੇਤੇ ਹੋ। ਹੈਂ? ਗਾਲੀ ਨਾ ਦੋ ਯਹਾਂ।" ਭਈਆ ਕਲਪਿਆ।

"ਪਾਣੀ ਦੇਹ ਪਾਣੀ, ਮਾਂ.....।" ਸਹਿਰਾਈ ਬਾਬਾ ਆਪਣੀ ਅੜੀ ਪੁਗਾ ਰਿਹਾ ਸੀ। ਢਾਬੇ ਦੇ ਮਾਲਕ ਤੋਂ ਰਿਹਾ ਨਾ ਗਿਆ। ਉਹਨੇ ਭੱਈਏ ਨੂੰ ਘੂਰਕੇ ਆਖਿਆ, "ਏਥੇ ਬਹਿਸੀ ਜਾਂਦਾ ਏਂ.........ਅੰਦਰੋਂ ਸੋਟਾ ਲੈ ਕੇ ਆ।"

ਇਹ ਸੁਣਦੀ ਸਾਰ ਹੀ ਸਹਿਰਾਈ ਪਿਛਾਂਹ ਨੂੰ ਹੋ ਗਿਆ, "ਓ ਚੱਲ ਓ ਏਥੋਂ........ਮਾਂਈ ਯਾ, ਏਥੇ ਰੋਟੀ ਕਿੰਨ ਖੁਆਣੀ ਏਂ.........ਏਹ ਤੇ ਛਿੱਤਰ ਖੁਆਣ ਲੱਗੇ ਨੇ..........। ਭੱਜੋ-ਭੱਜੋ ..........।"

ਰਿਕਸ਼ੇ ਉੱਤੇ ਚੜ੍ਹੇ ਤੇ ਗਾਂਧੀ ਦੇ ਬੁੱਤ ਮੂਹਲੇ ਢਾਬੇ ਉੱਤੇ ਆਣ ਕੇ ਰੋਟੀ ਖਾਧੀ।

ਸਹਿਰਾਈ ਜਿੱਥੇ ਵੀ ਜਾਂਦਾ, ਬਹੁਤੇ ਢਾਬਿਆਂ ਵਾਲੇ ਉਹਨੂੰ ਜਾਣਦੇ ਹੁੰਦੇ ਤੇ ਆਖਦੇ, "ਆ ਬਈ ਚਾਚਾ, ਆ ਗਿਆ ਤੂੰ? ਹੁਣ ਕੇਹੜੀ ਕਿਤਾਬ ਲਿਖੀ ਐ ਚਾਚਾ।"

ਇਕੇਰਾਂ ਰੇਡੀਉ ਸਟੇਸ਼ਨ ਵਿਖੇ ਸਬੱਬੀ ਮਿਲਣੀ ਮੌਕੇ ਮਾਝੇ ਦੇ ਇੱਕ ਲੇਖਕ ਨੂੰ ਸਹਿਰਾਈ ਨਾਲ ਮਿਲਾਉਂਦਿਆਂ ਮੈਂ ਆਖਿਆ, "ਆਹ ਮਿਲੋ ਜੀ.......ਸਾਡੇ ਸਹਿਰਾਈ ਸਾਹਬ ਨੂੰ। ਸਾਡੇ ਵੱਡੇ ਲੇਖਕ ਸਹਿਰਾਈ ਸਾਹਬ।"

ਮਿਲਣ ਵਾਲੇ ਲੇਖਕ ਨੇ ਸਹਿਰਾਈ ਦੇ ਗੋਡੇ ਛੂੰਹਦਿਆਂ ਆਖਿਆ, "ਧੰਨ ਭਾਗ ਨੇ ਜੀ, ਅੱਜ ਧਾਡੇ ਦਰਸ਼ਨ ਹੋਏ ਆ। ਬੜੇ ਚਿਰਾਂ ਤੋਂ ਪੜ੍ਹਨੇ ਆਂ ਧਾਨੂੰ। ਆਮ ਈ ਛਪਦਾ ਏ ਧਾਡਾ ਨਾਂ ਤੇ......ਪਿਆਰਾ ਸਿੰਘ ਸਹਿਰਾਈ। ਬੜਾ ਮਸ਼ਹੂਰ ਨਾਂ ਏਂ।" ਉਸਨੇ ਸਮਝ ਲਿਆ ਸੀ ਕਿ ਇਹ ਪਿਆਰਾ ਸਿੰਘ ਸਹਿਰਾਈ ਹੈ। ਇਹ ਸੁਣਦਿਆਂ ਸਹਿਰਾਈ ਚਿੜ੍ਹ ਗਿਆ, "ਮਾਂਈ ਯਾ......ਮੈਂ ਹਰਨਾਮ ਦਾਸ ਆਂ.......ਪਤਾ ਨੀ, ਅਤਾ ਨੀ, ਜੇਹੋ-ਜਿਹੇ ਮਿਲੌਣ ਵਾਲੇ ਨੇ, ਉਹੋ-ਜੇ ਮਿਲਣ ਵਾਲੇ......ਲੱਲੂ। ਪਿਆਰਾ ਸਿੰਘ ਨੇ ਕੀ ਲਿਖਿਆ ਸੂ? ਮੈਂ ਗ੍ਰੰਥ ਲਿਖਦਾ ਮੁੱਕ ਚੱਲਾਂ।" ਸਿਗਰਟ ਦੇ ਕਸ਼ ਖਿੱਚਦਾ ਤੇ ਬੁੜ-ਬੁੜ ਕਰਦਾ ਸਹਿਰਾਈ ਪਰ੍ਹੇ ਨੂੰ ਟੁਰ ਗਿਆ।

ਲੇਖਕ ਆਖਦੇ ਸਨ, "ਸਹਿਰਾਈ ਕਿਤਾਬਾਂ ਨਹੀਂ ਪੜ੍ਹਦਾ। ਉਸ ਨੂੰ ਕਿਤਾਬ ਦੇਣੀ, ਖੂਹ 'ਚ ਸੁੱਟ ਦੇਣ ਬਰਾਬਰ ਹੈ। ਨਾ ਹੀ ਸਹਿਰਾਈ ਹੋਰਾਂ ਵਾਂਗ ਕਿਸੇ ਤੋਂ ਕਿਤਾਬ ਮੰਗਦਾ ਹੀ ਸੀ। ਉਹ ਆਪਣੀਆਂ ਛਪੀਆਂ ਨਵੀਆਂ ਕਿਤਾਬਾ ਡੇਰਿਆਂ ਦੇ ਸੰਤਾਂ-ਮੰਹਤਾਂ ਨੂੰ ਜਾ ਭੇਟ ਕਰਦਾ, "ਅਹਿ ਵੇਖੋ, ਮਾਂਈ ਯਾ.......ਨਵਾਂ ਨਾਵਲ। ਸਾਰਾ ਇਤਿਹਾਸ ਆ ਗਿਆ ਏ

ਏਹਦੇ 'ਚ। ਅਹਿ ਪੜ੍ਹੋ ਖਾਂ, ਫਲਾਣੇ ਗੁਰੂ ਬਾਰੇ ਏ। ਮੈਂ ਲਿਖਦਾ ਮਰ ਗਿਆ ਵਾਂ, ਤੁਸੀਂ ਪੜ੍ਹਦੇ ਈ ਨਹੀਂ ਜੇ।"

ਕਈ ਸਹਿਰਾਈ ਦੀ ਸਿਗਰਟ ਤੋਂ ਡਰਦੇ ਸਨ ਤੇ ਕਈ ਉਹਦੀਆਂ ਗਾਲ੍ਹਾਂ ਤੋਂ ਚਲਦੇ ਸਨ। ਗਾਲ੍ਹਾਂ ਦੇਣ ਲੱਗਿਆਂ ਉਹ ਅੱਗਾ-ਪਿੱਛਾ ਨਹੀਂ ਸੀ ਦੇਖਦਾ। ਭਾਸ਼ਾ ਵਿਭਾਗ ਦੇ ਕਮਰਿਆਂ ਵਿੱਚ ਬੈਠੀਆਂ ਮੁਲਾਜ਼ਮ ਕੁੜੀਆਂ ਗੱਲਾਂ ਕਰਦੀਆਂ, "ਕੀ ਨਾਵਲ ਲਿਖਦਾ ਏ? ਬੋਲਣ ਦਾ ਤਾਂ ਚੱਜ ਨ੍ਹੀ। ਜਦ ਵੀ ਦੇਖੋ, ਗੰਦੀਆਂ ਗਾਲ੍ਹਾਂ ਦਿੰਦਾ ਰਹਿੰਦਾ ਏ।"

ਇੱਕ ਵਾਰ ਸ਼ਰਾਬੀ ਹੋਇਆ ਉਹ ਅਜੀਤ ਸਿੰਘ ਕੱਕੜ ਨੂੰ ਆਖੀ ਜਾਵੇ, "ਓ ਕੁੱਕੜ, ਆ ਓ ਕੁੱਕੜ। ਮਾਂਈ ਯਾ......ਮੇਰੇ ਸਿਰ 'ਚ ਠੂੰਗੇ ਮਾਰ ਕੁੱਕੜ। ਆ ਮੇਰਾ ਸਿਰ ਖਾ ਬੁੱਢੇ ਦਾ ਕੁੱਕੜ।"

ਮਹਿਕਮੇ ਦੇ ਚਾਰ-ਪੰਜ ਬੰਦੇ ਕੋਲ ਖਲੋਤੇ ਦੇਖਕੇ ਕੱਕੜ ਸ਼ਰਮਸਾਰ ਹੋਈ ਜਾਵੇ। ਸਹਿਰਾਈ ਘੱਟ ਹੀ ਦੇਖਦਾ ਸੀ ਕਿ ਇਹ ਕੋਈ ਅਫਸਰ ਹੈ, ਵੱਡਾ ਬੰਦਾ, ਜਾਂ ਵੱਡਾ ਲਿਖਾਰੀ ਹੈ, ਉਹ ਗਾਹਲੀਂ ਟੱਕਰ ਪੈਂਦਾ, ਬਹੁਤਿਆਂ ਦਾ ਉਹਦੇ ਨਾਲ ਅੰਦਰੋਂ ਮੋਹ ਸੀ ਇਸ ਲਈ ਗੁੱਸਾ ਨਹੀਂ ਸਨ ਕਰਦੇ ਤੇ ਹਸਦੇ-ਹਸਦੇ 'ਚਾਚਾ ਚਾਚਾ' ਕਰੀ ਜਾਂਦੇ ਸਨ। ਜਿਹੜਿਆਂ ਨੇ ਗੁੱਸਾ ਕਰਕੇ ਉਹਨੂੰ ਘੂਰ ਰੱਖਿਆ ਸੀ, ਉਹਨਾਂ ਨੂੰ ਉਸ ਮੁੜ ਕਦੇ ਗਾਲ ਨਹੀਂ ਸੀ ਕੱਢੀ। ਇੱਕ ਵਾਰ ਉਹ ਡਾ. ਧਰਮਪਾਲ ਸਿੰਗਲ ਦੇ ਘਰ ਦਾਰੂ ਪੀ ਕੇ ਗਿਆ ਤੇ ਜਾਂਦਾ ਹੀ ਗਾਹਲੀਂ ਟੱਕਰ ਪਿਆ। ਸਿੰਗਲ ਨੇ ਟੋਥਾ ਚੁੱਕਿਆ ਤੇ ਉਹਦੇ ਮੌਰਾ ਵਿੱਚ ਦੇ ਮਾਰਿਆ। ਉਸ ਬਾਅਦ ਸਿੰਗਲ ਨਾਲ ਉਹਦਾ ਪਿਆਰ ਹੋਰ ਵੀ ਪੱਕਾ ਹੋ ਗਿਆ ਸੀ। ਇਕੇਰਾਂ ਵਿਭਾਗ ਦੇ ਸਮਾਰੋਹ ਮੌਕੇ ਹਰਭਜਨ ਸਿੰਘ ਬਟਾਲਵੀ ਨੇ ਸਹਿਰਾਈ ਨੂੰ ਛੇੜ ਛਡਿਆ, "ਚਾਚਾ ਕਿੱਦਾ ਫਿਰ? ਕੋਈ ਚਾਚੀ-ਚੂਚੀ ਲੈ ਆ, ਵਿਆਹ-ਵੂਹ। ਸੇਵਾ ਕਰੇਗੀ ਤੇਰੀ.......।" ਸਹਿਰਾਈ ਐਸਾ ਗਾਹਲੀਂ ਟੱਕਰਿਆ ਕਿ ਮਸੀਂ ਹੀ ਹਟਿਆ। ਫਿਰ ਆਖਣ ਲੱਗਿਆ, "ਬਟਾਲਵੀ ਨਾਲ ਮੇਰਾ ਦਿਲੋਂ ਪਿਆਰ ਏ, ਏਹ ਮੇਰਾ ਬੜਾ ਕਦਰਦਾਨ ਸੱਜਣ ਏ। ਬਹਾਦਰ ਅਫਸਰ ਤੇ ਵਧੀਆ ਲਿਖਾਰੀ ਏ।" ਉਹ ਬੰਦੇ ਨੂੰ ਸਕਿੰਟ 'ਚ ਹੀ ਵਡਿਆ ਲੈਂਦਾ ਸੀ। ਕਈ ਬੰਦੇ ਸੱਚੀਓਂ ਹੀ ਉਹਤੋਂ ਡਰਦੇ ਪਰ੍ਹੇ ਹੀ ਰਹਿੰਦੇ ਕਿ ਗਾਹਲੀਂ ਨਾ ਟੱਕਰ ਪਏ। ਜਦੋਂ ਮਨਜੀਤ ਸਿੰਘ ਕਲਕੱਤਾ ਉੱਚ-ਸਿੱਖਿਆ ਤੇ ਭਾਸ਼ਾ ਮੰਤਰੀ ਬਣੇ ਤਾਂ ਸਹਿਰਾਈ ਸਿੱਧਾ ਉਹਨਾਂ ਕੋਲ ਗਿਆ। ਆਰਡਰ ਪਾਸ ਕਰਵਾ ਲਿਆਇਆ ਕਿ, "ਸਹਿਰਾਈ ਦੇ ਸਾਰੇ ਨਾਵਲਾਂ ਨੂੰ ਭਾਸ਼ਾ ਵਿਭਾਗ ਪੰਜਾਬ ਸਰਕਾਰ ਪ੍ਰਕਾਸ਼ਤ ਕਰੇ।" ਜਦ ਆਰਡਰਾਂ ਵਾਲੀ ਚਿੱਠੀ ਮੰਤਰੀ ਕੋਲੋਂ ਪਾਸ ਹੁੰਦੀ-ਹੁੰਦੀ ਡਾਇਰੈਕਟਰ ਤੇ ਫਿਰ ਅੱਗੋਂ ਛੋਟੇ-ਮੋਟੇ ਅਫਸਰਾਂ ਕੋਲੋਂ ਹੁੰਦੀ ਹੋਈ "ਕਲਰਕ ਪਾਤਸ਼ਾਹ" ਤੱਕ ਪਹੁੰਚੀ ਤਾਂ "ਕਲਰਕ ਪਾਤਸ਼ਾਹ" ਨੇ ਲਿਖਿਆ, "ਹਰਨਾਮ ਦਾਸ ਸਹਿਰਾਈ ਦੇ ਨਾਵਲ ਸਿੱਖ ਇਤਿਹਾਸ ਨਾਲ ਸਬੰਧ ਰੱਖਦੇ ਹਨ। ਪਰੰਤੂ ਉਹਨਾਂ ਵਿੱਚ ਅਸ਼ਲੀਲਤਾ ਦੇ ਚਿੰਨ੍ਹ ਵੀ ਮਿਲਦੇ ਹਨ, ਕਿਤੇ ਇੰਜ ਨਾ ਹੋਵੇ, ਪੰਥ ਵਿੱਚ ਵਾਵੇਲਾ ਖੜ੍ਹਾ ਹੋ ਜਾਵੇ। ਕੇਸ ਮੁੜ ਵਿਚਾਰਿਆ ਜਾਏ।"

ਆਰਡਰ ਖੂਹ ਵਿੱਚ ਪੈ ਗਏ। ਮਗਰੋਂ ਪਤਾ ਲੱਗਿਆ ਕਿ "ਕਲਰਕ ਪਾਤਸ਼ਾਹ" ਨੂੰ ਇੱਕ ਵਾਰ ਸਹਿਰਾਈ ਨੇ ਵਿਭਾਗ ਦੇ ਕਿਸੇ ਸਮਾਗਮ ਮੌਕੇ ਸ਼ਰਾਬ ਪੀ ਕੇ ਗਾਲ੍ਹਾਂ ਕੱਢੀਆਂ ਸਨ ਤੇ ਉਹ ਉਦੋਂ ਦੀ ਖੁੰਧਕ ਖਾਧੀ ਫਿਰਦਾ ਸੀ। ਇਹੋ-ਜਿਹੇ ਘਾਟੇ ਖਾ ਕੇ ਵੀ ਸਹਿਰਾਈ ਬਾਬਾ ਗਾਲ੍ਹਾਂ ਦੇਣੋਂ ਨਹੀਂ ਸੀ ਹਟਦਾ। ਜਦ ਕੋਈ ਉਹਦਾ ਲਿਹਾਜ਼ੂ ਟਕਰਦਾ ਤਾਂ ਉਹ ਆਖਦਾ, "ਮਾਂਈ ਯਾ.......ਕੁੱਤੇ ਨੇ ਸਾਲੇ, ਮੈਂ ਸਿੱਖ ਕੌਮ ਦੀ ਢੇਰਾਂ ਦੇ ਢੇਰ ਸੇਵਾ ਕੀਤੀ ਏ। ਕਿਹਨੇ ਕੀਤੀ ਏ ਏਨੀ ਸੇਵਾ? ਇਹਨਾਂ ਦਾ ਪਿਓ ਆਂ ਮੈਂ। ਮਾਂਈ ਯਾ, ਬੇਕਦਰੇ ਲੋਕ, ਮੇਰੀ ਕਦਰ ਨ੍ਹੀ ਪਾਈ। ਮੈਂ ਇਹਨਾਂ ਦੇ......ਮੈਂ ਅੰਨ੍ਹਾ ਹੋ ਗਿਆ ਵਾਂ, ਮੁੱਕ ਚੱਲਾਂ। ਕਿਸੇ ਸਨਮਾਨ ਨੀ ਕੀਤਾ ਮੇਰਾ। ਮਰੇ ਨੂੰ ਮੈਨੂੰ ਨਿੱਘੇ ਬੋਲ ਬੋਲਣਗੇ। ਸ਼ਰਧਾਂਜਲੀਆਂ ਦੇਣਗੇ।"

ਸਹਿਰਾਈ ਨਿਹੰਗਾਂ ਦੇ ਡੇਰੇ ਵੱਲ ਤੁਰਿਆ। ਆਖਣ ਲੱਗਾ, "ਮੈਂ ਪੈਸੇ ਲੈਣੇ ਨੇ ਢਾਂਡਿਆਂ ਤੋਂ। ਮਾਂਈ ਯਾ ਦੇਣ 'ਚ ਈ ਨ੍ਹੀ ਆਉਂਦੇ ਨੇ ਪੈਸੇ। ਪੂਰਾ ਦਰ ਹਜ਼ਾਰ ਏ।"

ਅੰਦਰ ਵੜਦੇ ਸਾਰ ਗਾਹਲੀਂ ਟੱਕਰ ਪਿਆ, "ਓ ਮਾਂਈ ਯਾ, ਤੁਸਾਂ ਮਖੌਲ ਕੀ ਬਣਾ ਰੱਖਿਆ ਜੇ। ਕਿਥੇ ਵੇ ਮੇਰਾ ਪੁੱਤਰ?" ਉਸ ਨਿਹੰਗਾਂ ਦੇ ਮੁਖੀ ਬਾਰੇ ਪੁੱਛਿਆ। ਗਾਹਲਾਂ ਖਾਂਦੇ ਨਿਹੰਗ ਹੱਸੀ ਜਾਣ। ਮੈਂ ਡਰੀ ਜਾਵਾਂ। ਸਹਿਰਾਈ ਨੇ ਸਿਗਰਟ ਕੱਢੀ ਤਾਂ ਮੈਂ ਟੋਕਿਆ, "ਬਾਹਰ ਪੀ ਲਿਓ ਵੇ......।" "ਓ ਤੂੰ ਚੁਪ ਕਰਦਾ ਕਿ ਨਹੀਂ ? ਮਾਂਈ ਯਾ.........ਕਦੇ ਟਿਕ ਕੇ ਨੀ ਬਹਿੰਦਾ.......ਟਪੂੰ ਟਪੂੰ ਕਰਦਾ ਰਹਿੰਦਾ।" ਲਾਗੇ ਨਿਹੰਗ ਸਿੰਘ ਨੇ ਆਖਿਆ, "ਕੋਈ ਨੀ ਬੇਟਾ! ਸਰ੍ਹਾਈ ਜੀ ਨੂੰ ਖੁੱਲ੍ਹ ਆ, ਜੋ ਮਰਜ਼ੀ ਕਰਨ ਏਥੇ। ਪੀਓ ਜੀ ਸਿਗਰਟ.........।" ਸਿੰਘ ਨੇ ਇੱਕ ਸਟੀਲ ਦੀ ਕੌਲੀ ਸਹਿਰਾਈ ਮੂਹਰੇ ਧਰ ਦਿੱਤੀ ਤੇ ਸਹਿਰਾਈ ਉਹਦੇ ਵਿੱਚ ਸਿਗਰਟ ਝਾੜ-ਝਾੜ ਪੀਂਦਾ, ਧੂੰਆ ਨਿਹੰਗਾਂ ਦੇ ਮੂੰਹਾਂ ਉੱਤੇ ਛਡਦਾ ਰਿਹਾ। ਦੁੱਧ ਤੇ ਸੇਬ ਛਕਾਉਣ ਮਗਰੋਂ ਨਿਹੰਗ ਸਿੰਘ ਉੱਠਕੇ ਅੰਦਰ ਗਿਆ। ਗਿਆਰਾਂ ਹਜ਼ਾਰ ਦੀ ਗੁੱਟੀ ਤੇ ਇੱਕ ਲੋਈ ਉਸ ਸਹਿਰਾਈ ਦੀ ਬੁੱਕਲ ਵਿੱਚ ਲਿਆ ਧਰੀ। "ਓ ਆ੍ਹ ਵੀ........ਨਾਲ ਆ ਇੱਕ ਚੇਲਾ, ਏਹਦਾ ਵੀ ਕਰੋ ਮਾਣ-ਤਾਣ, ਮਾਂਈ ਯਾ ਰੋਟੀ ਕਿੰਨ ਦੇਣੀ ਏ।" ਮੇਰੇ ਨਾਂਹ-ਨੁੱਕਰ ਕਰਨ ਦੇ ਬਾਵਜੂਦ ਵੀ ਸਵਾ ਪੰਜ ਸੌ ਨਿਹੰਗ ਸਿੰਘ ਨੇ ਮੇਰੀ ਜੇਬ੍ਹੀ 'ਚ ਪਾ ਦਿੱਤਾ। ਮੈਂ ਹੈਰਾਨ ਸਾਂ ਬਈ ਕਿ ਕਿਆ ਕਮਾਲ ਦਾ ਬੰਦਾ ਹੈ ਸਹਿਰਾਈ, ਉਹ ਗਾਹਲਾਂ ਦੇ ਰਿਹਾ ਹੈ, ਉਹ ਹੱਸ ਰਹੇ ਹਨ, ਸੇਵਾ ਕਰ

ਰਹੇ ਹਨ, ਰੁਪੱਈਏ ਦੇ ਰਹੇ ਹਨ। ਸੇਬ ਲਿਆ ਰਹੇ ਹਨ।

ਛੱਰੇ 'ਚੋਂ ਤੁਰਦਿਆਂ ਉਹ ਆਖਣ ਲੱਗਾ, "ਸਿੰਘੋ, ਮੇਰੀਆਂ ਕਿਤਾਬਾਂ ਪੜ੍ਹੋ। ਮੇਰੀਆਂ ਕਿਤਾਬਾਂ 'ਚ ਸਿੱਖਾਂ ਦੀ ਆਤਮਾ ਏ, ਵਿਰਸਾ, ਸਿੱਖਾਂ ਦੀ ਰੂਹ ਏ। ਕੋਈ ਨ੍ਹੀ ਪੜ੍ਹਦਾ ਮੇਰੀਆਂ ਕਿਤਾਬਾਂ.......ਮਾਂਈ ਯਾ.......।"

ਭਾਸ਼ਾ ਵਿਭਾਗ ਦੇ ਬਹੁਤੇ ਚਪੜਾਸੀ-ਕਲਰਕ ਸਹਿਰਾਈ ਨੂੰ 'ਚਾਚਾ' ਆਖਦੇ। ਬਾਹਰਲੇ ਪਾਸੇ ਢਾਬੇ ਵਾਲਾ ਅਮਰ ਉਹਨੂੰ 'ਸੁਰਾਹੀ ਜੀ' ਆਖਦਾ, ਤਾਂ ਉਹ ਖਿਝਦਾ, "ਮਾਂਈ ਯਾ.........ਨਾਂ ਵੀ ਨੀ ਠੀਕ ਲੈਣਾ ਆਉਂਦਾ........ਢਾਬਾ ਪਾ ਕੇ ਬਹਿ ਗਿਆ ਸੂ। ਸਹਿਰਾਈ ਕਹੁ।"

ਮਹੀਨੇ-ਵੀਹ ਦਿਨੀਂ ਸਹਿਰਾਈ ਪਟਿਆਲੇ ਨੂੰ ਤੁਰਿਆ ਰਹਿੰਦਾ ਤੇ ਭਾਸ਼ਾ ਭਵਨ ਦੇ ਲੇਖਕ-ਸਦਨ ਵਿੱਚ ਆ ਠਹਿਰਦਾ। ੧੯ ਨੰਬਰ ਕਮਰਾ ਉਸਦਾ ਪੱਕਾ ਹੀ ਸੀ। ਉਹ ਉਸੇ ਵਿੱਚ ਹੀ ਠਹਿਰਦਾ ਹੁੰਦਾ। ਹੋਰ ਕੋਈ ਕਮਰਾ ਉਹਨੂੰ ਪਸੰਦ ਹੀ ਨਹੀਂ ਸੀ ਜਿਵੇਂ। ਇੱਕ ਵਾਰ ਇੱਕ ਵੱਡਾ ਸਾਹਿਤਕਾਰ ਠਹਿਰਣ ਲਈ ਆਇਆ। ਆਖਣ ਲੱਗਾ, "ਸਹਿਰਾਈ ਸਾਹਿਬ ਨੂੰ ਤੁਸੀਂ ਵਧੀਆ ਕਮਰਾ ਦਿੰਦੇ ਹੋ। ਉਸਨੂੰ ਵੱਡਾ ਲੇਖਕ ਮੰਨਦੇ ਓ, ਸਾਨੂੰ ਕਿਉਂ ਨਹੀਂ ? ਮੈਂ ਤੇ ਆਪ ਸਹਿਰਾਈ ਵਾਲੇ ਕਮਰੇ ਵਿੱਚ ਠਹਿਰਣਾ ਏ।"

ਜਦ ਉਹ ਆਪਣਾ ਅਟੈਚੀ ਚੁੱਕ ਕੇ ਸਹਿਰਾਈ ਵਾਲੇ ਕਮਰੇ ਵਿੱਚ ਵੜਿਆ ਤਾਂ ਇਉਂ ਭੱਜਕੇ ਬਾਹਰ ਨੂੰ ਟਪਕਿਆ ਜਿਵੇਂ ਅੰਦਰ ਬੈਠੀ ਸੂਈ ਕੁੱਤੀ ਨੇ ਉਹਦੇ ਗਿੱਟੇ ਨੂੰ ਮੂੰਹ ਪਾ ਲਿਆ ਹੋਵੇ। "ਤੋਬਾ, ਤੋਬਾ, ਤੋਬਾ, ਮੈਂ ਨ੍ਹੀ ਰਹਿਣਾ ਏਸ ਕਮਰੇ 'ਚ। ਸਿਗਰਟਾਂ ਦੀ ਬਦਬੂ, ਥਾਂ-ਥਾਂ ਖਿੰਡੀਆਂ ਪਈਆਂ ਨੇ। ਸ਼ਰਾਬ ਦੀਆਂ ਸ਼ੀਸ਼ੀਆਂ, ਬਾਥਰੂਮ 'ਚ ਪਾਣੀ ਫਿਰਦਾ ਏ, ਗੰਦੀ ਬਦਬੂ.... ਹੋਰ ਕਮਰਾ ਦਿਓ।"

ਸਹਿਰਾਈ ਸਵੇਰੇ ਬੜੀ ਸਾਝਰੇ ਜਾਗਦਾ ਸੀ। ਇੱਕ ਰਾਤ ਹਾਲੇ ਮੈਂ ਸੁੱਤਾ ਹੀ ਸਾਂ ਕਿ ਸਹਿਰਾਈ ਮੇਰਾ ਬੂਹਾ ਭੰਨਣ ਲੱਗਿਆ, "ਓ ਉਠ ਯਾਰ, ਮਾਂਈ ਯਾ..... ਮੇਰੇ ਨਾਲ ਵਾਲੇ ਕਮਰੇ ਵਿੱਚ ਕੁੱਤਾ ਰੋਂਦਾ ਪਿਐ। ਉਠ ਕੇ ਬਾਹਰ ਕੱਢ ਉਹਨੂੰ ਮਾਂਈ ਯਾਵ੍ਹੇ ਨੂੰ।" ਮੈ ਹੈਰਾਨ ਹੋਇਆ ਬਈ ਲੇਖਕਾਂ ਦੇ ਰਹਿਣ ਵਾਲੇ ਕਮਰੇ 'ਚ ਕੁੱਤਾ ਕਿਥੋਂ ਆਣ ਵੜਿਆ ਹੈ। "ਨਹੀਂ-ਨਹੀਂ ਸਹਿਰਾਈ ਜੀ, ਥੋਡੀ ਅੱਜ ਪੀਤੀ ਬਾਹਲੀ ਆ, ਤਾਹੀਂ ਕੁੱਤੇ ਰੋਂਦੇ ਨੇ ਥੋਡੇ ਕੰਨਾਂ 'ਚ।" ਸਹਿਰਾਈ ਗਾਹਲਾਂ ਦੇਣ ਲੱਗਿਆ। ਮੈਂ ਉੱਠਿਆ ਹੀ ਨਾ। ਦਿਨ ਚੜ੍ਹੇ ਉਹ ਫਿਰ ਰੌਲਾ ਪਾਉਣ ਲੱਗਿਆ "ਕੁੱਤਾ ਰੋਂਦਾ ਏ। ਉਠਕੇ ਬਾਹਰ ਕੱਢ ਉਹਨੂੰ। ਮੇਰੇ ਨਾਲ ਦੇ ਕਮਰੇ 'ਚ। ਖੋਲ੍ਹ ਕਮਰਾ, ਨਹੀਂ ਤੇ ਛੰਡੇ ਮਾਰਾਂਗਾ ਸਿਰ ਵਿੱਚ..... ਨਾਲੇ ਤੇਰੀ ਸ਼ਿਕਾਇਤ ਕਰਾਂਗਾ ਡਾਇਰੈਕਟਰ ਕੋਲ। ਉਠਕੇ ਬੂਹਾ ਖੋਲ੍ਹ...........।"

ਮੈਂ ਲੇਖਕ-ਸਦਨ ਦੇ ਇੰਚਾਰਜ ਗੁਰਚਰਨ ਸਿੰਘ ਪ੍ਰਦੇਸੀ ਦੀ ਇਜਾਜ਼ਤ ਬਿਨਾ ਕਮਰਾ ਨਹੀਂ ਸੀ ਖੋਲ੍ਹ ਸਕਦਾ। ਪ੍ਰਦੇਸੀ ਘਰ ਫੋਨ ਕਰਕੇ ਦੱਸਿਆ ਕਿ, " ੧੯ ਨੰਬਰ ਕਮਰੇ 'ਚ ਕੁੱਤਾ ਰੋਂਦੈ।" ਇਹ ਸੁਣ ਪ੍ਰਦੇਸੀ ਵੀ ਹੈਰਾਨ ਹੋਇਆ, "ਓ ਭਗਤਾ, ਉਥੇ ਕੁੱਤਾ ਕਿੱਦਾਂ ਆ ਗਿਐ, ਉਹ ਕਮਰਾ ਤੇ ਪਹਿਲਾਂ ਦਾ ਬੁੱਕ ਏ, ਯੂਨੀਵਰਸਿਟੀ ਵਾਲਾ ਵਿਦਵਾਨ-ਪ੍ਰੋਫੈਸਰ ਆਇਆ ਏ ਹਫਤੇ ਦਾ ਉਥੇ।" ਮੈਂ ਦੱਸਿਆ, "ਕੋਈ ਵਿਦਵਾਨ-ਵੁਦਵੁਨ ਨਹੀਂ ਉੱਥੇ ਕੁੱਤਾ ਰੋਂਦੈ, ਮੈਂ ਆਪ ਸੁਣਿਆ ਹੈ। ਬਾਹਰੋਂ ਤਾਲਾ ਹੈ।" ਖ਼ੈਰ ਪ੍ਰਦੇਸੀ ਨੇ ਕਮਰਾ ਖੋਲ੍ਹ ਕੇ ਚੈਕਿੰਗ ਕਰਨ ਦੀ ਖੁਲ੍ਹ ਦੇ ਦਿੱਤੀ। ਜਦ ਮੈਂ ਕਮਰਾ ਖੋਲ੍ਹਿਆ ਤਾਂ ਭੌਂਕਦਾ- ਭੌਂਕਦਾ ਇੱਕ ਕੁੱਤਾ ਭੁੜਕਣ ਲੱਗਿਆ। ਸਹਿਰਾਈ ਰੌਲਾ ਪਾਉਣ ਲੱਗਿਆ, "ਓ ਦੇਖ, ਆ ਮਾਂਈ ਦਾ ਯਾਰ ਕਿਥੋਂ ਆਇਆ ਸੂ? ਹੈਂ? ਏਹ ਕੀ ਡਰਾਮਾ ਏ?" ਦੇਖਿਆ ਕਿ ਕਮਰੇ ਦੀ ਬਾਰੀ ਖੁੱਲ੍ਹੀ ਹੋਈ ਸੀ ਜਿਥੋਂ ਦੀ ਵਿਦਵਾਨ-ਲੇਖਕ ਬਾਹਰ ਨਿਕਲਿਆ ਸੀ ਤੇ ਪਿਛਲੇ ਬੂਹੇ ਥਾਣੀਂ ਚੋਰੀ ਬਾਹਰ ਲੰਘਿਆ ਸੀ, ਉਥੋਂ ਦੀ ਕੁੱਤਾ ਅੰਦਰ ਆਣ ਵੜਿਆ ਸੀ। ਮੁੜ ਕੁੱਤੇ ਤੋਂ ਬਾਹਰ ਨਾ ਨਿਕਲ ਹੋਇਆ। ਪ੍ਰੋਫੈਸਰ-ਲੇਖਕ ਦੀਆਂ ਅੱਧ-ਚੂਸੀਆਂ ਮੀਟ ਦੀਆਂ ਹੱਡੀਆਂ ਖਾਣ ਦੇ ਲਾਲਚ 'ਚ ਕੁੱਤਾ ਆਣ ਫਸਿਆ ਸੀ। ਕਿੱਸਾ ਖੁੱਲ੍ਹਕੇ ਇਉਂ ਸਾਹਮਣੇ ਆਇਆ ਕਿ ਪ੍ਰੋਫੈਸਰ ਲੇਖਕ ਨੇ ਸਾਰੇ ਪੈਸੇ ਦਾਰੂ ਪੀ-ਪੀ ਕੇ ਮੁਕਾ ਛੱਡੇ ਸਨ ਤੇ ਕਮਰੇ ਦੇ ਕਿਰਾਏ ਜੋਗੇ ਉਸ ਕੋਲ ਬਚੇ ਨਹੀਂ ਸਨ, ਇਸੇ ਲਈ ਉਹ ਪਿਛਿਓਂ ਦੀ ਚੋਰੀ ਚੋਰੀ ਲੰਘ ਗਿਆ ਸੀ। ਸਹਿਰਾਈ ਖਲੋਤਾ ਗਾਲਾਂ ਕੱਢ ਰਿਹਾ ਸੀ, " ਸਾਲੇ ਭੁੱਖੇ ਮਰਦੇ ਨੇ। ਅਸੀਂ ਕੋਈ  ਭੁੱਖੇ ਮਰਦੇ ਆਂ। ਆਪਣੇ ਪੱਲਿਓਂ ਖਾਨੇ-ਪੀਨੇ ਆਂ। ਏਹ ਵੀਹ-ਵੀਹ ਹਜ਼ਾਰ ਮਹੀਨਾ ਕਮਾਉਣ ਵਾਲੇ ਨੰਗ ਭੁੱਖ ਨਾਲ ਘੁਲਦੇ ਨੇ..... ਤੂੰ ਏਦਾਂ ਕਰ, ਇੱਕ ਲੇਖ ਲਿਖ ਛੱਡ...... ਕੁੱਤਾ-ਬਨਾਮ- ਬੁੱਧੀਜੀਵੀ-ਲੇਖਕ।"

ਸਰਸੇ ਦੀ ਇੱਕ ਬੀਬੀ ਕਹਾਣੀਆਂ ਲਿਖਦੀ ਹੋਣ ਕਰਕੇ ਉਹਦੀ 'ਚੇਲੀ' ਬਣ ਗਈ ਤੇ ਇੱਕ ਪਟਿਆਲੇ ਦੀ ਬੀਬੀ ਨੇ ਗ਼ਜ਼ਲਾਂ ਲਿਖਦੀ ਹੋਣ ਕਰਕੇ ਉਹਨੂੰ ਆਪਣਾ ਗੁਰੂ ਧਾਰਨ ਕਰ ਲਿਆ। ਲੇਖਕ-ਸਦਨ ਵਿੱਚ ਬੀਬੀਆਂ-ਚੇਲੀਆਂ ਆਉਂਦੀਆਂ। ਮੈਂ ਚਾਹ-ਪਾਣੀ ਲਿਆਉਂਦਾ ਤੇ ਸਹਿਰਾਈ ਆਖਦਾ, " ਸੁਣਾਓ ਬਈ, ਕੀ ਕੁਝ ਲਿਖਿਆ ਏ ਤੁਸਾਂ?" ਚੇਲੀਆਂ ਆਪੋ-ਆਪਣੀਆਂ ਰਚਨਾਵਾਂ ਸੁਣਾਉਂਦੀਆਂ, ਗੁਰੂ-ਸਹਿਰਾਈ ਗਾਹਲਾਂ ਦੇਂਦਾ—"ਏਹ ਕੀ ਜੇ? ਖੇਹ ਸੁਆਹ..... ਮਾਂਈ ਯਾ ਜੇ ਨੀ ਲਿਖਣਾ ਆਉਂਦਾ ਤੇ ਨਾ ਲਿਖੋ, ਵਖਤ ਨੂੰ ਫੜ੍ਹੀਆਂ ਜੇ? ਅਹਿ ਠੀਕ ਏ, ਅਹਿ ਗਲਤ ਏ, ਅਹਿ ਕੱਟ ਕੇ, ਅਹਿ ਲਿਖੋ ਏਥੇ, ਅਹਿ ਵਧੀਆ ਏ।" ਉਹ ਚੇਲੀਆਂ ਦੀਆਂ ਰਚਨਾਵਾਂ ਸੋਧਦਾ। ਉਨ੍ਹਾਂ ਦੇ ਨਿੱਕੇ-ਨਿੱਕੇ ਜੁਆਕ ਖੱਪਖਾਨਾ ਕਰਦੇ ਤਾਂ ਉਹ ਖਿਝਦਾ, "ਮਾਂਈ ਯਾ........ ਇਹਨਾਂ ਕਤੂਰਿਆਂ ਨੂੰ ਨਾਲ ਕਾਹਦੇ ਲਈ

ਲਿਆਂਦਾ ਈ? ਘਰੇ ਈ ਦੁੱਧ ਚੁੰਘਾ ਕੇ ਛੱਡ ਆਉਂਦੀਆਂ........।"

ਆਮ ਦੇਖਣ ਵਾਲੇ ਨੂੰ ਸਹਿਰਾਈ ਪੇਂਡੂ-ਹਟਵਾਣੀਆਂ ਜਿਹਾ ਲਗਦਾ ਸੀ। ਲੱਤਾਂ ਉਸਦੀਆਂ ਚੋੜੀਆਂ ਹੋ ਗਈਆਂ ਸਨ, ਹਿਚਕੋਲੇ ਮਾਰ-ਮਾਰ ਤੁਰਦਾ, ਆਪਣੀ ਹੀ ਮਸਤੀ ਵਿੱਚ ਤੁਰਿਆ ਜਾਂਦਾ ਉਹ ਇਉਂ ਪ੍ਰਤੀਤ ਹੁੰਦਾ ਜਿਵੇਂ ਘੁਮਿਆਰਾਂ ਦੇ ਵਿਹੜੇ 'ਚੋਂ ਉਧਾਰ ਸੌਦੇ ਦੇ ਪੈਸੇ ਉਗਰਾਹੁਣ ਚੱਲਿਆ ਹੋਵੇ। ਉਹ ਸੱਚੀਓਂ ਹੀ ਮਸਤ ਸੀ, ਮਲੰਗ ਜਿਹਾ ਬਾਬਾ ਸੀ। ਤੁਰਦਾ ਫਿਰਦਾ, ਸਾਧਾਂ, ਸੰਤਾਂ ਤੇ ਨਿਹੰਗਾਂ ਦੇ ਡੇਰੇ ਗਾਹੁੰਦਾ ਨਾ ਥੱਕਦਾ। ਉਹ ਉਨ੍ਹਾਂ ਨੂੰ ਜਾ-ਜਾ ਪੁਛਦਾ—"ਓ ਤੁਸੀਂ ਮੇਰਾ ਨਾਂ ਸੁਣਿਆ ਜੇ? ਕੋਈ ਕਿਤਾਬ-ਕਤੂਬ ਪੜ੍ਹੀ ਜੇ? ਮੈਂ ਹਰਨਾਮ ਦਾਸ ਸਹਿਰਾਈ ਆਂ।" ਸਿਗਰਟ ਉਹਦੀ ਕਦੇ ਨਾ ਬੁਝਦੀ। ਨੱਕ ਉਹਦਾ ਬੰਦ ਹੀ ਰਹਿੰਦਾ ਤੇ 'ਸਾਂ-ਸਾਂ' ਸਾਹ ਲੈਂਦੇ ਦੀ ਆਵਾਜ਼ ਉੱਚੀ ਸੁਣਦੀ। ਉਹਦੇ ਸਿਰ ਦੇ ਵਾਲ ਵਾਹੁੰਣ ਜੋਗੇ ਨਹੀਂ ਸਨ ਰਹੇ। ਐਨਕਾਂ ਵੀ ਉਹਦੇ ਵਾਂਗ ਬੋਡੀਆਂ ਹੀ ਹੋ ਚੁੱਕੀਆਂ ਸਨ। ਉਹ ਆਪਣੇ ਅਟੈਚੀ ਵਿੱਚ ਇੱਕ ਕੁੜਤਾ-ਪਜਾਮਾ ਰਖਦਾ, ਤੌਲੀਆ, ਨਵੀਂ ਕਿਤਾਬ ਦਾ ਟਾਈਪ ਹੋਇਆ ਖਰੜਾ ਤੇ ਇੱਕ-ਅੱਧ ਕਾਪੀ ਪਹਿਲੀ ਛਪੀ ਕਿਸੇ ਕਿਤਾਬ ਦੀ ਹੁੰਦੀ। ਕਮਰੇ ਵਿੱਚ ਆਏ-ਗਏ ਹਰੇਕ ਨੂੰ ਉਹ ਖਰੜਾ ਵਿਖਾਉਂਦਾ, "ਅਹਿ ਦੇਖ, ਸਾਢੇ ਤਿੰਨ ਸੌ ਸਫੇ ਨੇ। ਮਾਂਈ ਯਾ....... ਲਿਖਦਾ-ਲਿਖਦਾ ਮਰ ਗਿਆ ਮੈਂ। ਕਲਾਸਿਕ ਚੀਜ਼ ਏ ਇਹ। ਕਿਸੇ ਨ੍ਹੀ ਲਿਖੀ ਪਹਿਲੋਂ.........।"

ਮੈਂ ਉਸ ਨਾਲ ਬੜੇ ਥਾਂਈ ਗਿਆ। ਉਹ ਰਿਕਸ਼ੇ ਉੱਤੇ ਚੜ੍ਹਦਾ, ਭੱਈਆਂ ਨਾਲ ਗੱਲਾਂ ਮਾਰਨ ਲਗਦਾ। ਇੱਕ ਵਾਰ ਉਹ ਰਿਕਸ਼ੇ ਤੋਂ ਮੂੰਹ-ਪਰਨੇ ਹੇਠਾਂ ਡਿੱਗ ਪਿਆ। ਪੀਤੀ ਵੀ ਜ਼ਿਆਦਾ ਸੀ। ਭਾਸ਼ਾ ਭਵਨ ਦੇ ਮੁੱਖ-ਗੇਟ ਅੱਗੇ ਥਾਂ ਕਾਫੀ ਨੀਵਾਂ ਹੈ, ਭੱਈਏ ਤੋਂ ਰਿਕਸ਼ੇ ਦੇ ਬਰੇਕ ਤੇਜ਼ੀ ਨਾਲ ਵੱਜ ਗਏ ਸਨ ਤੇ ਉਹ ਡਿੱਗ ਪਿਆ ਸੀ। ਲਾਗੇ ਬੈਠੇ ਟੈਕਸੀ ਡਰੇਵਰ ਭੱਈਏ ਨੂੰ ਘੂਰਨ ਲੱਗੇ। ਸਹਿਰਾਈ ਨੂੰ ਮਸੀਂ ਹੀ ਕਮਰੇ ਵਿੱਚ ਪਹੁੰਚਾਇਆ ਗਿਆ। ਫਿਰ ਰਿਕਸ਼ੇ ਉੱਤੇ ਚੜ੍ਹਨ ਤੋਂ ਪਹਿਲੋਂ ਉਹ ਹਰੇਕ ਰਿਕਸ਼ੇ ਵਾਲੇ ਨੂੰ ਪੁੱਛਣ ਲੱਗ ਪਿਆ,"ਡੇਗੇਂਗਾ ਤੇ ਨਹੀਂ ? ਮਾਂਈ ਯਾ........ ਅੰਨੇ ਭਈਏ, ਮਾਰਤਾ ਸੂ ਬੁੱਢੜਾ।"

ਆਪਣੇ ਅੰਤਲੇ ਵੇਲੇ ਵੀ ਉਹ ਪਟਿਆਲੇ ਆਉਣ ਨੂੰ ਤਾਂਘਦਾ ਰਿਹਾ। ਭਾਸ਼ਾ ਭਵਨ ਦੇ ਗੇਟ ਅੱਗੇ ਭੂਜੀਏ ਤੇ ਛੋਲਿਆਂ ਦੀ ਰੇਹੜੀ ਲਾਉਣ ਵਾਲਾ ਮੈਨੂੰ ਲੰਘਦੇ-ਟੱਪਦੇ ਅਕਸਰ ਹੀ ਪੁਛਦਾ, " ਵੋ ਬਾਬਾ ਕਬ ਆਏਂਗੇ...... ਗੰਜੇ ਬਾਬਾ...... ਗਾਲੀ ਦੇਣੇ ਵਾਲੇ ਬਾਬਾ। ਮੁਝੇ ਉਸਕੀ ਗਾਲੀ ਬਾਹੁਤ ਆਛੀ ਲਗਤੀ ਹੈ।" ਸਹਿਰਾਈ ਪੈੱਗ ਲਾਉਣ ਲਈ ਉਸ ਕੋਲੋਂ ਭੂਜੀਆ ਖਰੀਦਦਾ, ਉਸ ਨੂੰ ਭੂਜੀਏ ਦੇ ਪੈਸੇ ਭਾਵੇਂ ਦੇਂਦਾ, ਨਾ ਦੇਂਦਾ, ਪਰ ਗਾਲ੍ਹਾਂ ਦੇਣ ਪੱਖੋਂ ਕੋਈ ਕਸਰ ਨਹੀਂ ਸੀ "ਓ ਮਾਂਈ ਯਾ, ਸਲ੍ਹਾਭਿਆ ਭੂਜਿਆ ਨਾ ਦੇ ਦੇਈਂ......।"

ਭਾਸ਼ਾ ਭਵਨ ਦਾ ਚੌਕੀਦਾਰ ਸੁਰਜੀਤ ਸਿੰਘ, ਸਿੰਘ ਸਜਿਆ ਹੋਇਆ ਸੀ ਤੇ ਸਹਿਰਾਈ ਨਾਲ ਉਹਦੀ ਪੱਕੀ ਆੜੀ ਸੀ। ਸਹਿਰਾਈ ਦਾਰੂ ਪੀਂਦਾ ਤਾਂ ਉਹ ਰੋਕਦਾ, "ਹਟਿਆ ਨਹੀਂ ਜਾਂਦਾ। ਚੰਗੀ ਚੀਜ਼ ਐ ਏਹੇ? " ਸਹਿਰਾਈ ਉਸ ਨੂੰ 'ਢਾਂਡਰ' ਆਖ ਕੇ ਛੇੜਦਾ ਤਾਂ ਅੱਗੋਂ ਸੁਰਜੀਤ ਸਿੰਘ ਉਸਨੂੰ 'ਕੋਚਰ' ਆਖ ਛਡਦਾ। ਮੈਂ ਸੁਰਜੀਤ ਸਿੰਘ ਨੂੰ ਕਈ ਵਾਰੀ ਪੁੱਛਿਆ ਸੀ, "ਕੋਚਰ ਕੀ ਹੁੰਦੈ? " ਪਤਾ ਸੁਰਜੀਤ ਸਿੰਘ ਨੂੰ ਵੀ ਨਹੀਂ ਸੀ। ਉਹ ਆਖ ਦਿੰਦਾ, "ਸਹਿਰਾਈ ਨੂੰ ਈ ਪੁੱਛ ਲੈ।"

ਭਾਸ਼ਾ ਵਿਭਾਗੀਆਂ ਨੂੰ ਸਹਿਰਾਈ ਇਉਂ ਲਗਦਾ ਸੀ ਜਿਵੇਂ ਇਥੋਂ ਹੀ ਸੇਵਾ ਮੁਕਤ ਹੋਇਆ ਹੋਵੇ ਤੇ ਹੁਣ ਆਪਣੇ ਬੇਲੀਆਂ-ਮਿੱਤਰਾਂ ਨੂੰ ਮਿਲਣ-ਗਿਲਣ ਤੇ ਹਾਸੇ-ਠੱਠੇ ਕਰਨ ਲਈ ਆਉਂਦਾ ਹੋਵੇ।

ਜਦ ਭਾਸ਼ਾ ਵਿਭਾਗ ਵਿਚੋਂ ਮੇਰੀ ਛੁੱਟੀ ਹੋ ਗਈ ਤਾਂ ਸਹਿਰਾਈ ਨਾਲ ਮੇਲ-ਜੋਲ ਘਟ ਹੋ ਗਿਆ। ਜਲੰਧਰ ਜਾਂਦਾ ਮੈਂ ਉਹਦੇ ਘਰ ਲਾਜ਼ਮੀ ਹੋ ਕੇ ਆਉਂਦਾ। ਉਹ ਆਪਣੀ ਨੂੰਹ, ਪੁੱਤ ਤੇ ਪੋਤੇ ਦੀਆਂ ਸਿਫਤਾਂ ਕਰਦਾ, "ਏਹ ਮੇਰੀ ਬੜੀ ਸੇਵਾ ਕਰਦੇ ਨੇ, ਪਰ ਏਹ ਮੇਰੀਆਂ ਕਿਤਾਬਾਂ ਨਈਂ ਪੜ੍ਹਦੇ..... ਏਹ ਇਨ੍ਹਾਂ ਦੇ ਵੱਸ ਦੀ ਗੱਲ ਨਈਂ। ਕਿਤਾਬਾਂ ਨੇ ਰੁਲ ਜਾਣਾ ਏਂ ਮੇਰੇ ਪਿੱਛੋਂ। ਕਿਸੇ ਨਈਂ ਪੁੱਛਣਾ। ਦੇਖ ਕਿੰਨੀਆਂ ਕਿਤਾਬਾਂ ਨੇ ਮੇਰੇ ਕੋਲ.....।"

ਸਹਿਰਾਈ ਦੀਆਂ ਜੋੜੀਆਂ ਕਿਤਾਬਾਂ ਤੇ ਖਰੜੇ ਦੇਖ-ਦੇਖ ਹੈਰਾਨੀ ਹੁੰਦੀ ਸੀ, ਪਤਾ ਨਹੀਂ ਕਿਥੋਂ-ਕਿਥੋਂ ਤੇ ਕਿਹਦੇ ਕੋਲੋਂ, ਕਿਵੇਂ ਲੈ ਆਇਆ ਸੀ।

ਮੈਂ ਰੇਡੀਉ ਦੇ ਸਟੂਡੀਉ ਵਿਚੋਂ ਆਪਣਾ ਤਬਸਰਾ ਖਤਮ ਕਰਕੇ ਬਾਹਰ ਆ ਰਿਹਾ ਸਾਂ। ਬਟਾਲਵੀ ਜੀ ਨੇ ਆਖਿਆ, "ਸਹਿਰਾਈ ਬਾਬਾ ਟੁਰ ਗਿਐ। ਸੰਸਕਾਰ 'ਤੇ ਚੱਲਣੈਂ ਚੱਲ ਚੱਲੀਏ।"

ਸੂਰਜ ਬੱਦਲਾਂ ਵਿੱਚ ਗੋਡੀ ਮਾਰ ਗਿਆ ਸੀ। ਉਹਦੇ ਉੱਤੇ ਚਿੱਟੀ ਚਾਦਰ ਤਾਣੀਂ ਹੋਈ ਸੀ। ਮੈਂ ਆਪਣੇ ਹੰਝੂ ਨਾ ਰੋਕ ਸਕਿਆ, ਕਦੀ ਉਸ ਵੱਲ ਦੇਖ ਰਿਹਾ ਸਾਂ, ਕਦੀ ਉਹਦੀਆਂ ਕਿਤਾਬਾਂ ਵੱਲ।

ਅਰਥੀ ਟੁਰੀ ਜਾ ਰਹੀ ਸੀ। ਟਾਂਵੇਂ-ਟਾਂਵੇਂ ਬੰਦੇ ਬੋਲਦੇ ਸੁਣਦੇ ਸਨ, "ਰਾਮ ਨਾਮ ਸੱਤ ਹੈ..... ਰਾਮ ਬਿਨਾਂ ਨਾ ਗਤ ਹੈ।" ਤੁਰੇ-ਤੁਰੇ ਜਾਂਦਿਆਂ ਮੈਨੂੰ ਉਹਦੀਆਂ ਫੱਕੜ ਜਿਹੀਆਂ ਗਾਲ੍ਹਾਂ ਤੇ ਗੱਲਾਂ ਚੇਤੇ ਆ ਰਹੀਆਂ ਸਨ। ਜਿਵੇਂ ਉਹ ਸਿਗਰਟ ਸੁਲਗਾਈ ਭਾਸ਼ਾ ਭਵਨ ਦੇ ਵਿਹੜੇ ਵਿੱਚ ਹੀ ਤੁਰਿਆ ਫਿਰਦਾ ਹੋਵੇ।

*(ਛਪ ਰਹੀ ਪੁਸਤਕ 'ਸੱਤ ਸੂਰਜ' ਵਿਚੋਂ)*

*ਪਿੰਡ ਘੁਗਿਆਣਾ (ਫਰੀਦਕੋਟ)*
*ਫੋਨ ਨੰ. ੦੧੬੩੯-੨੮੦੨੨*

# ਹਰਜਾਈ ਤੋਂ ਬੰਕਾਕ ਯਾਤਰਾ

—ਪਿਆਰਾ ਸਿੰਘ ਦਾਤਾ

ਬਹੁਤ ਸਾਰੀਆਂ ਸੀਟਾਂ ਮੱਲੀਆਂ ਜਾ ਚੁੱਕੀਆਂ ਸਨ। ਅੱਜ ਦੀਆਂ ਸਵਾਰੀਆਂ ਵਿਚ ਬਹੁਤੀਆਂ ਚੀਨੀ ਜਾਂ ਥਾਈ ਕੁੜੀਆਂ ਸਨ। ਥਾਈ ਕੁੜੀਆਂ ਬੜੀ ਹੈਰਾਨੀ ਅਰ ਮੁਸਕਰਾਹਟ ਨਾਲ ਮੈਨੂੰ ਵੇਖ ਕੇ ਆਪੋ ਵਿਚ ਗੱਲਾਂ ਕਰ ਰਹੀਆਂ ਸਨ, ਜਿਸ ਦੀ ਮੈਨੂੰ ਕੱਖ ਸਮਝ ਨਹੀਂ ਸੀ ਆ ਰਹੀ। ਗੱਡੀ ਚਲਣ ਵਿਚ ਕੇਵਲ ਦਸ ਮਿੰਟ ਬਾਕੀ ਸਨ। ਮੈਨੂੰ ਦੋ ਚਿੰਤਾਵਾਂ ਪ੍ਰੇਸ਼ਾਨ ਕਰੀ ਜਾ ਰਹੀਆਂ ਸਨ। ਇਕ ਇਹ ਕਿ ਹੁਣੇ ਕਿਸੇ ਸਵਾਰੀ ਨੇ ਸੀਟ ਤੋਂ ਉਠਾ ਦੇਣਾ ਹੈ, ਤੇ ਦੂਜੇ ਮੈਂ ਰਾਹ ਦੇ ਚੌਵੀ ਘੰਟੇ ਕਿਵੇਂ ਬਿਤਾਵਾਂਗਾ? ਇਨ੍ਹਾਂ ਲੋਕਾਂ ਦੀ ਜ਼ਬਾਨ ਮੈਂ ਨਹੀਂ ਜਾਣਦਾ। ਇਕ ਡੰਗ ਦੀ ਰੋਟੀ ਮੇਰੇ ਪਾਸ ਹੈ, ਇਸ ਮਗਰੋਂ ਕਿਵੇਂ ਬੀਤੇਗੀ। ਪਾਣੀ ਦਾ ਥਾਈ ਨਾਂ ਹੀ ਸਵਾਮੀ ਜੀ ਤੋਂ ਪੁਛ ਲੈਂਦਾ। ਪਿਸ਼ਾਬਖਾਨਾ ਅਰ ਟੱਟੀ ਹੀ ਮੈਨੂੰ ਨਹੀਂ ਲੱਭਣੇ। ਜੇ ਆਪਣੀ ਸੀਟ ਛੱਡ ਕੇ ਕਿਧਰੇ ਗਿਆ ਤਾਂ ਮੁੜ ਕੇ ਨਾ ਸੀਟ ਮਿਲਣੀ ਹੈ, ਨਾ ਸਾਮਾਨ, ਉਦੋਂ ਮੈਂ ਆਪਣੇ ਆਪ ਨੂੰ ਕਿਸ ਭਣੇਵੀ ਦਾ ਮਾਸੜ ਆਖਾਂਗਾ? ਉਸ ਸਮੇਂ ਮੈਨੂੰ ਆਪਣੇ ਪਿੰਡ ਦੀ ਇਕ ਬਹੁਤ ਪੁਰਾਣੀ ਕਥਾ ਯਾਦ ਆ ਗਈ। ਇਕੇਰਾਂ ਸਾਡਾ ਗਵਾਂਢੀ ਤੇਜਾ ਸਿੰਘ ਹਰਦੁਆਰ ਗਿਆ। ਉਥੇ ਉਹ ਗੰਗਾ ਇਸ਼ਨਾਨ ਦੀਆਂ ਤਿਆਰੀਆਂ ਵਿਚ ਹੀ ਸੀ, ਕਿ ਇਕ ਬੜੀ ਸੁੰਦਰ ਯੁਵਤੀ ਸਾਹਮਣਿਉਂ ਆ ਕੇ ਤੇਜੇ ਦੇ ਪੈਰੀਂ ਪੈ ਗਈ, "ਮਾਸੜ ਜੀ, ਮਾਸੜ ਜੀ! ਤੁਸੀਂ ਪਛਾਣਿਆ ਨਹੀਂ, ਮੈਂ ਬੀਬੀ ਵੰਤੀ ਦੀ ਧੀ ਹਾਂ, ਕੰਤੋ। ਤੁਸੀਂ ਘਰ ਚਲੋ ਤੇ ਇਸ਼ਨਾਨ ਕਰ ਲਉ, ਉਥੇ ਪ੍ਰਸ਼ਾਦ ਪਾਣੀ ਤਿਆਰ ਹੈ। ਤੁਸੀਂ ਜਿੰਨੇ ਦਿਨ ਵੀ ਹਰਦੁਆਰ ਰਹਿਣੈ, ਆਪਣੇ ਘਰ ਹੀ ਬਿਸਰਾਮ ਕਰਨੈ? ਤੁਹਾਨੂੰ ਮੇਰੀ ਮਾਂ ਵੰਤੋ ਬੜਾ ਯਾਦ ਕਰਦੀ ਹੈ।"

ਤੇਜਾ ਹੈਰਾਨ ਪ੍ਰੇਸ਼ਾਨ, ਪਰ ਕੰਤੋ ਵਲ ਵੇਖ ਉਸ ਸੋਚਿਆ— ਸੁਣਿਆ ਸੀ ਮੇਰੀ ਇਕ ਸਾਲੀ ਬਚਪਨ ਵਿਚ ਹੀ ਤੀਰਥੀਂ ਚਲੀ ਗਈ ਸੀ। ਸ਼ਾਇਦ ਸੁਨੱਖੀ ਕੁੜੀ ਉਸੇ ਦੀ ਧੀ ਹੋਵੇ। ਤੇਜੇ ਨੇ ਇਸ਼ਨਾਨ ਕਰਨ ਲਈ ਕਪੜੇ ਉਤਾਰੇ, ਆਪਣੀ ਰੁਪਿਆਂ ਵਾਲੀ ਵਾਸਣੀ ਕੱਪੜਿਆਂ ਹੇਠ ਲੁਕੋ ਰੱਖੀ ਤੇ ਕੱਪੜੇ ਆਪਣੀ ਭਣੇਵੀਂ ਸਪੁਰਦ ਕਰ, ਗੰਗਾ ਮਈਆ ਨੂੰ ਪ੍ਰਣਾਮ ਕਰ, ਉਸ ਵਿਚ ਛਲਾਂਗ ਮਾਰ ਦਿੱਤੀ। ਕੁਝ ਪਲ ਉਹ ਆਪਣੀ ਸਾਲੀ ਦੇ ਘਰ ਪਰਿਵਾਰ ਵਿਚ ਰਲਮਿਲ ਬੈਠਣ ਤੇ ਪ੍ਰਸ਼ਾਦ ਛਕਣ ਅਰ ਰਿਹਾਇਸ਼ ਆਦਿ ਦੇ ਸੁੰਦਰ ਸੁਪਨੇ ਲੈਂਦਾ ਰਿਹਾ। ਨਹਾ ਧੋ ਕੇ ਬਾਹਰ ਨਿਕਲਿਆ, ਤਾਂ ਭਣੇਵੀਂ ਕੰਤੋ ਬਸਤਰਾਂ ਸਮੇਤ ਗਾਇਬ ਸੀ। ਉਸਨੇ ਸ਼ੋਰ ਮਚਾਇਆ। ਲੋਕੀ ਕਠੇ ਹੋ ਗਏ। ਤੇਜਾ, ਨੰਗ-ਮਨੰਗ ਉੱਚਾ ਉੱਚਾ ਕੂਕੀ ਜਾਵੇ, "ਓ ਲੋਕੋ, ਮੈਂ ਲੁਟਿਆ ਗਿਆ। ਉਏ ਮੈਨੂੰ ਦਸੋ, ਮੈਂ ਕਿਸ ਦਾ ਮਾਸੜ ਹਾਂ। ਕੋਈ ਚਾਰਾਜੋਈ ਕਰੋ, ਮੈਂ ਜਿਸ ਕੰਤੋ ਦਾ ਮਾਸੜ ਹਾਂ, ਉਸ ਨੂੰ ਮਿਲਾ ਦਿਉ। ਉਸ ਪਾਸ ਮੇਰੇ ਕਪੜੇ ਤੇ ਵਾਸਣੀ ਸੀ।"

ਤੇ ਮੈਂ ਸੋਚ ਰਿਹਾ ਸਾਂ, ਆਪਣੀ ਸੀਟ ਛਡ ਕੇ ਜਾਣ ਮਗਰੋਂ ਜੇ ਕੋਈ ਕੰਤੋ ਮੇਰਾ ਸਾਮਾਨ, ਮੇਰਾ ਪਾਸਪੋਰਟ ਤੇ ਨਗਦ ਨਰਾਇਣ, ਆਦਿ ਸਭ ਕੁਝ ਹੀ ਗ਼ਾਇਬ ਕਰ ਗਈ, ਤਾਂ ਮੈਂ ਕਿਸ ਨੂੰ ਕਹਾਂਗਾ, ਕਿ ਮੈਂ ਤੇਰਾ ਮਾਸੜ ਹਾਂ?

ਜਦੋਂ ਮੈਂ ਹਰਜਾਈ ਤੋਂ ਤੁਰਿਆ, ਤਾਂ ਸ੍ਰੀ ਨਿਹਾਲ ਚੰਦ ਜੀ ਬਾਰ ਬਾਰ ਮੈਨੂੰ ਪੱਕਿਆਂ ਕਰ ਰਹੇ ਸਨ, "ਰਾਹ ਵਿਚ ਸੌਣਾ ਨਹੀਂ, ਸਮਾਨ ਛਡ ਕਿਧਰੇ ਜਾਣਾ ਨਹੀਂ। ਇਸ ਦੇਸ਼ ਵਿਚ ਉਚੱਕੇ ਬਹੁਤ ਹਨ। ਤੁਹਾਡੀ ਅੱਖ ਉਕੀ ਨਹੀਂ ਤੇ ਸਾਮਾਨ ਗ਼ਾਇਬ ਹੋਇਆ ਨਹੀਂ।"

ਮੈਂ ਇਨ੍ਹਾਂ ਹੀ ਸੋਚਾਂ ਵਿਚ ਗਲਤਾਨ ਸਾਂ ਕਿ ਮੇਰੇ ਸਾਹਮਣੇ ਵਾਲੀ ਸੀਟ ਤੇ ਇਕ ਬੜੀ ਸੁੰਦਰ ਥਾਈ ਕੁੜੀ ਆ ਕੇ ਬੈਠ ਗਈ। ਮੈਂ ਉਸ ਤੋਂ ਪੁਛਣਾ ਚਾਹੁੰਦਾ ਸਾਂ ਕਿ ਕੀ ਉਹ ਅੰਗ੍ਰਜ਼ੀ ਜਾਣਦੀ ਹੈ, ਪਰ ਸੋਚਿਆ ਮਤਾਂ ਉਹ ਬੁਰਾ ਮਨਾਏ। ਅੰਤ ਝਿਜਕਦਿਆਂ ਪੁਛ ਹੀ ਲਿਆ। ਉਹ "ਯੈਸ, ਮਿ: ਸਿੰਘ" ਕਹਿ ਕੇ ਮੁਸਕਰਾਈ। ਮੈਂ ਸੋਚਾਂ ਇਹ ਸਿਰਫ਼ 'ਯੈਸ' 'ਨੋ' ਹੀ ਨਾ ਜਾਣਦੀ ਹੋਵੇ। ਮੇਰੇ ਇਹ ਪੁਛਣ ਤੇ ਕਿ ਉਹ ਕਿਥੋਂ ਆਈ ਹੈ, ਅਤੇ ਕਿਥੇ ਜਾਵੇਗੀ। ਉਸ ਦਸਿਆ ਕਿ ਉਹ ਬੰਕੋਕ ਆਪਣੇ ਕਾਲਜ ਜਾ ਰਹੀ ਹੈ।

ਉਹ ਹਰਜਾਈ ਸ਼ਹਿਰ ਤੋਂ ਦਸ ਕੁ ਮੀਲ ਦੀ ਦੂਰੀ ਤੇ ਇਕ ਛੋਟੇ ਜਹੇ ਕਸਬੇ ਵਿਚ ਰਹਿੰਦੀ ਹੈ ਤੇ ਹੁਣ ਬੰਕੋਕ ਜਾ ਰਹੀ ਹੈ। ਇਹ ਸੁਣ ਕੇ ਕੁਝ ਤਸੱਲੀ ਹੋਈ ਕਿ ਰਾਹ ਦੀਆਂ ਮੁਸ਼ਕਲਾਂ ਦੀ ਹੁਣ ਇੰਨੀ ਪ੍ਰੇਸ਼ਾਨੀ ਨਹੀਂ ਰਹੇਗੀ। ਉਹ ਬੰਕੋਕ ਦੇ ਕਿਸੇ ਮੈਡੀਕਲ ਕਾਲਜ ਦੀ ਵਿਦਿਆਰਥਣ ਸੀ। ਨੀਨਾ ਉਸ ਦਾ ਨਾਂ ਸੀ। ਉਸ ਮੈਨੂੰ ਯਕੀਨ ਦੁਆਇਆ ਕਿ ਭਾਰਤੀ ਨੂੰ ਕਿਸੇ ਕਿਸਮ ਦੀ ਫ਼ਿਕਰ ਕਰਨ ਦੀ ਲੋੜ ਨਹੀਂ, ਉਹ ਇਸ ਸਫ਼ਰ ਵਿਚ ਉਸ ਦੀ ਮਿੱਤਰ ਅਤੇ ਸਹਾਇਕ ਰਹੇਗੀ।

ਮੇਰੇ ਪਾਸ ਹੀ ਇਕ ਥਾਈ ਕੁੜੀ ਤੇ ਉਸ ਦਾ ਨੌਜਵਾਨ ਸਾਥੀ ਕਾਫ਼ੀ ਦੇਰ ਤੋਂ ਖੜੋਤੇ ਹੋਏ ਸਨ। ਮੇਰੇ ਅਤੇ ਵਿਦਿਆਰਥੀ ਕੁੜੀ ਦੇ ਨਾਲ ਦੀ ਇਕ ਸੀਟ ਖਾਲੀ ਹੈ। ਉਹ ਦੋਵੇਂ, ਸੀਟਾਂ ਤੇ ਇਸ ਲਈ ਨਹੀਂ ਬੈਠਦੇ, ਕਿ ਇਨ੍ਹਾਂ ਰਾਖਵੀਆਂ ਸੀਟਾਂ ਤੋਂ ਕਿਸੇ ਨੇ ਹੁਣੇ ਉਨ੍ਹਾਂ ਨੂੰ ਉਠਾ ਦੇਣਾ ਹੈ। ਮੈਂ ਉਨ੍ਹਾਂ ਨੂੰ ਬੈਠ ਜਾਣ ਦਾ ਇਸ਼ਾਰਾ ਕੀਤਾ। ਉਹ ਦੋਵੇਂ ਬੈਠ ਗਏ ਤੇ ਗੱਡੀ ਤੁਰ ਪਈ।

ਮੈਂ ਤੇ ਨੀਨਾ ਆਪੋ ਵਿਚ ਗੱਲਾਂ ਕਰ ਰਹੇ ਸੀ। ਨੀਨਾ

ਦਾ ਨਾਨਾ ਯੂ.ਪੀ. 'ਚੋਂ ੧੮੫੭ ਦੇ ਗ਼ਦਰ ਸਮੇਂ ਥਾਈਲੈਂਡ ਚਲਾ ਗਿਆ ਸੀ। ਉਸ ਨੇ ਉਥੇ ਹੀ ਸ਼ਾਦੀ ਕਰ ਲਈ ਸੀ। ਨੀਨਾ ਦਾ ਪਿਤਾ ਚੀਨਾ ਹੈ ਤੇ ਮਾਂ ਭਾਰਤੀ, ਸੋ ਉਸ ਦੀਆਂ ਰਗਾਂ ਵਿਚ ਕੌਮਾਂਤਰੀ ਖ਼ੂਨ ਮੌਜੂਦ ਹੈ। ਉਹ ਬੜੀ ਪਿਆਰੀ, ਨਿਰਛਲ, ਨਿਰਕਪਟ ਥੋਧੀ ਯੁਵਤੀ ਸੀ। ਭਾਰਤ ਨਾਲ ਉਸ ਨੂੰ ਅਥਾਹ ਪਿਆਰ ਸੀ। ਸਿਖਾਂ ਦਾ ਖਾਸਕਰ ਉਹ ਬੜਾ ਸਤਿਕਾਰ ਕਰਦੀ ਹੈ। ਗੱਲਾਂ ਗੱਲਾਂ ਵਿਚ ਉਸ ਦਸਿਆ, "ਮੇਰਾ ਪਿਤਾ ਇਕ ਤਕੜਾ ਧਨੀ ਚੀਨਾ ਹੈ। ਉਸ ਦਾ ਬੜਾ ਵਡਾ ਬੂਟ ਬਣਾਣ ਦਾ ਕਾਰਖਾਨਾ ਹੈ। ਕਾਰਖਾਨੇ ਦਾ ਨਿਗਾਹਬਾਨ ਇਕ ਭਾਰਤੀ ਸਿਖ ਹੈ।"

"ਅੱਜ ਤੋਂ ਦਸ ਸਾਲ ਪਹਿਲਾਂ ਦੀ ਗੱਲ ਹੈ। ਸਾਡੇ ਘਰ ਡਾਕਾ ਪਿਆ। ਡਾਕੂ ਮਲੇਸ਼ੀਆ-ਥਾਈ ਸਰਹਦ ਤੇ ਰਹਿਣ ਵਾਲੇ, ਮਲੇਅ ਸਨ। ਉਨ੍ਹਾਂ ਸਾਡਾ ਘਰ ਲੁਟਣ ਮਗਰੋਂ ਮੇਰੀ ਬੜੀ ਸੁੰਦਰ ਭੈਣ ਮੀਨਾ ਵੀ ਅਗਵਾ ਕਰ ਲਈ। ਘਰ ਵਾਲਿਆਂ ਸਾਰਿਆਂ ਨੂੰ ਉਨ੍ਹਾਂ ਪਹਿਲਾਂ ਹੀ ਇਕ ਕਮਰੇ ਵਿਚ ਬੰਦ ਕਰ ਕੇ ਬਾਹਰੋਂ ਕੁੰਡਾ ਲਗਾ ਦਿੱਤਾ ਸੀ।" ਨੀਨਾ ਦੇ ਮੂੰਹੋਂ ਆਪ-ਮੁਹਾਰੇ ਹੌਕਾ ਨਿਕਲ ਗਿਆ।

"ਜਦ ਡਾਕੂ ਸਭ ਕੁਝ ਲੁਟ ਕੇ ਭੱਜ ਗਏ, ਤਾਂ ਸਾਡੇ ਸਿੰਘ 'ਜਾਗੋ' ਨੂੰ ਪਤਾ ਲਗਾ। ਉਹ ਡਾਕੂਆਂ ਪਿਛੇ ਦੌੜਿਆ। ਡਾਕੂਆਂ ਨੇ ਗੋਲੀ ਚਲਾ ਦਿੱਤੀ, ਜੋ ਉਸ ਦੀ ਟੰਗ ਵਿਚ ਲਗੀ, ਪਰ ਉਸ ਕੱਖ ਪ੍ਰਵਾਹ ਨਾ ਕੀਤੀ ਤੇ ਉਸ ਨੇ ਭਜ ਕੇ ਉਸ ਡਾਕੂ ਨੂੰ ਦਬੋਚ ਲਿਆ, ਜੋ ਮੇਰੀ ਭੈਣ ਨੂੰ ਨਠਾਈ ਜਾ ਰਿਹਾ ਸੀ। ਡਾਕੂਆਂ ਸਮਝਿਆ ਪੁਲਸ ਆ ਗਈ ਹੈ। ਉਹ ਭੱਜ ਉਠੇ, ਪਰ ਇਕ ਡਾਕੂ ਉਸ ਦੇ ਕਾਬੂ ਆ ਗਿਆ। ਕਾਬੂ ਆਏ ਡਾਕੂ ਦੀ ਉਸ ਖ਼ੂਬ ਮੁਰੰਮਤ ਕੀਤੀ ਤੇ ਅੰਤ ਉਸ ਨੂੰ ਆਪਣੀ ਪਗੜੀ ਨਾਲ ਇਕ ਦਰਖ਼ਤ ਦੇ ਮੁਢ ਨਾਲ ਬੰਨ੍ਹ ਦਿਤਾ, ਬੇਹੋਸ਼ ਹੋਈ ਮੀਨਾ ਨੂੰ ਘਰ ਚੁਕ ਲਿਆਇਆ। ਉਸ ਨੇ ਵਾਪਸ ਆ ਕੇ ਅਸੀਂ ਸਾਰਿਆਂ ਨੂੰ ਬੰਦ ਕਮਰੇ 'ਚੋਂ ਕਢਿਆ। ਅਸੀਂ ਧਾਹੀਂ ਮਾਰ ਮਾਰ ਰੋ ਰਹੇ ਸਾਂ ਜਦ ਮੇਰੇ ਮਾਪਿਆਂ ਨੇ ਜੀਂਦੀ ਜਾਗਦੀ ਧੀ ਨੂੰ ਆਪਣੇ ਸਾਹਮਣੇ ਵੇਖਿਆ ਤਾਂ ਉਹ ਸਭ ਕੁਝ ਭੁਲ ਗਏ। ਸਾਰੇ ਪਿੰਡ ਨੇ 'ਸਿੰਘ' ਜੀ ਦੀ ਬੜੀ ਤਾਰੀਫ਼ ਕੀਤੀ। ਉਸਦੀ ਬਹਾਦਰੀ ਦੀਆਂ ਧੁੰਮਾਂ ਚੁਕੰਟੀ ਪਸਰ ਗਈਆਂ। ਉਹੀ ਭਾਰਤੀ ਹੁਣ ਅੱਜ ਕਲ ਸਾਡੇ ਕਾਰਖਾਨੇ ਵਿਚ ਭਾਈਵਾਲ ਹੈ, ਤੇ ਮੈਂ ਜਦੋਂ ਵੀ ਕਿਸੇ ਸਿਖ ਨੂੰ ਵੇਖਦੀ ਹਾਂ, ਸਤਿਕਾਰ ਨਾਲ ਮੇਰਾ ਸਿਰ ਉਸ ਅਗੇ ਝੁਕ ਜਾਂਦਾ ਹੈ।"

ਮੈਂ ਵੇਖਿਆ, ਨੀਨਾ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਆਂਸੂ ਸਨ। ਮੈਂ ਆਪਣੇ ਦੇਸ਼ ਦੀਆਂ ਗੱਲਾਂ ਸ਼ੁਰੂ ਕੀਤੀਆਂ, ਤਾਂ ਜੋ ਮਾਹੌਲ ਕੁਝ ਬਦਲ ਜਾਏ।

ਸਾਡੇ ਖੱਬੇ ਪਾਸੇ ਦੀਆਂ ਸੀਟਾਂ ਤੇ ਕੁਝ ਥਾਈ ਕੁੜੀਆਂ ਬੈਠੀਆਂ ਸਨ। ਉਹਨਾਂ 'ਚੋਂ ਇਕ ਕੁੜੀ ਮੈਨੂੰ ਬੜੀ ਪਿਆਰੀ ਅਰ ਦਿਲਚਸਪ ਲਗੀ। ਉਸ ਆਪਣੀ ਟੋਕਰੀ 'ਚੋਂ ਕੁਝ ਸੰਗਤਰੇ ਕਢੇ, ਤੇ ਆਪਣੇ ਸਾਥੀ ਕੁੜੀਆਂ ਮੁੰਡਿਆਂ ਵਿੱਚ ਵੰਡਣ ਮਗਰੋਂ ਉਸ ਇਕ ਸੰਗਤਰਾ ਨੀਨਾ ਨੂੰ ਅਰ ਇਕ ਮੈਨੂੰ ਫੜਾਇਆ। ਮੇਰੇ ਮੂੰਹੋ "ਥੈਂਕਸ" ਸੁਣ ਕੇ ਉਹ ਮੁਸਕਰਾ ਪਈ, ਤੇ ਨੀਨਾ ਪਾਸੋਂ ਪੁਛਣ ਲਗੀ ਕਿ ਭਾਰਤੀ ਨੇ ਕੀ ਕਿਹਾ ਹੈ। ਨੀਨਾ ਦੇ 'ਥੈਂਕਸ' ਦੇ ਅਰਥ ਦਸਣ ਤੇ ਉਹ ਬਹੁਤ ਖ਼ੁਸ਼ ਹੋਈ। ਫਲ ਤੇ ਬਿਸਕੁਟ ਆਦਿ ਮੁਕਾ ਕੇ ਉਸ ਆਪਣੇ ਲੰਬੇ ਵਾਲਾਂ ਨੂੰ ਕੰਘੀ ਨਾਲ ਸਵਾਰਿਆ, ਫਿਰ ਉਸ ਨੇ ਉਨ੍ਹਾਂ ਦਾ ਸਿਰ ਤੇ ਜੂੜਾ ਬਣਾਇਆ। ਜੂੜੇ ਉਪਰ ਇਕ ਬੜੀ ਸੁੰਦਰ ਟੋਪੀ ਫਿਟ ਕੀਤੀ। ਹੁਣ ਉਹ ਆਪਣੀ ਫੌਜ ਦੀ ਜਰਨੈਲ ਜਾਪਦੀ ਸੀ। ਆਪਣੇ ਸਾਥੀ ਕੁੜੀਆਂ ਮੁੰਡਿਆਂ ਨਾਲ ਉਹ ਹੱਸ ਹੱਸ ਗੱਲਾਂ ਕਰ ਰਹੀ ਸੀ। ਕਿਸੇ ਕਿਸੇ ਗੱਲ ਤੇ ਤੌੜੀ ਮਾਰ ਉਹ ਠਹਾਕਾ ਵੀ ਮਾਰਦੀ ਸੀ, ਸ਼ਾਇਦ ਉਹ ਆਪਣੇ ਘਰ ਜਾਂ ਕਾਲਜ ਬਾਰੇ ਗੱਲਾਂ ਕਰ ਰਹੀ ਹੋਵੇ। ਆਪਣੀ ਗੱਲ ਸਮਝਾਣ ਲਈ ਉਹ ਮੂੰਹ, ਨੱਕ, ਅੱਖਾਂ, ਗੱਲ੍ਹਾਂ ਕੀ ਚੇਹਰੇ ਦੇ ਹਰ ਅੰਗ ਤੋਂ ਕੰਮ ਲੈਂਦੀ ਸੀ। ਕਦੀ ਅੱਖਾਂ ਨੂੰ ਚੌੜਿਆਂ ਕਰ, ਕਦੀ ਲੰਮੇ ਦਾਅ ਫੈਲਾ, ਕਦੀ ਮੂੰਹ ਖੋਹਲ ਅਰ ਬੰਦ ਕਰ, ਅੱਖਾਂ ਮੂੰਹ ਅਰ ਬੁਲ੍ਹਾਂ ਦੀਆਂ ਬੜੀਆਂ ਪਿਆਰੀਆਂ ਮੁਦਰਾਵਾਂ ਬਣਾ, ਉਹ ਮੁਸਕਰਾਂਦੀ ਸੀ। ਆਪਣੇ ਸਾਥੀਆਂ ਨਾਲ ਗੱਲਾਂ ਕਰਦਿਆਂ ਸੈਲਾਨੀ ਵਲ ਮੂੰਹ ਕਰ ਬੜੀ ਅਦਾ ਨਾਲ 'ਥੈਂਕ ਯੂ' ਆਖ ਕੇ ਘੜੀ ਘੜੀ ਮੁਸਕਰਾਂਦੀ। ਉਹ, ਦੋਵੇਂ ਥੈਲੇ ਆਪਣੇ ਸਜੇ ਖਬੇ ਮੋਢੇ ਤੇ ਲਟਕਾ ਜਰਨੈਲ ਵਾਂਗ ਫ਼ਾਤਿਹਾਨਾ ਅੰਦਾਜ਼ ਨਾਲ ਸੀਟ ਤੋਂ ਉਠੀ, ਤੇ ਗੱਡੀ ਦੇ ਅਗਲੇ ਡਬਿਆਂ ਵਲ ਤੁਰ ਪਈ। ਇਸ ਗੱਡੀ ਦੀਆਂ ਤੀਜੇ ਦਰਜੇ ਦੀਆਂ ਸੀਟਾਂ ਵੀ ਬੜੀਆਂ ਆਰਾਮ ਦੇਹ, ਖੁਲ੍ਹੀਆਂ ਅਰ ਗੱਦੇਦਾਰ ਸਨ। ਗੱਡੀ ਵਿਚ ਇਕ ਸਿਰਿਉਂ ਦੂਜੇ ਸਿਰੇ ਤੀਕ ਪਹੁੰਚਿਆ ਜਾ ਸਕਦਾ ਹੈ। ਸਾਡੇ ਡੱਬੇ ਵਿਚ ਕਾਫ਼ੀ ਭੀੜ ਸੀ, ਪਰ ਸੀਟਾਂ ਤੇ ਬੈਠੀਆਂ ਸਵਾਰੀਆਂ ਨੂੰ ਕੋਈ ਪ੍ਰੇਸ਼ਾਨ ਨਹੀਂ ਸੀ ਕਰਦਾ। ਨਾ ਕਿਸੇ ਨੂੰ ਪਰੇ ਸਰਕਣ ਲਈ ਬੇਨਤੀ ਕਰ ਕੋਈ ਆਪਣੀ ਥਾਂ ਹੀ ਬਣਾਉਂਦਾ ਸੀ। ਮੁਸਾਫਰਾਂ ਵਿਚ ਬਹੁਤੇ ਨੌਜਵਾਨ ਮੁੰਡੇ ਕੁੜੀਆਂ ਹੀ ਸਨ। ਕਿਸੇ ਪਾਸ ਵੀ ਆਪਣੇ ਆਪ ਚੁਕ ਸਕਣ ਤੋਂ ਵਧੇਰੇ ਸਾਮਾਨ ਨਹੀਂ ਸੀ। ਇਧਰ ਗੱਡੀਆਂ ਵਿਚ ਕੁਲੀ ਹੁੰਦੇ ਹੀ ਨਹੀਂ। ਨੌਜਵਾਨ ਯੁਵਤੀਆਂ ਹਜ਼ਾਰਾਂ ਮੀਲ ਸਫ਼ਰ ਇੱਕਲਿਆਂ ਕਰਦੀਆਂ ਹਨ। ਵਡੇ ਵਡੇ ਥੈਲੇ ਮੋਢਿਆਂ ਨਾਲ ਲਟਕਾਈ ਉਹ ਗੱਡੀ ਵਿਚ ਚੜ੍ਹਦੀਆਂ ਹਨ। ਇਨ੍ਹਾਂ ਵਿਚ ਲੋੜੀਂਦੇ ਕਪੜੇ ਅਰ ਖਾਣ ਪੀਣ ਦੀਆਂ ਵਸਤਾਂ ਹੁੰਦੀਆਂ ਹਨ। ਸਾਡੇ ਭਾਰਤੀਆਂ ਵਾਂਗ ਬਿਸਤਰੇ, ਟਰੰਕ, ਪੇਟੀਆਂ, ਬਰਤਨਾਂ ਦੀਆਂ ਭਰੀਆਂ ਬੋਰੀਆਂ, ਉਹ ਲੋਕ ਸਫ਼ਰ ਵਿਚ ਆਪਣੇ ਨਾਲ ਨਹੀਂ ਧਰੂਹੀ ਫਿਰਦੇ।

ਪੰਦਰਾਂ ਕੁ ਮਿੰਟਾਂ ਮਗਰੋਂ ਜਰਨੈਲ ਥਾਈ ਕੁੜੀ ਅੱਖਾਂ ਅਰ ਬੁੱਲ੍ਹਾਂ ਦੀਆਂ ਮੁਸਕਾਨਾਂ ਦੀਆਂ ਮੁਖ਼ਤਲਿਫ਼ ਮੁਦਰਾਵਾਂ ਬਣਾਂਦੀ ਵਾਪਸ ਆਪਣੇ ਡੱਬੇ ਵਿਚ ਪਰਤ ਆਈ। ਉਹ ਕੈਨਟੀਨ 'ਚੋਂ ਬਿਸਕੁਟ, ਕੇਕ ਤੇ ਫਲਾਂ ਨਾਲ ਦੋਵੇਂ ਥੈਲੇ ਭਰ

ਲਿਆਈ ਸੀ। ਉਸ ਨੇ ਆਪਣੀ ਜਰਨੈਲੀ ਟੋਪੀ ਸਿਰੋਂ ਉਤਾਰ ਕੇ ਸੀਟ ਤੇ ਰਖ ਲਈ। ਲੰਬੇ ਕਾਲੇ ਵਾਲਾਂ ਦਾ ਜੂੜਾ ਖੋਲ੍ਹ ਪਿਛੇ ਸੁਟਿਆ, ਤੇ ਕੈਨਟੀਨ 'ਚੋਂ ਲਿਆਂਦਾ ਸਾਮਾਨ ਖੁਲ੍ਹੇ ਹੱਥੀਂ ਆਪਣੇ ਸਾਥੀਆਂ ਵਿਚ ਵੰਡਣ ਲਗੀ। ਮੈਨੂੰ ਤੇ ਨੀਨਾ ਨੂੰ ਵੀ ਉਸ ਨੇ ਬਿਸਕੁਟਾਂ ਦਾ ਇਕ ਇਕ ਪੈਕਟ ਫੜਾਇਆ। ਮੈਂ ਹੁਣੇ ਖਾਣਾ ਖਾਧਾ ਸੀ, ਇਸ ਲਈ ਬਿਸਕੁਟ ਨੀਨਾ ਹੱਥੀ ਮੋੜ ਦਿੱਤਾ। ਜਰਨੈਲ ਕੁੜੀ ਆਪਣੀ ਸੀਟ ਤੋਂ ਉਠੀ, ਮੇਰੇ ਹੱਥ ਬਿਸਕੁਟ ਫੜਾ ਕੇ ਬੜੀ ਸੁਹਣੀ ਮੁਸਕਰਾਹਟ ਛਡਦੀ ਹੋਈ ਕਹਿਣ ਲਗੀ, 'ਥੈਂਕ ਯੂ'। ਮੇਰਾ ਹਾਸਾ ਨਿਕਲ ਗਿਆ, ਤੇ ਉਸ ਹੱਥੋਂ ਬਿਸਕੁਟ ਫੜ ਲਏ।

ਰਾਤ ਸਿਰ ਤੇ ਆ ਗਈ ਸੀ। ਸ਼ਾਮੀਂ ਚਾਰ ਵਜੇ ਹੀ ਸਭ ਮੁਸਾਫਰਾਂ ਨੇ ਖਾਣਾ ਖਾ ਲਿਆ ਸੀ। ਨੀਨਾ ਨੇ ਮੈਨੂੰ ਦਸਿਆ ਕਿ ਇਧਰ ਇਸੇ ਵਕਤ ਖਾਣਾ ਖਾਣ ਦਾ ਰਿਵਾਜ਼ ਹੈ। ਸਭ ਡੱਬੇ ਦੀਆਂ ਸਵਾਰੀਆਂ ਸੀਟਾਂ ਤੇ ਹੀ ਸੌਂ ਗਈਆਂ। ਖੜੋਤੀਆਂ ਸਵਾਰੀਆਂ ਨੇ ਸੀਟਾਂ ਦੇ ਵਿਚਕਾਰ ਵਾਲੇ ਰਸਤੇ ਨੂੰ ਹੀ ਆਪਣਾ ਸੌਣ-ਅਸਥਾਨ ਬਣਾ ਲਿਆ। ਕੁਝ ਨੌਜਵਾਨ ਜੋੜੇ ਇਕ ਦੂਜੇ ਨੂੰ ਜੱਫੀਆਂ ਮਾਰ ਸੌਂ ਗਏ। ਸਾਡੇ ਸਾਹਮਣੇ ਬੈਠੀ ਥਾਈ ਕੁੜੀ ਨੇ ਮੇਰੇ ਪਾਸ ਬੈਠੇ ਆਪਣੇ ਸਾਥੀ ਦਾ ਸਿਰ ਆਪਣੇ ਪੱਟਾਂ ਤੇ ਰਖ ਲਿਆ। ਉਸ ਦੇ ਸਿਰ ਅਰ ਮੋਢੇ ਤੇ ਆਪਣੀ ਛਾਤੀ ਰੱਖ, ਦੋਵੇਂ ਇਕ ਦੂਜੇ ਨੂੰ ਹਥਾਂ ਦੀ ਕੰਘੀ ਮਾਰ ਬੇਫ਼ਿਕਰ ਹੋ ਸੌਂ ਗਏ। ਮੈਂ ਤੇ ਨੀਨਾ ਆਮ੍ਹੋ-ਸਾਹਮਣੇ ਆਪੋ ਆਪਣੀਆਂ ਸੀਟਾਂ ਤੇ ਸਿਰ ਸੁਟ ਉਂਘਲਾਣ ਲਗੇ। ਸਭ ਨੀਂਦ ਵਿਚ ਗੜੂੰਦ ਹਨ। ਕੋਈ ਦੂਜੇ ਵਲ ਨਹੀਂ ਵੇਖਦਾ, ਨਾ ਹੀ ਨਾਵਾਕਫ਼ਾਂ ਨਾਲ ਕੋਈ ਬੇਬਵੀਆਂ ਹੀ ਮਾਰਦਾ ਹੈ। ਮੈਨੂੰ ਇਸ ਸਫਰ ਵਿਚ ਪਾਣੀ ਦੀ ਕਾਫੀ ਪ੍ਰੇਸ਼ਾਨੀ ਰਹੀ। ਇਧਰ ਸ਼ਰਾਬ ਗੱਡੀਆਂ ਵਿਚ ਵੀ ਆਮ ਮਿਲਦੀ ਹੈ ਤੇ ਲੋਕੀਂ ਵੀ ਪਾਣੀ ਵਾਂਗ ਇਸ ਨੂੰ ਪੀਂਦੇ ਹਨ। ਮੇਰੇ ਲਈ ਨੀਨਾ ਨੇ ਦੋ ਵਾਰ ਪੇਪਸੀ ਕੋਲਾ ਮੰਗਾਣ ਦਾ ਆਰਡਰ ਦਿਤਾ, ਪਰ ਕੋਈ ਬਹੁੜਿਆ ਨਾਂਹ। ਬਸ ਇਸੇ ਤਰ੍ਹਾਂ ਸੁਤਿਆਂ ਜਾਗਦਿਆਂ ਸਵੇਰ ਹੋ ਗਈ। ਸਵੇਰ ਸਾਰ ਗੱਡੀ ਵਿਚ ਪਲਾਸਟਿਕ ਦੇ ਛੋਟੇ ਛੋਟੇ ਪੈਕਟ ਵਿਕਣ ਲਈ ਆ ਗਏ। ਨੀਨਾ ਨੇ ਦੱਸਿਆ ਕਿ ਪੈਕਟ ਵਿਚ ਗਰਮ ਪਾਣੀ ਵਿਚ ਉਬਲਿਆ ਛੋਟਾ ਜਿਹਾ ਤੌਲੀਆ ਹੈ। ਪੈਕਟ ਫਾੜ ਤੌਲੀਆ ਕਢ, ਅਸੀਂ ਮੂੰਹ, ਹੱਥ ਤੇ ਗਰਦਨ ਆਦਿ ਸਾਫ ਕੀਤੇ। ਇਧਰ ਸਫਰ ਵਿਚ ਇਸ ਤਰ੍ਹਾਂ ਦੇ ਤੌਲੀਆ ਵਰਤਣ ਦਾ ਆਮ ਰਿਵਾਜ ਹੈ।

ਗੱਡੀ ਵਿਚ ਹੀ ਕਲ੍ਹ ਸ਼ਾਮ ਵਾਂਗ ਦਿਨੇ ਵੀ ਚੀਨੀ ਖਾਣੇ ਆ ਗਏ। ਕਈ ਕਿਸਮ ਦੇ ਮਾਸ, ਚਾਵਲ ਤੇ ਨਾਲ ਹੀ ਛੋਟੀ ਪਿਆਲੀ ਵਿਚ ਮਿਰਚਾਂ ਦੇ ਬੀਜ ਅਰ ਸੂਪ। ਕੋਈ ਵੀ ਚੀਜ਼ ਆਪਣੇ ਕੰਮ ਦੀ ਨਹੀਂ ਸੀ। ਇਸ ਲਈ ਮਜਬੂਰਨ ਵਰਤ ਰਖਣਾ ਪਿਆ। ਦੋ ਤਿੰਨ ਵਾਰ ਜਰਨੈਲ ਕੁੜੀ ਕੈਨਟੀਨ ਵਲ ਗਈ, ਕੁਝ ਫਲ ਖ਼ਰੀਦ ਕੇ ਲਿਆਈ ਤੇ ਸਾਡੇ ਵਿਚ ਵੰਡ ਦਿਤੇ। ਨਾ ਮੈਨੂੰ ਉਸ ਦੀ ਗੱਲ ਦੀ ਸਮਝ ਆਂਦੀ ਸੀ, ਨਾ ਉਸ ਨੂੰ ਸਾਡੀ, ਪਰ ਉਸ ਨੂੰ 'ਥੈਂਕ ਯੂ' ਖ਼ੂਬ ਯਾਦ ਹੋ ਗਿਆ, ਤੇ ਉਹ 'ਥੈਂਕ ਯੂ' ਦੀ ਵਾਰ ਵਾਰ ਮੁਸਕਰਾ ਕੇ ਕੋਈ ਚੀਜ਼ ਦੇਣ ਸਮੇਂ ਵਰਤੋਂ ਕਰਦੀ। ਐਡੀ ਖ਼ੁਸ਼ ਮਿਜਾਜ਼ ਕੁੜੀ ਸਫਰ ਵਿਚ ਮਿਲ ਜਾਏ, ਤਾਂ ਸਭ ਤਰ੍ਹਾਂ ਦੀ ਬੇਰੀਅਤ ਦੂਰ ਹੋ ਜਾਂਦੀ ਹੈ।

'ਪਿਆਰ' ਦੇ ਮਸਲੇ ਤੇ ਗੱਲਾਂ ਚੱਲੀਆਂ, ਤਾਂ ਨੀਨਾ ਨੇ ਹੀ ਦਸਿਆ, ਕਿ ਮਿ : ਸਿੰਘ ਦਾ ਪੁਤਰ ਗੋਵਿੰਦਰ ਇੰਜੀਨੀਅਰੀ ਕਰ ਰਿਹਾ ਹੈ। ਉਹ ਦੋਵੇਂ ਇਕ ਦੂਜੇ ਨੂੰ ਪਿਆਰ ਕਰਦੇ ਹਨ। ਉਹ ਕਈ ਵਾਰ ਹਰਜਾਈ ਤੋਂ ਬੈਂਕੋਕ ਤੀਕ ਇਕਠੇ ਸਫਰ ਕਰ ਚੁਕੇ ਹਨ। ਕੁਝ ਦਿਨ ਉਹ ਥਾਈਲੈਂਡ ਦੇ ਅਤਿ ਹੁਸੀਨ ਸ਼ਹਿਰ ਚੰਗਮਈ ਵੀ ਰਹਿ ਆਏ ਹਨ। ਉਸ ਦੇ ਪਿਆਰ ਬਾਰੇ ਦੋਹਾਂ ਦੇ ਮਾਪਿਆਂ ਨੂੰ ਪਤਾ ਹੈ। ਨੀਨਾ ਅਗਲੇ ਸਾਲ ਗੋਵਿੰਦਰ ਨਾਲ ਸ਼ਾਦੀ ਕਰ ਰਹੀ ਹੈ। ਸ਼ਾਦੀ ਮਗਰੋਂ ਉਨ੍ਹਾਂ ਦੋਹਾਂ ਦਾ ਪੱਕਾ ਪ੍ਰੋਗਰਾਮ ਹੈ ਕਿ ਦੋਵੇਂ ਭਾਰਤ ਜਾਣਗੇ। ਇਹ ਦਸਦਿਆਂ ਹੋਇਆਂ ਨੀਨਾ ਨੇ ਸੈਲਾਨੀ ਦਾ ਹੱਥ ਘੁਟਦਿਆਂ ਹੋਇਆਂ ਇਕਰਾਰ ਕੀਤਾ, ਕਿ ਉਹ ਉਸ ਯਾਤਰਾ ਸਮੇਂ ਯਾਤਰੀ ਨੂੰ ਦਿੱਲੀ ਜ਼ਰੂਰ ਮਿਲੇਗੀ।

ਦਿਨ ਦੇ ਦੋ ਵਜੇ ਗਡੀ ਬੈਂਕੋਕ ਸਟੇਸ਼ਨ ਤੇ ਆਣ ਪੁੱਜੀ। ਸਟੇਸ਼ਨ ਤੇ ਨੀਨਾ ਨੂੰ ਮਿਲਣ ਉਸ ਦੇ ਕਈ ਰਿਸ਼ਤੇਦਾਰ ਆਏ ਹੋਏ ਸਨ। ਉਹ ਕਹਿਣ ਲਗੀ, "ਤੁਸੀਂ ਸਟੇਸ਼ਨ ਤੋਂ ਬਾਹਰ ਨਿਕਲ ਕੇ ਕਿਸੇ ਟੈਕਸੀ ਵਿਚ ਬੈਠ ਆਪਣੇ ਠਿਕਾਣੇ ਪੁਜ ਜਾਉ। ਮੈਨੂੰ ਹੁਣ ਤੁਹਾਡੇ ਨਾਲ ਜਾ ਸਕਣ ਦੀ ਫੁਰਸਤ ਨਹੀਂ ਮਿਲੇਗੀ।" ਮੈਂ ਆਪਣਾ ਸਾਮਾਨ ਲੈ ਸਟੇਸ਼ਨੋਂ ਬਾਹਰ ਨਿਕਲਿਆ ਤੇ ਸਿੱਧਾ ਟੈਕਸੀ ਸਟੈਂਡ ਵਲ ਤੁਰ ਪਿਆ। ਮੇਰੇ ਮੋਢੇ ਤੇ ਕਿਸੇ ਨੇ ਹੱਥ ਰਖਿਆ, ਪਿਛੇ ਪਰਤ ਕੇ ਵੇਖਿਆ। ਜਰਨੈਲ ਕੁੜੀ 'ਥੈਂਕ ਯੂ' ਕਹਿ ਕੇ ਮੁਸਕਰਾਂਦੀ ਹੋਈ ਭੀੜ ਵਿਚ ਅਲੋਪ ਹੋ ਗਈ। ਬਾਹਰ ਜਾ ਕੇ ਟੈਕਸੀ ਵਿਚ ਸਾਮਾਨ ਰਖ ਮੈਂ ਡਰਾਈਵਰ ਨੂੰ ਆਪਣੇ ਠਿਕਾਣੇ ਬਾਰੇ ਸਮਝਾ ਰਿਹਾ ਸਾਂ, ਪਰ ਉਸ ਦੇ ਥਾਈ ਦਿਮਾਗ਼ ਵਿਚ ਮੇਰੀ ਕੋਈ ਗੱਲ ਬੈਠਦੀ ਹੀ ਨਹੀਂ ਸੀ। ਇਨੇ ਨੂੰ ਨੀਨਾ ਦੌੜਦੀ ਹੋਈ ਆਈ। ਉਸ ਦਸਿਆ ਕਿ ਬੜੀ ਮੁਸ਼ਕਲ ਨਾਲ ਉਹ ਆਪਣੇ ਰਿਸ਼ਤੇਦਾਰਾਂ ਤੋਂ ਦੋ ਮਿੰਟ ਦੀ ਛੁਟੀ ਲੈ ਕੇ ਆਈ ਹੈ। ਉਸ ਨੇ ਡਰਾਈਵਰ ਨੂੰ ਥਾਈ ਵਿਚ ਮੇਰੇ ਠਿਕਾਣੇ ਬਾਰੇ ਸਮਝਾਇਆ, ਉਸ ਨਾਲ ਕਿਰਾਏ ਦਾ ਫੈਸਲਾ ਕੀਤਾ, ਅਰ ਮੈਨੂੰ ਟੈਕਸੀ ਵਿਚ ਬਿਠਾ, ਹੱਥ ਮਿਲਾ ਬੜੇ ਪਿਆਰ ਨਾਲ ਮੁਸਕਰਾ ਕੇ ਵਿਦਾ ਕੀਤਾ। ਹੁਣ ਟੈਕਸੀ ਬੈਂਕੋਕ ਦੀਆਂ ਚੌੜੀਆਂ ਸੜਕਾਂ ਅਰ ਅਕਾਸ਼ ਛੂੰਹਦੀਆਂ ਇਮਾਰਤਾਂ ਨੂੰ ਪਿਛੇ ਛਡਦੀ ਦੌੜਦੀ ਚਲੀ ਜਾ ਰਹੀ ਸੀ, ਤੇ ਉਧਰ ਮੇਰੀਆਂ ਅੱਖਾਂ ਸਾਹਮਣੇ ਨੀਨਾ ਤੇ ਜਰਨੈਲ ਯੁਵਤੀ ਦੀ ਪਿਆਰੀਆਂ ਮੂਰਤਾਂ ਫਿਲਮ ਨਿਆਈਂ ਬੜੀ ਤੇਜ਼ੀ ਨਾਲ ਦੌੜਦੀਆਂ ਜਾ ਰਹੀਆਂ ਸਨ।

*80/14-ਬੀ, ਮਾਲਵੀਆ ਨਗਰ,*
*ਨਵੀਂ ਦਿੱਲੀ-17*

## ਡਾ. ਜੋਗਿੰਦਰ ਸਿੰਘ ਨਿਰਾਲਾ ਨਾਲ ਸਾਹਿਤਕ ਮਿਲਣੀ

ਪੰਜਾਬੀ ਲਿਖਾਰੀ ਸਭਾ ਰਾਮਪੁਰ ਵਲੋਂ ਡਾ. ਜੋਗਿੰਦਰ ਸਿੰਘ ਨਿਰਾਲਾ ਨਾਲ ਸਾਹਿਤਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸੁਰਿਦਰ ਰਾਮਪੁਰੀ, ਮੁਹਿਦਰਦੀਪ ਗਰੇਵਾਲ ਅਤੇ ਚਰਨ ਕੌਸ਼ਲ ਨੇ ਕੀਤੀ।

ਜਸਵੀਰ ਝੱਜ ਨੇ ਡਾ. ਨਿਰਾਲਾ ਦੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਸੁਰਿੰਦਰ ਰਾਮਪੁਰੀ ਨੇ ਆਪਣੇ ਪਰਚੇ "ਜੋਗਿੰਦਰ ਸਿੰਘ ਨਿਰਾਲਾ ਦੀਆਂ ਤਣਾਓ-ਮੁਕਤੀ ਦੀਆਂ ਕਹਾਣੀਆਂ," ਵਿੱਚ ਕਿਹਾ ਕਿ ਉਸਦੀਆਂ ਕਹਾਣੀਆਂ ਆਮ ਮਨੁੱਖ ਦੀ ਖੁਰਦੀ ਹੋਂਦ ਦੀਆਂ ਕਹਾਣੀਆਂ ਹਨ, ਸਮਾਜਿਕ ਅਤੇ ਆਰਥਿਕ ਪ੍ਰਸਤਿਥਿਆਂ ਉਸ ਨੂੰ ਹਰ ਪਲ ਨਿਘਾਰ ਵਲ ਧਕੇਲ ਰਹੀਆਂ ਹਨ। ਉਸ ਦੀਆਂ ਕਹਾਣੀਆਂ ਤਣਾਓ-ਮੁਕਤੀ ਦੀਆਂ ਕਹਾਣੀਆਂ ਹਨ। ਕਹਾਣੀਕਾਰ ਨੇ ਅਜਿਹੇ ਪਾਤਰ ਉਲੀਕੇ ਹਨ ਜੋ ਤਣਾਓ ਤੋਂ ਮੁਕਤੀ ਦੀਆਂ ਤਰਤੀਬਾਂ ਬਣਾਉਂਦੇ ਹਨ। ਨਿਰਾਲਾ ਦੀਆਂ ਜ਼ਿਆਦਾ ਕਹਾਣੀਆਂ ਵਿੱਚ ਇਸਤਰੀ ਦੀ ਤ੍ਰਾਸਦਿਕ ਹਾਲਤ ਦਾ ਅਧਿਐਨ ਪੇਸ਼ ਕੀਤਾ ਗਿਆ ਹੈ।

ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਨੇ ਨਿਰਾਲਾ ਦੀਆਂ ਕਹਾਣੀਆਂ ਬਾਰੇ ਚਰਚਾ ਕਰਦਿਆ ਕਿ ਉਹ ਮੱਧ-ਸ਼੍ਰੇਣੀ ਦੀਆਂ ਕਹਾਣੀਆਂ ਲਿਖਦਾ ਹੈ। ਉਸਦੀਆਂ ਕਹਾਣੀਆਂ ਆਮ ਲੋਕਾਂ ਦੀ ਗੱਲ, ਦੂਰੀ ਤੋਂ ਕਰਦੀਆਂ ਹਨ। ਤਰਸੇਮ ਨੇ ਕਿਹਾ, ਨਿਰਾਲਾ ਨੇ ਪਰੰਪਰਾ ਤੋਂ ਹਟ ਕੇ ਕਹਾਣੀਆਂ ਲਿਖੀਆਂ ਹਨ। ਹਰਨੇਕ ਰਾਮਪੁਰੀ ਨੇ ਵਿਸ਼ੇਸ ਤੌਰ ਤੇ ਨਿਰਾਲਾ ਦੀ ਕਹਾਣੀ 'ਰਿਸ਼ਤੇ' ਨੂੰ ਚਰਚਾ ਦਾ ਆਧਾਰ ਬਣਾਇਆ ਅਤੇ ਕਿਹਾ ਕਿ ਇਹ 'ਅ-ਕਹਾਣੀ' ਦੇ ਘੇਰੇ ਵਿੱਚ ਆਉਂਦੀ ਹੈ।

ਨਿਰਾਲਾ ਨੇ ਆਪਣੀ ਰਚਨਾ-ਪ੍ਰਕਿਰਿਆ ਬਾਰੇ ਗੱਲ ਕਰਦਿਆਂ ਕਿਹਾ ਕਿ ਉਸਦੀਆਂ ਕਹਾਣੀਆਂ ਵਿੱਚ ਪ੍ਰਗਤੀ ਅਤੇ ਪ੍ਰਯੋਗ ਦਾ ਸੁਮੇਲ ਹੈ। ਇਹ ਆਪਸ ਵਿੱਚ ਸੁਮੇ ਕੇ ਪੇਸ਼ ਹੋਏ ਹਨ। ਉਨ੍ਹਾਂ ਕਿਹਾ ਕਿ ਉੱਤਰਕਥਾ ਅਤੇ ਆਧੁਨਿਕਤਾ ਵਿੱਚ ਬਹੁਤ ਅੰਤਰ ਹੈ। ਲੇਖਕ ਨੂੰ ਰਚਨਾ ਅਨੁਸਾਰ ਅਮਲ ਵੀ ਕਰਨਾ ਚਾਹੀਦਾ ਹੈ। ਕਹਾਣੀਕਾਰ ਨੂੰ ਵਾਧੂ ਡੀਟੇਲ ਤੋਂ ਬਚਣਾ ਚਾਹੀਦਾ ਹੈ।

ਗੁਰਦਿਆਲ ਦਲਾਲ, ਹਰਬੰਸ ਮਾਲਵਾ, ਅਜਾਇਬ ਸਿੰਘ, ਮੱਲ ਸਿੰਘ ਰਾਮਪੁਰੀ, ਸਵੱਰਨ ਮੱਲਾ, ਜਸਵੀਰ ਝੱਜ, ਹਮਦਰਦ ਨੌਸ਼ਹਿਰਵੀ, ਹਰਨੇਕ ਰਾਮਪੁਰੀ, ਤਰਸੇਮ, ਹਰਭਜਨ ਮਾਂਗਟ, ਮਹਿੰਦਰਦੀਪ ਗਰੇਵਾਲ, ਚਰਨ ਕੌਸ਼ਲ, ਗੁਰਨਾਮ ਬਾਵਾ ਆਦਿ ਨੇ ਨਿਰਾਲਾ ਤੋਂ ਸਵਾਲ ਪੁੱਛੇ, ਜਿਨ੍ਹਾਂ ਦਾ ਉੱਤਰ, ਉਸ ਨੇ ਠਹੰਮੇ ਨਾਲ ਦਿੱਤਾ ਅਤੇ ਸੁਚੱਜਤਾ ਨਾਲ ਸੰਵਾਦ ਰਚਾਇਆ।

ਸਵਾਲਾਂ ਦਾ ਜਵਾਬ ਦਿੰਦਿਆਂ ਨਿਰਾਲਾ ਨੇ ਕਿਹਾ ਕਿ ਵਿਵੱਰਜਤ ਰਿਸ਼ਤੇ ਉਹ ਹੁੰਦੇ ਹਨ, ਜੋ ਸਮਾਜਿਕ ਤੌਰ ਤੇ ਪ੍ਰਵਾਨ ਨਹੀਂ ਪਰ ਮਾਨਵੀ ਤੌਰ ਤੇ ਪ੍ਰਵਾਨ ਹਨ। ਉਨ੍ਹਾਂ ਕਿਹਾ ਕਿ ਲੇਖਕ ਨੂੰ ਆਪਣੀ ਰਚਨਾ ਦੀ ਪੜਚੋਲ ਲਈ, ਆਲੋਚਕ ਅਤੇ ਸੰਪਾਦਕ ਵੀ ਹੋਣਾ ਚਾਹੀਦਾ ਹੈ। ਕਹਾਣੀ ਵਿੱਚ ਕਲਾ ਅਤੇ ਵਿਚਾਰਧਾਰਾ ਆਪਸ ਵਿੱਚ ਮਿਲ ਕੇ ਪੇਸ਼ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਲੇਖਕ ਸਭਾਵਾਂ ਦੀ ਥਾਂ ਪਹਿਲਾਂ ਲੇਖਕਾਂ ਵਿੱਚ ਏਕਤਾ ਹੋਣੀ ਚਾਹੀਦੀ ਹੈ। ਉਨ੍ਹਾਂ ਪ੍ਰਿੰ. ਸੰਤ ਸਿੰਘ ਸੇਖੋਂ, ਜਗੀਰ ਸਿੰਘ ਜਗਤਾਰ ਅਤੇ ਜੋਗਾ ਸਿੰਘ ਦੀਆਂ ਯਾਦਾਂ, ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਡਾ. ਨਿਰਾਲਾ ਨੇ ਮੰਸੂਰੀ ਵਿਖੇ ਆਪਣੀ ਪੜ੍ਹਾਈ, ਫੌਜੀ ਜੀਵਨ, ਤਹਿਸੀਲ ਦੀ ਕਲਰਕੀ, ਫੂਡ ਸਪਲਾਈ ਮਹਿਕਮੇ ਦੀ ਨੌਕਰੀ, ਗਿਆਨੀ ਅਧਿਆਪਕ ਤੋਂ ਪ੍ਰੋਫੈਸਰ ਤੱਕ ਦੇ ਜੀਵਨ ਸੰਘਰਸ਼ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਕੋਈ ਵੀ ਸੱਚ ਅੰਤਿਮ ਸੱਚ ਨਹੀਂ ਹੁੰਦਾ।

ਇਸ ਸਮੇਂ ਜਗਦੀਪ ਚਿੱਤਰਕਾਰ ਨੇ ਆਪਣੇ ਚਿੱਤਰਾਂ ਦੀ ਪ੍ਰਦਰਸ਼ਨੀ ਲਾਈ। ਉਸ ਆਪਣਾ ਬਣਾਇਆ ਸਕੇਚ ਰਾਮਪੁਰੀ ਅਤੇ ਜਸਵੀਰ ਝੱਜ ਨੂੰ ਭੇਟ ਕੀਤਾ।

ਇਸ ਸਮੇਂ ਸਭਾ ਵਲੋਂ ਡਾ. ਨਿਰਾਲਾ ਨੂੰ ਇਕ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਹਰਨੇਕ ਰਾਮਪੁਰੀ ਨੇ ਡਾ. ਨਿਰਾਲਾ ਨੂੰ ਆਪਣਾ ਬਣਾਇਆ ਚਿੱਤਰ ਭੇਟ ਕੀਤਾ। ਇਸ ਸਮੇਂ ਹੋਏ ਕਵੀ ਦਰਬਾਰ ਵਿੱਚ ਦੋ ਦਰਜਨ ਤੋਂ ਵੱਧ ਸ਼ਾਇਰਾਂ ਨੇ ਭਾਗ ਲਿਆ।

*—ਸੁਰਿੰਦਰ ਰਾਮਪੁਰੀ*

## ਸਿਰਜਣਾ ਕੇਂਦਰ ਕਪੂਰਥਲਾ ਦਾ ਸਲਾਨਾ ਸਮਾਗਮ—ਪੰਜ ਨਾਮਵਰ ਸ਼ਖ਼ਸ਼ੀਅਤਾਂ ਸਨਮਾਨਿਤ ਅਤੇ ਚਾਰ ਪੁਸਤਕਾਂ ਰੀਲੀਜ਼

ਪੰਜਾਬੀ ਸਾਹਿਤ ਨੂੰ ਸਮਰਪਿਤ ਸੰਸਥਾ ਸਿਰਜਣਾ ਕੇਂਦਰ ਦਾ ਸਲਾਨਾ ਸਮਾਗਮ ਸਮਾਰੋਹ ਅਤੇ ਕਵੀ ਦਰਬਾਰ ਨ.ਜ.ਸ.ਅ. ਸਰਕਾਰੀ ਕਾਲਜ ਕਪੂਰਥਲਾ ਦੇ ਵਿਗਿਆਨ

ਵਿਭਾਗ ਵਿੱਚ ਅਦਬੀ ਰਿਵਾਇਤ ਅਨੁਸਾਰ ਆਯੋਜਿਤ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਡਾ. ਮਦਨ ਲਾਲ ਹਸੀਜਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਅਤੇ ਸ੍ਰੀ ਐੱਸ. ਵੀ. ਕਪਿਲ ਸਟੇਸ਼ਨ ਡਾਇਰੈਕਟਰ ਆਕਾਸ਼ਬਾਣੀ ਜਲੰਧਰ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸਰਵ ਸ੍ਰੀ ਪ੍ਰੋ. ਕਰਮ ਸਿੰਘ ਬਠਿੰਡਾ, ਪ੍ਰੋ. ਗੁਰਭਜਨ ਗਿੱਲ, ਪ੍ਰੋ. ਰਵਿੰਦਰ ਭੱਠਲ ਜਨਰਲ ਸਕੱਤਰ ਪੰਜਾਬੀ ਅਕਾਦਮੀ ਲੁਧਿਆਣਾ, ਡਾ. ਸੁਰਿਦਰ ਗਿੱਲ, ਡਾ. ਬਲਜੀਤ ਕੌਰ, ਡਾ. ਨਿਰਮਲ ਸਿੰਘ 'ਪੰਜਾਬੀ ਸੱਥ' 'ਸ. ਜਗਦੀਸ਼ ਸਿੰਘ 'ਵਰਿਆਮ' 'ਡਾ. ਗੁਰਬਖ਼ਸ਼ ਸਿੰਘ ਭੰਡਾਲ ਅਤੇ ਡਾ. ਹੁਕਮ ਚੰਦ ਰਾਜਪਾਲ ਸ਼ਾਮਲ ਸਨ।

ਸਨਮਾਨ ਸਮਾਗਮ ਵਿੱਚ ਪ੍ਰੋ. ਗੁਰਭਜਨ ਗਿੱਲ ਨੂੰ ਸ. ਸ. ਮੀਸ਼ਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਤੇ ਪ੍ਰੋ. ਗਿੱਲ ਬਾਰੇ ਪ੍ਰੋ. ਰਵਿੰਦਰ ਭੱਠਲ ਨੇ ਸ਼ਬਦ ਚਿਤਰ ਪੜ੍ਹਿਆ। ਡਾ. ਸੁਰਿਦਰ ਗਿੱਲ ਨੂੰ ਡਾ. ਤਰਲੋਕ ਸਿੰਘ ਕੰਵਰ ਐਵਾਰਡ, ਡਾ. ਨਿਰਮਲ ਸਿੰਘ ਅਤੇ ਸ੍ਰੀ ਜਗਦੀਸ਼ ਸਿੰਘ 'ਵਰਿਆਮ' ਨੂੰ ਪੰਜਾਬੀ ਭਾਸ਼ਾ ਵਿਕਾਸ ਐਵਾਰਡ ਨਾਲ ਸਨਮਾਨਿਆ ਗਿਆ। ਸ੍ਰੀ ਜਗਦੀਸ਼ ਸਿੰਘ ਬਾਰੇ ਪ੍ਰੋ. ਪਿਆਰਾ ਸਿੰਘ ਭੋਗਲ ਨੇ ਅਤੇ ਡਾ. ਸੁਰਿਦਰ ਗਿੱਲ ਅਤੇ ਡਾ. ਨਿਰਮਲ ਸਿੰਘ 'ਪੰਜਾਬੀ ਸੱਥ' ਬਾਰੇ ਕੰਵਰ ਇਮਤਿਆਜ਼ ਨੇ ਕਾਵਿਕ ਸ਼ਬਦ ਚਿਤਰ ਪੜ੍ਹੇ। ਪ੍ਰੋ. ਕਰਮ ਸਿੰਘ ਬਠਿੰਡਾ ਨੂੰ ਲੋਕ-ਕਾਵਿ ਐਵਾਰਡ ਦਿੱਤਾ ਗਿਆ ਤੇ ਉਹਨਾਂ ਬਾਰੇ ਪ੍ਰੋ. ਜੀਤ ਸਿੰਘ ਜੋਸ਼ੀ ਨੇ ਕਾਵਿਕ ਪੋਰਟਰੇਟ ਪੜ੍ਹਿਆ। ਜ਼ਿਲ੍ਹੇ ਦੀ ਕਵਿੱਤਰੀ ਐਵਾਰਡ ਡਾ. ਬਲਜੀਤ ਕੌਰ ਨੂੰ ਦਿੱਤਾ ਗਿਆ ਜਿਹਨਾਂ ਬਾਰੇ ਜੰਗ ਬਹਾਦਰ ਸਿੰਘ ਘੁੰਮਣ ਨੇ ਕੁਝ ਸ਼ਬਦ ਆਖੇ। ਸਿਰਜਣਾ ਕੇਂਦਰ ਵੱਲੋਂ ਸਭਾ ਨੂੰ ਸੇਵਾ ਅਤੇ ਸਾਹਿਤ ਰਾਹੀਂ ਸਮਰਪਿਤ ਛੇ ਸੇਵਕਾਂ ਅਤੇ ਲੇਖਕਾਂ ਦਾ ਸਨਮਾਨ ਵੀ ਕੀਤਾ ਗਿਆ ਜਿਹਨਾਂ ਵਿੱਚ ਸਰਵ ਸ੍ਰੀ ਸੁੱਚਾ ਸਿੰਘ ਦਾਗ, ਸੁਰਜੀਤ ਸਾਜਨ, ਰੂਪ ਦਬੁਰਜੀ, ਕੰਵਰ ਇਕਬਾਲ, ਕਿਰਨਜੀਤ ਬਸਰਾ ਅਤੇ ਮੰਗਲ ਸਿੰਘ ਭੰਡਾਲ ਸ਼ਾਮਲ ਹਨ।

ਇਕ ਛੋਟੇ ਜਿਹੇ ਵਕਫ਼ੇ ਵਿੱਚ ਸਿਰਜਣਾ ਕੇਂਦਰ ਦੀਆਂ ਦੋ ਪੁਸਤਕਾਂ 'ਸਿਰਜਣਾ ਦੇ ਨਕਸ਼' (ਕਾਵਿ-ਸੰਗ੍ਰਹਿ), 'ਸਿਰਜਣਾ ਦੇ ਅੰਗ ਸੰਗ' (ਮਿੰਨੀ ਕਹਾਣੀਆਂ), 'ਤਾਕਿ ਸਨਦ ਰਹੇ' (ਕਾਵਿ-ਸੰਗ੍ਰਹਿ) 'ਕੰਵਲ ਜੀਤ ਭੁੱਲਰ ਅਤੇ ਨਿਰਮਲ ਸਿੰਘ ਭੰਡਾਲ ਦਾ ਗ਼ਜ਼ਲ ਸੰਗ੍ਰਹਿ ਕੋਸੀ ਕੋਸੀ ਧੁੱਪ' ਕੁੱਲ ਚਾਰ ਪੁਸਤਕਾਂ ਰੀਲੀਜ਼ ਕੀਤੀਆਂ ਗਈਆਂ।

ਇਕ ਮਤੇ ਰਾਹੀ ਹਾਜ਼ਰ ਲੇਖਕਾਂ ਅਤੇ ਬੁਧੀਜੀਵੀਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਗੁਜਰਾਤ ਵਿੱਚ ਵਾਪਰ ਰਹੀਆਂ ਮੰਦਭਾਗੀ ਘਟਨਾਵਾਂ ਨੂੰ ਤੁਰੰਤ ਰੋਕਿਆ ਜਾਵੇ। ਇਸ ਤੋਂ ਮਗਰੋਂ ਕਵੀ ਦਰਬਾਰ ਸ਼ੁਰੂ ਹੋਇਆ ਜਿਸ ਵਿੱਚ ਸਰਵ ਸ੍ਰੀ ਹਰਫੂਲ ਸਿੰਘ, ਬਲਬੀਰ ਮਾਧੋਪੁਰੀ (ਦਿੱਲੀ), ਦਰਸ਼ਨ ਬੁਟਰ, ਪ੍ਰੋ. ਗੁਰਭਜਨ ਗਿੱਲ, ਸੁਰਿਦਰ ਗਿੱਲ, ਰਵਿੰਦਰ ਭੱਠਲ, ਸੁਰਜੀਤ ਜੱਜ, ਬਲਬੀਰ ਪਰਵਾਨਾ, ਸੁਸ਼ੀਲ ਦੋਸਾਂਝ, ਹਰਮੀਤ ਵਿਦਿਆਰਥੀ, ਡਾ. ਬਲਜੀਤ ਕੌਰ, ਹਰਦਿਆਲ ਸਾਗਰ, ਅਮਰੀਕ ਡੋਗਰਾ, ਬਖਤੌਰ ਧਾਰੀਵਾਲ, ਰਣਜੀਤ ਕੋਮਲ, ਖ਼ੁਸ਼ਵੰਤ ਕੰਵਲ, ਗੁਰਦਿਆਲ ਮੱਲ੍ਹਾ, ਹਰਜਿੰਦਰ ਰਾਜੂ, ਤਰਲੋਕ ਦੀਵਾਨਾ, ਮੁਸੱਵਰ ਫ਼ੀਰੋਜ਼ਪੁਰੀ, ਰਤਨ ਸਿੰਘ ਢਿੱਲੋਂ ਅੰਬਾਲਾ, ਜਗਦੀਸ਼ ਘਈ ਬਠਿੰਡਾ ਆਦਿ ਨਾਮਵਰ ਸ਼ਾਇਰਾਂ ਨੇ ਆਪੋ ਆਪਣਾ ਕਲਾਮ ਪੇਸ਼ ਕਰਕੇ ਜ਼ਿੰਦਗੀ ਦੇ ਸਫ਼ਰ ਦਾ ਇਜ਼ਹਾਰ ਕੀਤਾ)

ਹਾਜ਼ਰ ਸਾਹਿਤਕਾਰਾਂ ਅਤੇ ਸਾਹਿਤਕ ਪ੍ਰੇਮੀਆਂ ਵਿੱਚ ਸਰਵ ਸ੍ਰੀ ਨਿਰੰਜਣ ਸਿੰਘ ਸਾਥੀ, ਪ੍ਰੋ. ਅਵਤਾਰ ਜੌੜਾ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ, ਭਜਨ ਸਿੰਘ ਗਾੜ੍ਹਾ, ਕੁਲਵੰਤ ਔਜਲਾ, ਗੁਰਪ੍ਰੀਤ ਸਿੰਘ, ਗੁਰਪ੍ਰੀਤ ਲਾਲ ਲਾਂਬੜਾ, ਪਹਿਲਵਾਨ ਫ਼ਤਹਿ ਸਿੰਘ ਬਠਿੰਡਾ, ਸੁਰਿਦਰ ਕੇਲੇ 'ਅਣੂ', ਬਲਕਾਰ ਸਿੰਘ ਧੀਰ, ਤੇਜਬੀਰ ਸਿੰਘ, ਸ਼ਹਿਬਾਜ਼ ਖ਼ਾਨ ਭੱਟੀ, ਲਛਮਣ ਦਾਸ ਵਧਵਾ, ਦੇਵਿੰਦਰ ਸਿੰਘ, ਗ਼ਾਜ਼ੀਖ਼ਾਨ, ਮਾਨਵ ਭਨੋਟ, ਰਜਿੰਦਰ ਬਿਮਲ, ਵਿਰਸਾ ਸਿੰਘ, ਗੁਰਭਜਨ ਲਾਸਾਨੀ, ਡਾ. ਹਰਭਜਨ ਸਿੰਘ, ਰੋਸ਼ਨ ਖੈੜਾ, ਤਸਕੀਨ, ਹਰਵਿੰਦਰ ਭੰਡਾਲ, ਖ਼ਜ਼ਾਨ ਸਿੰਘ, ਸੁਖਪਾਲ ਸਿੰਘ ਬਿਧ, ਪਿਆਰਾ ਸਿੰਘ ਭੋਗਲ, ਸਰਬਜੀਤ ਸਿੰਘ ਹੀਰਾ, ਤੀਰਥ ਰਾਮ ਬਾਤਿਸ਼, ਰਤਨ ਸਿੰਘ ਢਿੱਲੋਂ, ਗੁਰਮੀਤ ਸਿੰਘ, ਰੀਜਨਲ ਕੈਂਪਸ ਜਲੰਧਰ ਤੋਂ ਸਰਬਜੀਤ ਸਿੰਘ, ਅਮਨਦੀਪ ਕੌਰ, ਹਰਪ੍ਰੀਤ ਕੌਰ ਤੇ ਪ੍ਰਭਜੀਤ ਕੌਰ, ਜਸਵੰਤ ਸਿੰਘ ਖ਼ਡੂਰ ਸਾਹਿਬ, ਚੰਨ ਮੋਮੀ, ਪ੍ਰੋ. ਕੇਵਲ ਸਿੰਘ ਪਰਵਾਨਾ; ਸੁਖਵਿੰਦਰ ਸਿੰਘ ਰੰਧਾਵਾ, ਇਬਲੀਸ, ਲਖਬੀਰ ਸਿੰਘ ਪਹਿਲ, ਪਰਮਜੀਤ ਸਿੰਘ ਸੇਖੋਂ, ਬਲਬੀਰ ਸਿੰਘ, ਡਾ. ਅਨੁਰਾਗ ਸ਼ਰਮਾ, ਸੰਤੋਖ ਮੱਲ੍ਹੀ, ਅਜੈਬ ਸਿੰਘ, ਅਮਰ ਸਿੰਘ ਅਕਾਸ਼ਵਾਣੀ ਜਲੰਧਰ, ਅਸ਼ਵਨੀ ਟਿੱਬਾ, ਸੁਖਦੇਵ ਸਿੰਘ ਸਿੱਧੂ, ਬਲਬੀਰ ਸ਼ੇਰਪੁਰੀ, ਪ੍ਰਿੰਸੀਪਲ ਪ੍ਰੋਮਿਲਾ ਅਰੋੜਾ, ਰਾਜਵਿੰਦਰ ਰਾਜੀ, ਬਰਜੇਸ਼, ਦਿਲਬਾਗ ਸਿੰਘ ਹੁੰਦਲ, ਧਰਮਪਾਲ ਪੈਂਥਰ ਆਦਿ ਦੇ ਨਾਂ ਵਿਸ਼ੇਸ਼ ਜ਼ਿਕਰ ਯੋਗ ਹਨ।

ਡਾ. ਮਦਨ ਲਾਲ ਹਸੀਜਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਨੇ ਵਿਭਾਗ ਦੀਆਂ ਸਰਗਰਮੀਆਂ ਅਤੇ ਪ੍ਰਾਪਤੀਆਂ ਬਾਰੇ ਦਸਦਿਆਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਹਾਜ਼ਰ ਲੇਖਕਾਂ, ਬੁਧੀਜੀਵੀਆਂ ਅਤੇ ਸਾਹਿਤ ਪ੍ਰੇਮੀਆਂ ਦਾ ਹੁੰਗਾਰਾ ਅਤੇ ਸਹਿਯੋਗ ਮੰਗਿਆ।

ਸਿਰਜਣਾ ਕੇਂਦਰ ਵੱਲੋਂ ਡਾ. ਹਸੀਜਾ ਅਤੇ ਸ੍ਰੀ ਐੱਸ. ਵੀ. ਕਪਿਲ ਨੂੰ ਸਨਮਾਨਿਤ ਕੀਤਾ ਗਿਆ। ਹਰ ਇਕ ਸਨਮਾਨ ਵਿੱਚ ਇਕ ਯਾਦ ਨਿਸ਼ਾਨੀ ਸਨਮਾਨ ਪੱਤਰ ਅਤੇ ਇਕ ਖੇਸ ਸ਼ਾਮਲ ਸੀ।

ਅੰਤ ਵਿੱਚ ਕੇਂਦਰ ਦੇ ਪ੍ਰਧਾਨ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੇ ਪੌਣੇ ਕੁ ਦੋ ਸੌ ਦੀ ਗਿਣਤੀ ਦੇ ਇਕੱਠ ਵਿੱਚ ਹਾਜ਼ਰ ਸ਼ਖ਼ਸੀਅਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਦੁਪਹਿਰ ਦੇ ਖਾਣੇ ਦੀ ਦਾਅਵਤ ਦਿੱਤੀ। ਪੂਰੇ ਪੰਜ ਘੰਟੇ ਚੱਲੇ ਇਸ ਸਮਾਗਮ ਦੀ ਮੰਚ ਸੰਚਾਲਨਾ ਕੇਂਦਰ ਦੇ ਜਨਰਲ ਸਕੱਤਰ ਕੰਵਰ ਇਮਤਿਆਜ਼ ਨੇ ਨਿਭਾਈ।

*ਰਿਪੋਰਟ : ਕੰਵਰ ਇਮਤਿਆਜ਼*
*ਜਨਰਲ ਸਕੱਤਰ*

## ਸੁਰ ਸ਼ਬਦ ਮੰਚ ਲੁਧਿਆਣਾ ਵਲੋਂ ਸੁਰਮਈ ਸ਼ਾਮ

ਮਿਤੀ ੧੮-੫-੨੦੦੨, ਦਿਨ ਸ਼ਨੀਵਾਰ ਨੂੰ ਸੁਰ ਸਬਦ ਮੰਚ ਲੁਧਿਆਣਾ ਵਲੋਂ ਸੁਰਮਈ ਸ਼ਾਮ ਸੰਜੀਦਾ ਸਰੋਤਿਆਂ ਦੇ ਨਾਮ ਅਰਬਨ ਅਸਟੇਟ ਲੁਧਿਆਣਾ ਵਿਖੇ ਆਯੋਜਿਤ ਕੀਤੀ ਗਈ। ਪ੍ਰੋਗਰਾਮ ਦਾ ਸ਼ੁਭ ਆਰੰਭ ਵਿਧੀ ਪੂਰਵਕ ਸਤਿਕਾਰਯੋਗ ਸੁਰਜੀਤ ਪਾਤਰ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਸ: ਕਰਮਜੀਤ ਸਿੰਘ ਔਜਲਾ ਵਲੋਂ ਕੀਤਾ ਗਿਆ। ਪ੍ਰੋਗਰਾਮ ਨੂੰ ਸ਼ੁਰੂ ਕਰਦਿਆਂ ਗਜ਼ਲ ਗਾਇਕ ਐਸ. ਗੁਰਦੀਪ ਜਿਨ੍ਹਾਂ ਨੇ ਬਹੁਤ ਹੀ ਵਧੀਆ ਅੰਦਾਜ਼ ਵਿੱਚ ਆਪਣੇ ਸਾਥੀਆਂ ਸਮੇਤ ਪਾਤਰ ਜੀ ਦਾ ਕਲਾਮ

> ਇਸ ਤਰ੍ਹਾਂ, ਜਿਸ ਤਰ੍ਹਾਂ ਦਿਨ ਰਾਤ ਵਿਚਲਾ ਫਾਸਲਾ,
> ਮੇਰੀਆਂ ਰੀਝਾਂ ਮੇਰੀ ਔਕਾਤ ਵਿਚਲਾ ਫਾਸਲਾ

ਅਤੇ ਸ਼ਿਵ ਕੁਮਾਰ ਦਾ ਕਲਾਮ

> ਉਮਰਾਂ ਦੇ ਸਰਵਰ ਸਾਹਵਾਂ ਦਾ ਪਾਣੀ
> ਗੀਤਾਂ ਦੀ ਚੁੰਝ ਭਰੀਂ

ਸੁਣਾ ਕੇ ਆਏ ਹੋਏ ਸਰੋਤਿਆਂ ਦੇ ਮਨ ਨੂੰ ਪ੍ਰਭਾਵਿਤ ਕਰਕੇ ਪ੍ਰਸੰਸਾ ਦੇ ਪਾਤਰ ਬਣੇ। ਸ: ਸਰੂਪ ਸਿੰਘ ਅਲੱਗ, ਸ੍ਰੀ ਨਰਿੰਦਰ ਸ਼ਰਮਾ, ਅਵਤਾਰ ਸਿੰਘ ਜੀ, ਜੀ. ਐਸ. ਨਿੱਝਰ ਅਤੇ ਪ੍ਰੋਗਰਾਮ ਦੇ ਆਯੋਜਕਾਂ ਵਲੋਂ ਸੁਰਜੀਤ ਪਾਤਰ ਜੀ ਨੂੰ ਜੀ ਆਇਆਂ ਆਖਿਆ।

ਸ: ਕਰਮਜੀਤ ਸਿੰਘ ਔਜਲਾ ਦਾ ਸਨਮਾਨ ਸ: ਜਗਜੀਤ ਸਿੰਘ ਜੀ ਅਤੇ ਸ: ਸੁਖਦੇਵ ਸਿੰਘ ਬਸੰਤ ਜੀ ਨੇ ਕੀਤਾ। ਇਸ ਸੁਰਮਈ ਸ਼ਾਮ ਵਿਚ ਬਹੁਤ ਹੀ ਉੱਘੇ ਸਾਹਿਤਕਾਰ, ਨਾਵਲਕਾਰ, ਚਿੱਤਰਕਾਰ, ਸੰਗੀਤਕਾਰ ਜਿਵੇਂ ਕਿ ਸ: ਜਸਵੰਤ ਜ਼ਫਰ ਜੀ, ਪ੍ਰੋਫੈਸਰ ਕੰਵਲਜੀਤ ਸਿੰਘ ਜੀ, ਸ: ਜਗਮੋਹਨ ਸਿੰਘ ਜੀ, ਸਤਨਾਮ ਸਿੰਘ ਜੀ ਕੋਮਲ, ਰਜੇਸ਼ ਮੇਹਰਾ ਜੀ, ਸ: ਪਰਗਟ ਸਿੰਘ ਗਰੇਵਾਲ, ਸ: ਅਮਰਜੀਤ ਸਿੰਘ ਬੁਰਜੀ, ਸੰਤ ਦਲੀਪ ਸਿੰਘ ਜੀ, ਸੂਬਾ ਹਰਭਜਨ ਸਿੰਘ ਜੀ, ਸ: ਸੁਰਿੰਦਰ ਸਿੰਘ ਲਾਇਲ, ਸੁਖਵਿੰਦਰ ਸਿੰਘ (ਹੈਪੀ) ਅਤੇ ਸ੍ਰੀ ਭੈਣੀ ਸਾਹਿਬ ਤੋਂ ਰਾਗੀ ਸੰਤ ਹਰਬੰਸ ਸਿੰਘ ਜੀ ਘੁੱਲਾ, ਸੰਤ ਮੋਹਨ ਸਿੰਘ ਜੀ ਅਤੇ ਤਬਲਾ ਵਾਦਕ ਸ੍ਰੀ ਰਜੇਸ਼ ਮਾਲਵੀਆ ਅਤੇ ਬਹੁਤ ਵਧੀਆ ਬੁਲਾਰੇ ਸੰਤ ਹਰਪਾਲ ਸਿੰਘ ਜੀ, ਬੀਬੀ ਸੁਖਜੀਤ ਕੌਰ ਜੀ ਅਤੇ ਹੋਰ ਪ੍ਰਸਿੱਧ ਸ਼ਖ਼ਸੀਅਤਾਂ ਨੇ ਇਸ ਪ੍ਰੋਗਰਾਮ ਵਿਚ ਆ ਕੇ ਆਪਣੇ ਆਪਣੇ ਵਿਚਾਰਾਂ ਰਾਹੀਂ ਆਖਿਆ ਕਿ ਪੰਜਾਬੀਆਂ ਨੂੰ ਪੰਜਾਬੀਅਤ ਦੀ, ਸਭਿਆਚਾਰ ਦੀ ਲੋੜ ਹੈ। ਇਹੋ ਜਿਹੇ ਸਭਿਆਚਾਰਕ ਪ੍ਰੋਗਰਾਮਾਂ ਰਾਹੀਂ ਅਸੀਂ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਅਤੇ ਸਹੀ ਸਭਿਆਚਾਰ ਬਾਰੇ ਜਾਣੂ ਕਰਵਾ ਸਕਦੇ ਹਾਂ। ਸਟੇਜ ਦਾ ਸੰਚਾਲਨ ਸ: ਅਜੀਤ ਸਿੰਘ ਲਾਇਲ ਜੀ ਨੇ ਬਾਖੂਬੀ ਅੰਦਾਜ਼ ਵਿੱਚ ਨਿਭਾਇਆ ਜਿਨ੍ਹਾਂ ਦੇ ਹਰ ਲਫਜ਼ ਵਿੱਚ ਪ੍ਰੇਰਨਾ ਦੀ ਝਲਕ ਨਜ਼ਰ ਆਉਂਦੀ ਸੀ। ਉਨ੍ਹਾਂ ਨੇ ਆਪਣੇ ਅੰਦਾਜ਼ ਵਿੱਚ ਸ਼ਾਇਰੀ ਕਰਦਿਆਂ ਆਖਿਆ

> "ਹਵਾਏ ਜੇ ਕਿਤੇ ਉਹ ਮਿਲ ਗਿਆ ਤਾਂ ਉਸਨੂੰ ਆਖੀਂ
> ਮੈਂ ਦਿਲ ਦੀ ਗੱਲ ਕਹਿਣੀ ਲੋਚਦਾਂ ਜੇਕਰ ਸਮਾਂ ਹੋਵੇ।
> ਉਹ ਮੇਰੇ ਕੋਲ ਜੱਦ ਹੁੰਦਾ ਅਕਸਰ ਇਵੇਂ ਲਗਦਾ
> ਜਿਵੇਂ ਮੇਰੇ ਚੁਫੇਰੇ ਸੂਰਜ ਦਾ ਦਰਿਆ ਰਵਾਂ ਹੋਵੇ।"

ਅਤੇ ਆਏ ਹੋਏ ਗੁਣੀਜਨਾਂ ਨਾਲ ਤੁਆਰਫ ਕਰਵਾਇਆ। ਪ੍ਰਸਿੱਧ ਨੌਜਵਾਨ ਗਾਇਕ ਦੇਵ ਦਿਲਦਾਰ ਨੇ ਰਾਗਾਂ ਦੀਆਂ ਸੁਰਾ ਵਿਚ ਪੰਜਾਬੀ ਰਚਨਾਵਾਂ ਗਾਈਆਂ। ਉਸ ਨੇ ਪ੍ਰੋਗਰਾਮ ਵਿਚ ਰਾਗ ਭੈਰਵੀ ਤੇ ਅਧਾਰਿਤ ਪਾਤਰ ਦਾ ਕਲਾਮ

> "ਜਗਾ ਦੇ ਮੋਮ ਬੱਤੀਆਂ, ਉੱਠ ਜਗਾ ਦੇ ਮੋਮ ਬੱਤੀਆਂ,
> ਇਹ ਤਾਂ ਇਥੇ ਵਗਦੀਆਂ ਰਹਿਣੀਆਂ ਪੌਣਾਂ ਕੁਪੱਤੀਆਂ,
> ਉੱਠ ਜਗਾ ਦੇ ਮੋਮ ਬੱਤੀਆਂ"

ਅਤੇ

> "ਆ ਸਜਣਾ ਵਖਾਵਾਂ ਤਸਵੀਰ ਤੇਰੇ ਸ਼ਹਿਰ ਦੀ,
> ਲਗਦੀ ਨਹੀਓਂ ਚੰਗੀ ਤਕਦੀਰ ਤੇਰੇ ਸ਼ਹਿਰ ਦੀ"

ਅਤੇ

> "ਆਪਣੀ ਮਿੱਟੀ ਜਿਸ ਤੇ ਪਹਿਲਾਂ ਪੈਰ ਟਿਕਾ ਕੇ
> ਤੁਰਨਾ ਸਿਖਿਆ ਜਿੱਥੇ ਤੋਰਾਂ ਨੂੰ ਮਟਕਾ ਕੇ"

ਅਨੇਕਾਂ ਹੀ ਕਲਾਮ ਸੁਣਾ ਕੇ ਪ੍ਰੋਗਰਾਮ ਦੀ ਰੌਣਕ ਨੂੰ ਬਰਕਰਾਰ ਰਖਿਆ।

ਕਾਕਾ ਅਜੇਪਾਲ ਸਿੰਘ ਵਲੋਂ ਤਬਲੇ ਤੇ ਸੋਲੋ ਵਾਦਨ ਕੀਤਾ ਗਿਆ। ਹਰਮੋਨੀਅਮ ਤੇ ਸੰਗਤ ਕਾਕਾ ਗੁਰਲਾਲ ਸਿੰਘ ਨੇ ਕੀਤੀ। ਸ: ਮਹੀਆ ਸਿੰਘ ਜੀ ਜੋ ਕਿ ਸ: ਬਲਜੀਤ ਸਿੰਘ ਜੀ ਦੇ ਸ਼ਾਗਿਰਦ ਹਨ ਨੇ ਤਾਰ ਸ਼ਹਿਨਾਈ ਦੁਆਰਾ ਅਤੇ ਗੁਰਦਿਆਲ ਸਿੰਘ ਜੋ ਕਿ ਪ੍ਰੋਫੈਸਰ ਵਰਿੰਦਰ ਕੁਮਾਰ ਜੀ ਦੇ ਸ਼ਾਗਿਰਦ ਹਨ ਨੇ ਸਿਤਾਰ ਤੇ ਜੁਗਲਬੰਦੀ ਕਰਦਿਆਂ ਆਪਣੇ ਆਪਣੇ ਗੁਰੂਜਨਾਂ ਤੋਂ ਸਿੱਖੀ ਵਿਦਿਆ ਦੁਆਰਾ ਸਤਿਗੁਰੂ ਜਗਜੀਤ ਸਿੰਘ ਜੀ ਕ੍ਰਿਪਾ ਰਾਹੀਂ ਰਾਗਾਂ ਦੇ ਅਧਾਰਿਤ ਪ੍ਰੋਗਰਾਮ ਪੇਸ਼ ਕੀਤਾ। ਤਬਲੇ ਤੇ ਸੰਗਤ ਹਰਪ੍ਰੀਤ ਸਿੰਘ ਸੋਨੂੰ ਜੋ ਕਿ ਪੰਡਿਤ ਰਾਮ ਜੀ ਮਿਸ਼ਰਾ ਦੇ ਸ਼ਾਗਿਰਦ ਹਨ ਨੇ ਬਹੁਤ ਹੀ ਵਧੀਆਂ ਤਰੀਕੇ ਨਾਲ ਕੀਤੀ। ਫੁੱਲ ਅਤੇ

ਮਹਿਕ ਜਿਨ੍ਹਾਂ ਦਾ ਆਪਸੀ ਮੇਲ ਬਰਾਬਰ ਹੈ ਜੇਕਰ ਫੁੱਲ ਵਿਚ ਮਹਿਕ ਨਾ ਹੋਵੇ ਤਾਂ ਫੁੱਲ ਫੁੱਲ ਨਹੀਂ ਹੁੰਦਾ, ਉਹ ਮਹਿਕ ਸ: ਹਰਪ੍ਰੀਤ ਸਿੰਘ ਸੇਠੂੰ ਨੇ ਤਬਲੇ ਦੀ ਸੰਗਤ ਰਾਹੀਂ ਭਰੀ।

ਪ੍ਰੋਗਰਾਮ ਦੇ ਆਖਿਰ ਵਿੱਚ ਮਨਜੀਤ ਰੂਪੋ ਵਾਲੀਆ ਨੇ ਜਸਜੀਤ ਜੀ ਦਾ ਕਲਾਮ ਗਾਇਆ ਜਿਸਦੇ ਬੋਲ ਸਨ "ਕਰੋ ਦੁਆ ਕਿ ਸੂਰਜ ਮੰਗਦਾ ਰਹੇ ਇਸ ਧਰਤੀ ਤੇ ਚਾਨਣ ਮੇਲਾ ਲਗਦਾ ਰਹੇ" ਅਤੇ ਪਾਤਰ ਜੀ ਨੇ ਆਪਣੇ ਸ਼ੁੱਭ ਲਫਜ਼ਾਂ ਰਾਹੀਂ ਇਸ ਪ੍ਰੋਗਰਾਮ ਦੇ ਆਯੋਜਕਾਂ ਨੂੰ ਸ਼ਾਬਾਸ਼ ਦਿੱਤੀ ਅਤੇ ਕਿਹਾ ਕਿ ਅਜਿਹੇ ਸਭਿਆਚਾਰਕ ਪ੍ਰੋਗਰਾਮ ਹੋਣੇ ਜ਼ਰੂਰੀ ਹਨ। ਅਤੇ ਇੱਕ ਸ਼ੇਅਰ ਆਖਦੇ ਹੋਏ ਪ੍ਰੋਗਰਾਮ ਦੀ ਸਮਾਪਤੀ ਕੀਤੀ—

"ਬਹੁਤ ਦਿਲ ਖੁਸ਼ ਹੁਆ ਹਾਲੀ ਸੇ ਮਿਲ ਕੇ,<br>ਅਭੀ ਕੁਛ ਲੋਗ ਹੈ ਜਹਾਂ ਮੇਂ"

ਆਏ ਹੋਏ ਸਾਰੇ ਪਤਵੰਤੇ ਸਜਣਾਂ ਦਾ ਸਨਮਾਨ ਕੀਤਾ ਗਿਆ।

*(ਸੁਰਿੰਦਰ ਸਿੰਘ ਛਿੰਦਾ)*

## ਕੈਫ਼ੀ ਆਜ਼ਮੀ ਦਾ ਦੇਹਾਂਤ-ਸ਼ੋਕ ਦਾ ਪ੍ਰਗਟਾਅ

ਜਲੰਧਰ, ੧੧ ਮਈ-ਫਿਲਮ ਜਗਤ ਅਤੇ ਹਿੰਦੁਸਤਾਨੀ ਸ਼ਾਇਰੀ ਦੀ ਮਾਇਆਨਾਜ਼ ਹਸਤੀ ਅਤੇ ਅਗਾਂਹ-ਵਧੂ ਚਿੰਤਕ ਜਨਾਬ ਕੈਫ਼ੀ ਆਜ਼ਮੀ ਦੇ ਦਿਹਾਂਤ ਉੱਤੇ ਪੰਜਾਬੀ ਲੇਖਕ ਸਭਾ (ਰਜਿ.) ਜਲੰਧਰ ਨਾਲ ਸਬੰਧਿਤ ਸ਼ਾਇਰਾਂ ਅਤੇ ਸਾਹਿਤਕਾਰਾਂ ਨੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਕੈਫ਼ੀ ਆਜ਼ਮੀ ਨਾ ਕੇਵਲ ਆਜ਼ਾਦੀ-ਸੰਗਰਾਮੀਏ ਸਨ ਸਗੋਂ ਉਨ੍ਹਾਂ ਨੇ ਆਮ ਲੋਕਾਂ ਦੇ ਹੱਕ ਵਿੱਚ ਅਗਾਂਹ-ਵਧੂ ਲਹਿਰ ਵਿਚ ਵੀ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਦੇ ਫਿਲਮ-ਗੀਤ ਇਨਸਾਨੀ ਦਰਦ ਦੇ ਅਹਿਸਾਸ ਨਾਲ ਭਰੇ ਹੋਏ ਹਨ। ਉਨ੍ਹਾਂ ਦੇ ਕਾਵਿ ਸੰਗ੍ਰਹਿ 'ਅਵਾਰਾ ਸਿਜਦੇ' ਨੂੰ ਸਾਹਿਤ ਅਕਾਡਮੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਸੋਵੀਅਤ ਲੈਂਡ ਪੁਰਸਕਾਰ ਅਤੇ ਪਦਮ ਸ੍ਰੀ ਸਨਮਾਨ ਵੀ ਪ੍ਰਾਪਤ ਕੀਤਾ। ਕੈਫ਼ੀ ਆਜ਼ਮੀ ਸਾਹਿਬ ਆਪਣੀ ਧੀ ਸ਼ਬਾਨਾ ਆਜ਼ਮੀ ਦੇ ਰੂਪ ਵਿੱਚ ਦੇਸ਼ ਨੂੰ ਆਪਣੀ ਸੋਚ ਅਤੇ ਕਲਾ ਦੀ ਇਕ ਵਾਰਸ ਭਾਵੇਂ ਦੇ ਗਏ ਹਨ ਪਰ ਉਨ੍ਹਾਂ ਦੇ ਦਿਹਾਂਤ ਨਾਲ ਸਾਹਿਤ ਤੇ ਸਭਿਆਚਾਰ ਦੇ ਖੇਤਰ ਵਿਚ ਜੋ ਘਾਟਾ ਪਿਆ ਹੈ, ਉਸ ਨੂੰ ਪੂਰਾ ਕਰਨਾ ਆਸਾਨ ਨਹੀਂ ਹੋਵੇਗਾ।

ਸ਼ੋਕ ਦਾ ਪ੍ਰਗਟਾਵਾ ਕਰਨ ਵਾਲੇ ਸਾਹਿਤਕਾਰਾਂ ਵਿਚ ਪ੍ਰੋ. ਪਿਆਰਾ ਸਿੰਘ ਭੋਗਲ, ਪ੍ਰੋ. ਵਰਿਆਮ ਸਿੰਘ ਸੰਧੂ, ਸ. ਜਗਦੀਸ਼ ਸਿੰਘ ਵਰਿਆਮ, ਸ. ਕੁਲਦੀਪ ਸਿੰਘ ਬੇਦੀ, ਸਤਨਾਮ ਸਿੰਘ ਮਾਣਕ, ਲਖਵਿੰਦਰ ਜੌਹਲ, ਪ੍ਰੋ. ਜਗੀਰ ਕਾਹਲੋਂ, ਗੁਰਬਖਸ਼ ਸਿੰਘ ਬੰਨੋਆਣਾ, ਨਰਿੰਜਨ ਸਿੰਘ ਸਾਥੀ, ਉਮਿੰਦਰ ਜੌਹਲ ਅਤੇ ਗੁਰਦੀਸ਼ ਆਰਟਿਸਟ ਦੇ ਨਾਂ ਵਰਨਣਯੋਗ ਹਨ।

## ਵਰਿਆਮ ਸਿੰਘ ਸੰਧੂ ਦਾ ਲੰਡਨ ਵਿਚ ਸਨਮਾਨ

ਲੰਡਨ:—ਪੰਜਾਬੀ ਦੇ ਸਿਰਮੌਰ ਕਹਾਣੀਕਾਰ, ਪ੍ਰਮੁੱਖ ਵਾਰਤਕ ਲੇਖਕ ਤੇ ਭਾਰਤੀ ਸਾਹਿਤ ਅਕਾਦਮੀ ਦਿੱਲੀ ਤੇ ਹੋਰ ਅਨੇਕਾਂ ਸਾਹਿਤਕ ਅਤੇ ਸਭਿਆਚਾਰਕ ਅਦਾਰਿਆਂ ਵੱਲੋਂ ਸਨਮਾਨਿਤ ਡਾ. ਵਰਿਆਮ ਸਿੰਘ ਸੰਧੂ ਦਾ ਇਥੇ ਲੰਡਨ ਪੁੱਜਣ 'ਤੇ ਪੰਜਾਬੀ ਭਾਈਚਾਰੇ ਵੱਲੋਂ ਭਰਪੂਰ ਸੁਆਗਤ ਅਤੇ ਸਨਮਾਨ ਕੀਤਾ ਗਿਆ, ਜਿਸ ਵਿੱਚ ਹਾਰਾਂ, ਤੋਹਫ਼ਿਆਂ ਤੋਂ ਇਲਾਵਾ ਇਕ ਲੱਖ ਰੁਪਏ ਦੀ ਰਾਸ਼ੀ ਵੀ ਡਾ. ਸੰਧੂ ਨੂੰ ਭੇਟ ਕੀਤੀ ਗਈ। ਪ੍ਰਸਿੱਧ ਪਹਿਲਵਾਨ ਗੁਰਪਾਲ ਸਿੰਘ ਪਾਲ, ਜੀਵਨ ਸਿੰਘ ਢਿਲੋਂ ਅਤੇ ਗੁਰਚਰਨ ਸਿੰਘ ਢਿਲੋਂ ਦੇ ਸੱਦੇ ਉੱਤੇ ਖੇਡਾਂ, ਕਲਾ ਅਤੇ ਸਾਹਿਤ ਦੇ ਸਰਪ੍ਰਸਤ ਅਤੇ ਪ੍ਰੇਮੀ ਪੰਜਾਬੀ ਹੁੰਮ-ਹੁੰਮਾ ਕੇ ਪੁੱਜੇ। ਗੁਰਚਰਨ ਸਿੰਘ ਢਿਲੋਂ ਨੇ ਵਰਿਆਮ ਸਿੰਘ ਸੰਧੂ ਦੀ ਕਹਾਣੀ-ਖ਼ੇਤਰ ਵਿੱਚ ਮਾਣ-ਯੋਗ ਦੇਣ ਦਾ ਜ਼ਿਕਰ ਕਰਦਿਆਂ ਉਹਨਾਂ ਦੁਆਰਾ ਲਿਖੀ ਵਾਰਤਕ 'ਕੁਸ਼ਤੀ ਦਾ ਧਰੂ-ਤਾਰਾ-ਕਰਤਾਰ ਸਿੰਘ,' 'ਪਰਦੇਸੀ ਪੰਜਾਬ' ਅਤੇ 'ਵਗਦੀ ਏ ਰਾਵੀ' ਦੀ ਲੋਕ-ਪ੍ਰਵਾਨਗੀ ਅਤੇ ਕੀਲ ਲੈਣ ਵਾਲੀ ਸ਼ੈਲੀ ਦੀ ਉਚੇਚੇ ਤੌਰ ਤੇ ਪ੍ਰਸ਼ੰਸਾ ਕੀਤੀ। ਉਸ ਅਨੁਸਾਰ ਡਾ. ਸੰਧੂ ਦੀਆਂ ਲਿਖਤਾਂ ਵਿੱਚ ਪੰਜਾਬ ਦੀ ਆਤਮਾ ਬੋਲਦੀ ਹੈ। ਪਹਿਲਵਾਨ ਗੁਰਪਾਲ ਸਿੰਘ ਨੇ ਲੰਡਨ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਵਰਿਆਮ ਸਿੰਘ ਸੰਧੂ ਨੂੰ ਜੀ ਆਇਆਂ ਆਖਿਆ। ਉਸ ਅਨੁਸਾਰ ਸੰਧੂ ਕੋਲ ਤਹਿਰੀਰ ਤੇ ਤਕਰੀਰ ਦੇ ਦੋਵੇਂ ਗੁਣ ਹਨ ਤੇ ਇਹ ਵਿਰਲੇ ਲੋਕਾਂ ਵਿੱਚ ਹੀ ਹੁੰਦੇ ਹਨ। ਪ੍ਰਸਿੱਧ ਸ਼ਾਇਰ ਜਗਤਾਰ ਢਾਅ ਨੇ ਕਿਹਾ ਕਿ ਸਾਡੇ ਲਈ ਇਹ ਬਹੁਤ ਮਾਣ ਦੀ ਗੱਲ ਹੈ ਕਿ ਅਸੀਂ ਆਪਣੇ ਸਮਿਆਂ ਦੇ ਮਹਾਨ ਕਹਾਣੀਕਾਰ ਦੇ ਅੰਗ-ਸੰਗ ਬੈਠੇ ਹਾਂ।

ਡਾ. ਬਲਦੇਵ ਸਿੰਘ ਢਿਲੋਂ ਦੀ ਕਥਨ ਸੀ ਕਿ ਵਰਿਆਮ ਸਿੰਘ ਸੰਧੂ ਦੀਆਂ ਲਿਖਤਾਂ ਦਾ ਪੱਧਰ ਕਿਸੇ ਵੀ ਤਰ੍ਹਾਂ ਦੀ ਉਚ-ਪੱਧਰੀ ਅੰਗਰੇਜ਼ੀ ਲਿਖਤ ਨਾਲੋਂ ਘੱਟ ਨਹੀਂ। ਜੀਵਨ ਸਿੰਘ ਢਿਲੋਂ ਨੇ ਵੀ ਸ਼ਾਇਰਾਨਾ ਅੰਦਾਜ਼ ਵਿੱਚ ਹੀ ਸੰਧੂ ਹੁਰਾਂ ਦੀ ਪ੍ਰਾਪਤੀ ਨੂੰ ਸਮੁੱਚੇ ਪੰਜਾਬੀਆਂ ਦੀ ਪ੍ਰਾਪਤੀ ਆਖਿਆ। ਇਸ ਮੌਕੇ ਗੀਤ ਸੰਗੀਤ ਵੀ ਹੋਇਆ। ਯਾਦਗਾਰੀ ਸ਼ਾਮ ਵਿੱਚ ਸ਼ਾਮਲ ਹੋਏ ਪ੍ਰਮੁੱਖ ਵਿਅਕਤੀਆਂ ਵਿੱਚੋਂ ਕੇਵਲ ਸਿੰਘ ਰੰਧਾਵਾ, ਪ੍ਰੇਮ ਸਿੰਘ, ਧੰਨਾ ਸਿੰਘ ਬੱਲ, ਸੁਖਮਿੰਦਰ ਬਾਠ, ਦਿਆਲਾ ਸਿੰਘ, ਦਿਲਬਾਗ ਸਿੰਘ, ਹੀਰਾ ਸਿੰਘ ਢਿਲੋਂ, ਸ਼ਮੀਲ ਕਾਲਾ, ਮਹਿੰਦਰ ਸਿੰਘ ਗਿੱਲ, ਅਜੀਤ ਸਿੰਘ ਗਿੱਲ, ਜਸਪਾਲ ਸਿੰਘ ਢਿਲੋਂ, ਮਹਿੰਦਰਪਾਲ, ਜਸਵਿੰਦਰ ਸਿੰਘ ਢਿਲੋਂ, ਅਮਰੀਕ ਸਿੰਘ ਧਨੋਆ, ਹਰਜਿੰਦਰ ਸਿੰਘ ਧਨੋਆ, ਚਾਚਾ ਧਨੋਆ ਤਰਸੇਮ ਜੌਹਲ, ਪ੍ਰਤਾਪ ਸਿੰਘ, ਜੌਂਗਾ ਭੁੱਲਰ ਦੇ ਨਾਂਅ ਵਰਨਣਯੋਗ ਹਨ।

ਅੰਤ ਵਿੱਚ ਡਾ. ਵਰਿਆਮ ਸਿੰਘ ਸੰਧੂ ਨੇ ਬੜੇ ਭਾਵਪੂਰਤ ਸ਼ਬਦਾਂ ਵਿੱਚ ਆਪਣੇ ਸਭ ਸਨੇਹੀਆਂ ਦਾ ਡੂੰਘੇ ਦਿਲ ਤੋਂ ਧੰਨਵਾਦ ਕੀਤਾ।

# ਪ੍ਰਤੀਕਿਰਿਆ

ਉਮਰ ਦੇ ਮੇਰੇ ਵਾਲੇ ਦੌਰ ਵਿੱਚ ਪੁੱਜ ਕੇ ਸਮੇਂ ਦੇ ਮੁੱਲ ਦਾ ਅਹਿਸਾਸ ਭਲੀਭਾਂਤ ਹੋਣ ਲਗਦਾ ਹੈ। ਤਿਲ ਥੋੜ੍ਹੇ ਰਹਿ ਗਏ ਹੋਣ ਕਰਕੇ ਉਹਨਾਂ ਨੂੰ ਸਾਂਭ-ਸਾਂਭ ਰੱਖਣ ਅਤੇ ਸਰਫ਼ੇ ਨਾਲ ਵਰਤਣ ਨੂੰ ਦਿਲ ਕਰਦਾ ਹੈ। ਕੰਮਾਂ ਦੀ ਭਰਮਾਰ ਅਤੇ ਕੰਮਾਂ ਨੂੰ ਮੁਕਾਉਣ ਦੀ ਕਾਹਲੀ ਹੁੰਦੀ ਹੈ। 'ਵਰਿਆਮ' ਆ ਕੇ ਸਭ ਕੰਮ ਛੁਡਾ ਦਿੰਦਾ ਹੈ ਅਤੇ ਪੜ੍ਹਨ ਲਈ ਮਜਬੂਰ ਕਰਦਾ ਹੈ। ਇਹ ਪੜ੍ਹਨਯੋਗ ਸਮਗਰੀ ਪਰੋਸਣ ਦੀ ਤੁਹਾਡੀ ਸਫ਼ਲਤਾ ਹੈ। ਇਸ ਵਾਰ ... ਤੇ ਢੋਲਕ ਵੱਜਦੀ ਰਹੀ' ਪੜ੍ਹ ਕੇ ਬੁੱਧੀਮਾਨ ਸਟੇਜੀ ਕਵੀ ਸੰਸਾਰ ਸਿੰਘ ਗ਼ਰੀਬ ਦੀ ਪ੍ਰਸਿੱਧ ਕਵਿਤਾ 'ਕਿੰਨੀ ਸੁਹਣੀ ਰੱਬ ਨੇ ਬਣਾਈ ਤੇਰੀ ਢੋਲਕੀ' ਯਾਦ ਆ ਗਈ। ਯਾਦਾਂ ਜਗਾਉਣ ਲਈ ਧੰਨਵਾਦ।

*ਗੁਰਬਚਨ ਸਿੰਘ ਭੁੱਲਰ,*
*ਦਿੱਲੀ*

-0-

ਕਲ੍ਹ ਮਿਲਿਆ ਸੀ ਵਰਿਆਮ ਤੇ ਅੱਜ ਪੜ੍ਹਿਆ '...ਤੇ ਢੋਲਕ ਵੱਜਦੀ ਰਹੀ'। ਪਹਿਲਾਂ ਵੀ ਪੜ੍ਹਿਆ ਸੀ ਇਹ ਲੇਖ। ਆਪ ਹੀ ਤਾਂ ਜ਼ੋਰ ਪਾ ਕੇ ਲਿਖਾਇਆ ਸੀ ਸਤਿਜੁਗ ਲਈ ਪਰ ਅੱਜ ਫੇਰ ਪੜ੍ਹ ਕੇ ਨਿਹਾਲ ਹੋ ਗਿਆ ਹਾਂ। ਉਹ ਦ੍ਰਿਸ਼ ਸਾਕਾਰ ਹੁੰਦੇ ਲਗੇ ਬਾਰ ਬਾਰ ਜਿਹੜੇ ਬਚਪਨ ਅਤੇ ਜਵਾਨੀ ਸਮੇਂ ਦੇਖੇ ਸਨ। ਪੜ੍ਹਦਿਆਂ ਪੜ੍ਹਦਿਆਂ ਜਿਥੇ ਇਕ ਬੰਨੇ ਪੂਰਾ ਇਤਿਹਾਸ ਸਾਕਾਰ ਹੋ ਕੇ ਦ੍ਰਿਸ਼ਟਮਾਨ ਹੁੰਦਾ ਸੀ—ਨਾਲ ਹੀ ਨਾਲ ਇਹਨਾਂ ਇਕ ਦੋ ਦਹਾਕਿਆਂ ਦੀ ਜੜਤਾ ਵੀ ਮੂੰਹ ਚਿੜੌਂਦੀ ਲਗਦੀ ਹੈ। ਕੀ ਸਾਂ ਤੇ ਕੀ ਹੋ ਗਏ ਹਾਂ। ਤੁਹਾਡਾ ਸੰਪਾਦਕੀ ਵੀ ਪੜ੍ਹਿਆ ਹੈ, ਪੰਜਾਬ ਦੀ ਫਿਜ਼ਾ ਨੂੰ ਧੁੰਨ ਦੀ ਉਡੀਕ ਹੈ। ਚੰਗਾ ਲਗਾ ਹੈ।

*ਅਮਰ ਭਾਰਤੀ*
*ਦਿੱਲੀ*

-0-

ਵਰਿਆਮ ਪਰਚੇ ਤੇ ਸਾਰੇ ਹੀ ਬਹੁਤ ਚੰਗੇ ਹੁੰਦੇ ਹਨ ਪਰ ਐਤਕੀਂ ਮਨ 'ਚ ਆਈ ਕਿ ਜ਼ਰੂਰ ਦੋ ਅੱਖਰ ਟੁੱਟੇ ਫੁੱਟੇ ਹਾਜ਼ਰ ਕਰਨੇ ਹਨ। ਸਭ ਤੋਂ ਪਹਿਲਾਂ (ਮਈ ੨੦੦੨ ਅੰਕ ਵਿਚ) ਸ੍ਰੀ ਸਤਿਗੁਰੂ ਜੀ ਵੱਲੋਂ "ਮੇਰਾ ਰਿਸ਼ਤਾ ਗੁਰਸਿਖੀ ਵਾਲਾ ਹੈ", ਇਹ ਹੁਕਮਨਾਮਾ ਪੜ੍ਹ ਕੇ ਮਨ ਨੂੰ ਬੜੀ ਹੀ ਖੁਸ਼ੀ ਹੋਈ ਹੈ, "ਤੇ ਢੋਲਕ ਵੱਜਦੀ ਰਹੀ" ਇਹ ਸਾਰਾ ਆਰਟੀਕਲ ਮੈਨੂੰ ਇਉਂ ਜਾਪਿਆ ਜਿਵੇਂ ਇਕ ਹੀ ਸਫਾ ਤੇ ਹੁੰਦਾ ਹੈ, ਮਨ ਨੂੰ ਬੜੀ ਹੀ ਤਰਾਵਤ ਆਈ ਹੈ.......ਵਰਿਆਮ ਸਿੰਘ ਸੰਧੂ ਜੀ ਦਾ ਲੇਖ ਪੜ੍ਹ ਕੇ ਮਲੰਮਲੀ ਵਿਸਮਾਦ ਵਿੱਚ ਪਾਠਕ ਆ ਜਾਂਦਾ ਹੈ। ਗੀਤ ਗ਼ਜ਼ਲਾਂ ਰੁਬਾਈਆਂ ਸਭ ਪੜ੍ਹਨ ਵਾਲੀਆਂ ਹੁੰਦੀਆਂ ਹਨ। ਜਦੋਂ ਦਲਬੀਰ ਸਿੰਘ ਤਰਸ ਅਸਟਰੇਲੀਆ ਵਾਲੇ ਦਾ ਗੀਤ ਪੜ੍ਹਿਆ, ਮੈਨੂੰ ਉਹਨਾਂ ਦੀ ੨੫-੩੦ ਸਾਲ ਪੁਰਾਣੀ ਯਾਦ ਆ ਗਈ ਜਦੋਂ ਸਤਿਜੁਗ ਅਖ਼ਬਾਰ ਦਾ ਸ਼ਿੰਗਾਰ ਹੁੰਦਾ ਸੀ। ਪਹਿਲੇ ਅੰਕ ਵਿਚ ਵੀ ਉਨ੍ਹਾ ਨੂੰ ਪੜ੍ਹਿਆ ਸੀ। ਬਹੁਤ-ਬਹੁਤ ਧੰਨਵਾਦ। ਸੁਵਰਨ ਸਿੰਘ ਵਿਰਕ ਨੇ ਤਾਂ ਕਮਾਲ ਹੀ ਕਰ ਦਿੱਤੀ ਹੈ। ਕਵਿਤਾ ਬਹੁਤ ਪੜ੍ਹੀਆਂ ਹਨ ਪਰ ਇਹਨਾਂ ਨੇ ੭੬ ਸੱਜਣਾਂ ਨੂੰ ਕਿਵੇਂ ਕਲਮਬੰਦ ਕੀਤਾ ਹੈ। ਮੇਰੀ ਉਹਨਾਂ ਨੂੰ ਪ੍ਰਣਾਮ ਹੈ।

ਬਹੁਤ ਹੀ ਵਧੀਆ ਲੇਖ ਟੀ.ਆਰ. ਸ਼ਰਮਾ ਜੀ ਵੱਲੋਂ 'ਕੀ ਪੰਜਾਬੀ ਖ਼ਤਮ ਹੋਣ ਦੇ ਕੰਢੇ ਤੇ ਹੈ' ਭਾਵੇਂ ਤੁਸਾਂ ਟ੍ਰਿਬਿਊਨ ਚੋਂ ਲਿਆ ਹੈ ਜੋ 'ਹਾਇ' ਦੀ ਵਿਆਖਿਆ ਕੀਤੀ ਹੈ ਬੜੀ ਹੀ ਸ਼ਲਾਘਾਯੋਗ ਹੈ। ਇਹ ਆਰਟੀਕਲ ਹਰ ਸਕੂਲ ਵਿਚ ਭੇਜੋ ਉਥੇ ਬੱਚੇ ਪੜ੍ਹਨ। ਪੰਜਾਬੀ ਮਾਂ ਬੋਲੀ ਦੀ ਰਾਖੀ ਇਸ ਤਰ੍ਹਾਂ ਹੋ ਸਕਦੀ ਹੈ। ਮੈਂ ਬੜਾ ਹੀ ਪਰਭਾਵਤ ਹੋਇਆ ਹਾਂ। ਦਵਿੰਦਰ ਸਿੰਘ ਗਿੱਲ ਜੀਆ ਨੱਥਾ ਜੀ ਵੱਲੋਂ ਜਿੰਨੇ ਵੀ ਲੇਖ ਹੁੰਦੇ ਹਨ ਬੜੇ ਹੀ ਖੋਜ ਭਰਪੂਰ ਨੇ। ਸ੍ਰੀ ਸਤਿਗੁਰੂ ਜੀ ਨੇ ਜੀਆ ਨਥਾ ਦੀ ਆਤਮਾ ਨੂੰ ਹੋਰ ਬਲਵਾਨ ਬਣਾ ਦਿੱਤਾ ਹੈ। ਬਲਦੇਵ ਮਾਧੋਪੁਰੀ ਨੇ "ਸ੍ਰੀ ਭੈਣੀ ਸਾਹਿਬ ਦਾ ਹੋਲਾ" ਲੇਖ ਬਹੁਤ ਹੀ ਸ਼ਾਨਦਾਰ ਲਿਖਿਆ ਹੈ। ਇਸ ਲੇਖ ਵਿਚੋਂ ਹੀ ਪਤਾ ਲਗਾ ਕਿ ਤੁਹਾਡੀ ਸਿਹਤ ਖਰਾਬ ਰਹੀ, ਪਰ ਤੁਹਾਡੀ ਗੈਰ ਹਾਜ਼ਰੀ ਦੀ ਜਗਹ ਬਹੁਤ ਹੀ ਸੋਹਣੀ ਨਿਭਾਈ। ਬਲਦੇਵ ਜੀ ਨੂੰ ਮੇਰੀ ਨਮਸਕਾਰ। ਉਸ ਨੇ ਸ੍ਰੀ ਭੈਣੀ ਸਾਹਿਬ ਦੇ ਹੋਲੇ ਸਮੇਂ ਹਰ ਇਕ ਵਕਤ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਕਵਰ ਕੀਤਾ ਹੈ ਅਤੇ ਆਪ ਵੀ ਵਕਤ ਕੱਢ ਕੇ ਸ੍ਰੀ ਸਤਿਗੁਰੂ ਜੀ ਨੂੰ ਪ੍ਰਣਾਮ ਕਰ ਆਇਆ ਹੈ। ਤੁਸੀਂ ਆਪਣੀ ਸਿਹਤ ਬਾਰੇ ਪੂਰਾ ਪਤਾ ਦੇਣਾ....ਮੇਰੀ ਸਿਹਤ ਦਿਨ ਬਦਿਨ ਠੀਕ ਹੋ ਰਹੀ ਹੈ। ਜਦੋਂ ਸਫਰ ਕੇ ਕਾਬਲ ਹੋਇਆ ਤਾਂ ਤੁਹਾਨੂੰ ਮਿਲਾਗਾਂ ਸਾਰਿਆ ਨੂੰ ਸਤਿ ਸ੍ਰੀ ਅਕਾਲ......

*ਕੇ. ਐਸ. ਭਮਰ*
*ਮੇਡਿਨ ਹੈਡ ਯੂ.ਕੇ*

-0-

*Our Motto : Best Quality of the Day*

## *High Class Gun Manufacturers*

## Single & Double Barrels



# 12-Bore GUNS


## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**


Oster®
CARDIGANS * PULLOVERS
Oster®
THE SPIRIT OF HIGH FASHION
CAPTURED BEAUTIFULLY BY
OSTER.
A WINTERWEAR SPECIALLY
DESIGNED AND CRAFTED BY
THE FINEST NATURAL FIBRES.
TO GIVE YOU PLEASURE
AND SMARTNESS.
LUDHIANA ( INDIA )
PHONES : 494123,494841,494851 FAX - 91 - 161 - 494131
DELHI - TELE/FAX : 2451301

Registered No. PB/JL-253/99 **MONTHLY WARIAM,** Ladowali Road, Jalandhar-144 001
Registered with the Registrar of News Papers for India No. 26453/.75 JUNE. 2002













ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ...